SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -11 ISSUE -42
January 25, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ 2023 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। (**ਹੋਰ ਜਾਣਕਾਰੀ ਲਈ ਦੇਖੋ ਸਫਾ 2**)

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ 2023 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ 19 ਫਰਵਰੀ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 5 ਮਾਰਚ 2023 ਦਿਨ ਐਤਵਾਰ, ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) 12 ਮਾਰਚ 2023 ਦਿਨ ਐਤਵਾਰ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 26 ਮਾਰਚ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਹੋਰ ਜਾਣਕਾਰੀ ਲਈ ਸਬੰਧਤ ਗੁਰੂ ਘਰਾਂ ਨਾਲ ਸੰਪਰਕ ਕਰੋ ਜੀ।

# ਗੋਲੀਬਾਰੀ ਦੀਆਂ ਘਟਨਾਵਾਂ ਨਾਲ ਫਿਰ ਹਿੱਲਿਆ ਅਮਰੀਕਾ

## ਇਕ ਹਫਤੇ ਵਿਚ 2 ਵਿਦਿਆਰਥੀਆਂ ਸਮੇਤ 11 ਦੀ ਮੌਤ

**ਕੈਲੀਫੋਰਨੀਆ (ਬਿਊਰੋ)**– ਅਮਰੀਕਾ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। 12 ਘੰਟਿਆਂ ਦੇ ਅੰਦਰ ਗੋਲੀਬਾਰੀ ਦੀਆਂ 3 ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ 'ਚ 2 ਵਿਦਿਆਰਥੀਆਂ ਸਮੇਤ 11 ਲੋਕਾਂ ਦੀ ਮੌਤ ਹੋ ਗਈ। ਗੋਲੀਬਾਰੀ ਦੀ ਤਾਜ਼ਾ ਘਟਨਾ ਨੇ ਪੂਰੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਤਮਾਮ ਕੋਸ਼ਿਸ਼ਾਂ ਤੋਂ ਬਾਅਦ ਵੀ ਇੱਥੇ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। 2 ਦਿਨ ਪਹਿਲਾਂ ਲਾਸ ਏਂਜਲਸ ਵਿਚ ਹੋਈ ਗੋਲੀਬਾਰੀ ਵਿਚ 11 ਲੋਕਾਂ ਦੀ ਮੌਤ ਹੋ ਗਈ ਸੀ। ਮੰਗਲਵਾਰ ਨੂੰ ਵੀ ਗੋਲੀਬਾਰੀ ਦੌਰਾਨ ਚਾਰ ਲੋਕਾਂ ਦੀ ਮੌਤ ਹੋ ਗਈ, ਪੰਜਵਾਂ ਜ਼ਖਮੀ ਹੋਇਆ ਅਤੇ ਤਿੰਨ ਹੋਰ ਕੁਝ ਦੂਰੀ ਤੇ ਹੀ ਅਜਿਹੀ ਘਟਨਾ ਦੌਰਾਨ ਮਾਰੇ ਗਏ। ਇਹ ਗੋਲੀਬਾਰੀ ਸਾਨ ਫਰਾਂਸਿਸਕੋ ਤੋਂ ਲਗਭਗ 30 ਮੀਲ (48 ਕਿਲੋਮੀਟਰ) ਦੱਖਣ ਵਿਚ ਸਥਿਤ ਸ਼ਹਿਰ ਹਾਫ ਮੂਨ ਬੇ ਦੇ ਬਾਹਰਵਾਰ ਹੋਈ। ਜਿੱਥੇ ਅਧਿਕਾਰੀਆਂ ਨੇ ਗੋਲੀਬਾਰੀ ਦੇ ਸਬੰਧ ਵਿੱਚ 67 ਸਾਲਾ ਚੁਨਲੀ ਝਾਓ ਨੂੰ ਗ੍ਰਿਫਤਾਰ ਕੀਤਾ ਹੈ।

ਅਮਰੀਕਾ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।



ਉੱਤਰੀ ਕੈਲੀਫੋਰਨੀਆ ਵਿੱਚ ਗੋਲੀਬਾਰੀ ਦੀਆਂ ਦੋ ਘਟਨਾਵਾਂ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਇੱਕ ਵਿਅਕਤੀ ਜ਼ਖਮੀ ਹੋ ਗਿਆ ਹੈ। ਇੱਥੇ ਹਾਫ ਮੂਨ ਬੇ ਏਰੀਆ 'ਚ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਪੁਲਿਸ ਦਾ ਕਹਿਣਾ ਹੈ ਕਿ ਹਾਫ ਮੂਨ ਬੇ ਏਰੀਆ ਵਿੱਚ ਹੋਈ ਇਸ ਘਟਨਾ ਦੇ ਸਬੰਧ ਵਿੱਚ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪਿਛਲੇ ਹਫਤੇ ਵੀ ਕੈਲੀਫੋਰਨੀਆ ਦੇ ਗੋਸ਼ੇਨ 'ਚ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਸੀ। ਇਸ ਦੌਰਾਨ ਇੱਕ ਬੱਚੇ ਸਮੇਤ 6 ਲੋਕਾਂ ਦੀ ਮੌਤ ਹੋ ਗਈ ਸੀ। ਪੁਲਿਸ ਨੇ ਇਸ ਨੂੰ ਟਾਰਗੇਟ ਕਿਲਿੰਗ ਦੱਸਿਆ ਹੈ।

ਅਮਰੀਕਾ ਦੇ ਆਇਓਵਾ ਵਿੱਚ ਇੱਕ ਸਕੂਲ ਵਿੱਚ ਗੋਲੀਬਾਰੀ ਦੀ ਘਟਨਾ ਵੀ ਸਾਹਮਣੇ ਆਈ ਹੈ। ਆਇਓਵਾ ਦੇ ਡੇਸ ਮੋਇਨੇਸ ਵਿੱਚ ਇੱਕ ਸਕੂਲ ਗੋਲੀਬਾਰੀ ਵਿੱਚ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਇੱਕ ਅਧਿਆਪਕ ਜ਼ਖਮੀ ਹੋ ਗਿਆ। ਗੋਲੀਬਾਰੀ ਦੀ ਘਟਨਾ ਤੋਂ ਬਾਅਦ ਕਈ ਸ਼ੱਕੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਘਟਨਾ ਸਬੰਧੀ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਹਮਲਾ ਸੋਚ ਸਮਝ ਕੇ ਕੀਤਾ ਗਿਆ। ਇਹ ਟਾਰਗੇਟ ਕਿਲਿੰਗ ਹੈ। ਹਾਲਾਂਕਿ ਇਸ ਦੇ ਪਿੱਛੇ ਕੀ ਮਕਸਦ ਸੀ, ਇਸ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

# ਸਿਰਫ ਪੰਜਾਬ ਦੀਆਂ ਔਰਤਾਂ ਨੂੰ ਹੀ ਹੋਵੇਗਾ 33 ਫੀਸਦੀ ਰਾਖਵੇਂਕਰਨ ਦਾ ਹੱਕ

**ਚੰਡੀਗੜ੍ਹ (ਬਿਊਰੋ)** ਪੰਜਾਬ ਦੀ ਸਰਕਾਰੀ ਨੌਕਰੀ 'ਚ ਗਰੁੱਪ-ਏ,ਬੀ,ਸੀ ਤੇ ਡੀ 'ਚ ਔਰਤਾਂ ਲਈ ਜੋ 33 ਫ਼ੀਸਦੀ ਰਾਖਵਾਂਕਰਨ ਦਿੱਤੇ ਜਾਣ ਦਾ ਪੰਜਾਬ ਸਰਕਾਰ ਨੇ ਜੋ ਫ਼ੈਸਲਾ ਲਿਆ ਹੈ, ਉਹ ਸਿਰਫ਼ ਪੰਜਾਬ ਦੀਆਂ ਔਰਤਾਂ ਲਈ ਹੈ।

ਬਾਹਰੀ ਸੂਬਿਆਂ ਦੀਆਂ ਔਰਤਾਂ ਲਈ ਇਹ ਰਾਖਵਾਂਕਰਨ ਨਹੀਂ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਿੰਨ ਵੱਖ-ਵੱਖ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਇਹ ਤੈਅ ਕਰ ਦਿੱਤਾ ਹੈ।

ਜਸਟਿਸ ਅਨਿਲ ਖੇਤਰਪਾਲ ਨੇ ਇਨ੍ਹਾਂ ਪਟੀਸ਼ਨਾਂ 'ਤੇ ਆਪਣਾ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਪੰਜਾਬ ਕੈਬਨਿਟ ਦੀ 18 ਮਾਰਚ 2017 ਨੂੰ ਹੋਈ ਬੈਠਕ 'ਚ ਇਹ ਫ਼ੈਸਲਾ ਲਿਆ ਗਿਆ ਸੀ, ਜਿਸ ਤੋਂ ਬਾਅਦ 2020 'ਚ ਇਸ ਨੂੰ ਨੋਟੀਫਾਈ ਕਰ ਦਿੱਤਾ ਸੀ। ਇਸ ਖ਼ਿਲਾਫ਼ ਬਾਹਰੀ ਸੂਬਿਆਂ ਦੀਆਂ ਔਰਤਾਂ




ਨੇ ਪਟੀਸ਼ਨ ਪਾਈ ਸੀ ਕਿ ਜੋ ਨਿਯਮ ਬਣਾਏ ਗਏ ਸਨ, ਉਨ੍ਹਾਂ 'ਚ ਕਿਤੇ ਵੀ ਇਹ ਤੈਅ ਨਹੀਂ ਸੀ ਕਿ ਬਾਹਰੀ ਸੂਬਿਆਂ ਦੀਆਂ ਔਰਤਾਂ ਨੂੰ ਇਸ ਤਹਿਤ ਰਾਖਵਾਂਕਰਨ ਨਹੀਂ ਮਿਲ ਸਕਦਾ। ਇਸ ਬਾਰੇ ਸਪੱਸ਼ਟੀਕਰਨ ਬਾਅਦ 'ਚ ਆਇਆ ਸੀ। ਇਸ ਲਈ ਉਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਵਿਭਾਗਾਂ 'ਚ ਜੂਨੀਅਰ ਇੰਜੀਨੀਅਰ (ਸਿਵਲ) ਦੇ ਅਹੁਦੇ 'ਤੇ ਨਿਯੁਕਤੀ ਪ੍ਰਕਿਰਿਆ 'ਚ ਸ਼ਾਮਲ ਕੀਤਾ ਜਾਵੇ। ਇਸ 'ਤੇ ਹਾਈ ਕੋਰਟ ਨੇ ਕਿਹਾ ਕਿ ਕੈਬਨਿਟ ਦੀ ਬੈਠਕ 'ਚ ਇਹੋ ਫ਼ੈਸਲਾ ਲਿਆ ਗਿਆ ਸੀ। ਚਾਹੇ ਬਾਅਦ 'ਚ ਨਿਯਮ ਬਣਾਉਂਦਿਆਂ ਕੁਝ ਤਰੁੱਟੀ ਰਹਿ ਗਈ ਸੀ ਪਰ ਇਸ ਤਰੁੱਟੀ ਨੂੰ ਪਹਿਲਾਂ 29 ਜਨਵਰੀ 2021 ਅਤੇ ਫਿਰ ਫਰਵਰੀ 2022 'ਚ ਸਪੱਸ਼ਟੀਕਰਨ ਦੇ ਕੇ ਤੈਅ ਕਰ ਦਿੱਤਾ ਗਿਆ। ਹਾਈ ਕੋਰਟ ਨੇ ਕਿਹਾ ਕਿ ਇਸ ਲਈ ਸਰਕਾਰ ਦਾ ਫ਼ੈਸਲਾ ਸਹੀ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355
www.srigururavidasstemple.com

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ




## ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਫਰਵਰੀ 3, 4, 5, 2023

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ, 2023 ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

### Programs

**ARAMBH SHRI AKHAND PATH February 3, 2023 (Friday) 9:30 AM**
**Nishan Sahib Hoisting Ceremony**
**PARBHAT PHERI - February 4, 2023 (Saturday) at 7:00 AM.**
**Nishan Sahib Hoisting Ceremony February 4, 2023 (Saturday) at 11:00 AM.**
**(Nishan Sahib Chola sewa by Bhai Balbir Bagha and Bibi Manjit Bagha)**
**BHOG SHRI AKHAND PATH February 5, 2023 (Sunday) 9:30 AM,**
**KIRTAN DIWAN After Bhog Ceremony until 2:00 PM**

Sangat will perform Langer and Path Sewa for this program. Jatha of **Giani Balwinder Singh ji's**, Dhadi Jatha of **Bhai Sukhwinder Singh 'Bilge-Wale'** and other Kirtankars will enhance the Kirtan Diwan along with distinguished Speakers and community leaders well versed with life and teachings of Satguru Ravidass ji. We need volunteers to help with this event. For STALLS or any SEWA, please contact :

**Vinod Kumar (President) 408- 718-2506, Kulwant Banga (Chairperson) 925-698-3059.**

We need your help and support.

**"NANAK NAM CHARDI KALA TERE BHANE SARBAT DA BHALA"**



ਫਾਇਲ ਚਿੱਤਰ

**Sangat Sewadars**

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥



## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

## 646 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਯੋਗ ਨਾਲ

# ਵਿਸ਼ੇਸ਼ ਗੁਰਮਤ ਸਮਾਗਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 3 ਫਰਵਰੀ ਦਿਨ ਸ਼ੁੱਕਰਵਾਰ 2023 ਸਵੇਰੇ 10.00 ਵਜੇ
ਰੈਣ ਸਵਾਈ ਕੀਰਤਨ ਦਰਬਾਰ 4 ਸ਼ਨੀਵਾਰ 2023 ਸ਼ਾਮ 6:00 ਤੋਂ 12:00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਫਰਵਰੀ ਦਿਨ ਐਤਵਾਰ 2023 ਸਵੇਰੇ 10.00 ਵਜੇ

ਸਮਾਗਮ ਵਿੱਚ ਪੁੱਜ ਰਹੇ ਕੀਰਤਨੀ ਅਤੇ ਢਾਡੀ ਪ੍ਰਚਾਰਕ ਗੁਰਬਾਣੀ ਕੀਰਤਨ ਅਤੇ ਗੁਰਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਢਾਡੀ ਭਾਈ ਗੁਰਨਾਮ ਸਿੰਘ ਜੀ ਭੰਡਾਲ



ਭਾਈ ਗੁਰਦਿਆਲ ਸਿੰਘ ਜੀ ਹਜੂਰੀ ਰਾਗੀ ਜੱਥਾ



ਭਾਈ ਆਤਮਜੋਤ ਸਿੰਘ ਜੀ



ਭਾਈ ਨੀਰੰਜਨ ਸਿੰਘ ਜੀ



ਭਾਈ ਕੁਲਵਿੰਦਰ ਸਿੰਘ ਜੀ

**ਸੇਵਾ ਕਰਨ ਲਈ ਸੰਪਰਕ ਕਰੋ ।**

ਸ਼ਿਗਾਰਾ ਸਿੰਘ ਰੱਲ (ਪ੍ਰਧਾਨ) 530 713 1823 / ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530 218 4468

| ਹੈਡ ਗ੍ਰੰਥੀ | ਗੁਰੂਘਰ ਦਾ ਫੋਨ ਨੰਬਰ: |
|---|---|
| ਭਾਈ ਗੁਰਦਿਆਲ ਸਿੰਘ-530 441 4165 | 530 674 2564 |

ਇਸ ਸਮਾਗਮ ਦੀ ਸਮੁੱਚੀ ਸੇਵਾ ਸ਼ਿੰਗਾਰਾ ਸਿੰਘ ਰੱਲ (ਪ੍ਰਧਾਨ) ਸਮੂਹ ਪਰਿਵਾਰ ਵੱਲੋਂ ਕਰਵਾਈ ਜਾ ਰਹੀ ਹੈ

**ਨਿਸ਼ਾਨ ਸਾਹਿਬ ਜੀ ਦੀ ਸੇਵਾ 4 ਫ਼ਰਵਰੀ ਸ਼ਾਮ ਨੂੰ 4 ਵਜੇ ਕੀਤੀ ਜਾਵੇਗੀ**

ਨਗਰ ਕੀਰਤਨ 9 ਅਪ੍ਰੈਲ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਜਾਇਆ ਜਾ ਰਿਹਾ ਹੈ ।

# SHRI GURU RAVIDASS TEMPLE

## 1480 HAYNE AVE YUBA CITY, CA 95993

# ਸੈਨ ਫਰਾਂਸਿਸਕੋ, ਕੈਲੀਫੋਰਨੀਆ ਵਿੱਚ ਦੋ ਥਾਈਂ ਗੋਲੀਬਾਰੀ ਵਿੱਚ ਸੱਤ ਲੋਕ ਮਾਰੇ ਗਏ ਅਤੇ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਅਮਰੀਕਾ ਵਿੱਚ ਨਿੱਤ ਦਿਨ ਗੋਲੀਬਾਰੀ ਦੀਆਂ ਘਟਨਾਵਾਂ ਚ ਵਾਧਾ ਹੋਇਆ ਹੈ ਤੇ ਅੱਜ ਵੀ ਗੋਲੀਬਾਰੀ ਦੌਰਾਨ ਚਾਰ ਲੋਕਾਂ ਦੀ ਮੌਤ ਹੋ ਗਈ, ਪੰਜਵਾਂ ਜ਼ਖਮੀ ਹੋਇਆ ਅਤੇ ਤਿੰਨ ਹੋਰ ਕੁਝ ਦੂਰੀ ਤੇ ਹੀ ਅਜਿਹੀ ਘਟਨਾ ਦੌਰਾਨ ਮਾਰੇ ਗਏ। ਇਹ ਗੋਲੀਬਾਰੀ ਸਾਨ ਫਰਾਂਸਿਸਕੋ ਤੋਂ ਲਗਭਗ 30 ਮੀਲ (48 ਕਿਲੋਮੀਟਰ) ਦੱਖਣ ਵਿਚ ਸਥਿਤ ਸ਼ਹਿਰ ਹਾਫ ਮੂਨ ਬੇ ਦੇ ਬਾਹਰਵਾਰ ਹੋਈ। ਜਿੱਥੇ ਅਧਿਕਾਰੀਆਂ ਨੇ ਗੋਲੀਬਾਰੀ ਦੇ ਸਬੰਧ ਵਿੱਚ 67 ਸਾਲਾ ਚੁਨਲੀ ਝਾਓ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕ-ਾਰੀਆਂ ਦਾ ਮੰਨਣਾ ਹੈ ਕਿ ਝਾਓ ਇੱਕ ਨਰਸਿੰਗ ਹੋਮ ਵਿੱਚ ਕਰਮਚਾਰੀ ਸੀ ਅਤੇ ਪੀੜਤ ਵੀ ਨਰਸਿੰਗ ਹੋਮ ਚ ਕੰਮ ਕਰਦੇ ਸਨ। ਕਾਰਪਸ ਨੇ ਕਿਹਾ ਕਿ ਨਰਸਿੰਗ ਹੋਮ ਵਿੱਚ ਕੁਝ ਕਰਮਚਾਰੀ ਇਮਾਰਤ ਵਿੱਚ ਰਹਿੰਦੇ ਸਨ ਜਿੱਥੇ ਬੱਚਿਆਂ ਨੇ ਵੀ ਗੋਲੀਬਾਰੀ ਹੁੰਦੀ ਦੇਖੀ । ਕਾਰਪਸ ਨੇ ਅੱਗੇ ਕਿਹਾ ਕਿ ਅਧਿਕਾਰੀਆਂ ਨੇ ਗੋਲੀਬਾਰੀ ਲਈ ਕੋਈ ਕਾਰਣ ਨਹੀਂ ਦੱਸਿਆ, ਹਾਲਾਂਕਿ ਕਾਉਂਟੀ ਬੋਰਡ ਆਫ ਸੁਪਰਵਾਈਜ਼ਰਜ਼ ਦੇ ਪ੍ਰਧਾਨ ਡੇਵ ਪਾਈਨ ਨੇ ਸ਼ੱਕੀ ਨੂੰ ਅਸੰਤੁਸ਼ਟ ਵਰਕਰ ਦੱਸਿਆ ਹੈ। ਇਹ ਗੋਲੀਬਾਰੀ ਇਸ ਸਾਲ ਦੇਸ਼ ਦੀ ਛੇਵੀਂ ਸਮੂਹਿਕ ਗੋਲਾਬਾਰੀ ਸੀ । ਦੱਖਣੀ ਕੈਲੀਫੋਰਨੀਆ ਵਿਚ ਇੱਕ ਬਾਲਰੂਮ ਡਾਂਸ ਹਾਲ ਵਿੱਚ ਸ਼ਨੀਵਾਰ ਦੇਰ ਰਾਤ 11 ਲੋਕਾਂ ਦੀ ਹੱਤਿਆ ਤੋਂ ਬਾਅਦ ਦੀ ਇਹ ਦੂਜੀ ਭਿਆਨਕ ਗੋਲੀਬਾਰੀ ਹੈ। ਸ਼ੈਰਿਫ ਦੇ ਦਫਤਰ ਨੂੰ ਸਭ ਤੋਂ ਪਹਿਲਾਂ ਇਸ ਗੋਲਾਬਾਰੀ ਬਾਰੇ ਦੁਪਹਿਰ 2:30 ਵਜੇ ਤੋਂ ਪਹਿਲਾਂ ਗੋਲੀਬਾਰੀ ਦੀ ਰਿਪੋਰਟ ਮਿਲੀ ਸੀ। ਕੈਪਟਨ ਈਮਨ ਐਲਨ ਨੇ ਇੱਕ ਨਿਊਜ਼ ਰਿਲੀਜ਼ ਵਿੱਚ ਕਿਹਾ ਕਿ, ਪਹਿਲੇ ਸੀਨ 'ਤੇ ਚਾਰ ਲੋਕਾਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਅਤੇ ਪੰਜਵਾਂ ਜ਼ਖਮੀ ਵਿਅਕਤੀ ਮਿਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ, ਅਧਿਕਾਰੀਆਂ ਨੇ ਨਜ਼ਦੀਕੀ ਇੱਕ ਦੂਜੇ ਸਥਾਨ 'ਤੇ ਤਿੰਨ ਹੋਰ ਲੋਕਾਂ ਨੂੰ ਗੋਲੀ ਲੱਗਣ ਕਾਰਨ ਮਰੇ ਹੋਏ ਪਾਇਆ।





ਇੱਕ ਸ਼ੈਰਿਫ ਦੇ ਡਿਪਟੀ ਨੇ ਹਾਫ ਮੂਨ ਬੇ ਵਿੱਚ ਇੱਕ ਸ਼ੈਰਿਫ ਦੇ ਸਟੇਸ਼ਨ 'ਤੇ ਸ਼ੱਕੀ, ਝਾਓ ਨੂੰ ਆਪਣੀ ਕਾਰ ਵਿੱਚ ਦੇਖਿਆ। ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉਸ ਦੀ ਗੱਡੀ ਵਿਚੋਂ ਇਕ ਹਥਿਆਰ ਬਰਾਮਦ ਹੋਇਆ।

ਸ਼ੈਰਿਫ ਵਿਭਾਗ ਦਾ ਮੰਨਣਾ ਹੈ ਕਿ ਉਸਨੇ ਇਕੱਲੇ ਕੰਮ ਕੀਤਾ। ਕਾਂਗਰਸਮੈਨ ਸੇਨ ਜੋਸ਼ ਬੇਕਰ ਨੇ ਕਿਹਾ ,ਅਸੀਂ ਅਜੇ ਵੀ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਸਲ ਵਿੱਚ ਕੀ ਹੋਇਆ ਅਤੇ ਕਿਉਂ, ਪਰ ਇਹ ਸਿਰਫ਼ ਅਵਿਸ਼ਵਾਸ਼ਯੋਗ 'ਤੇ ਦੁਖਦਾਈ ਹੈ। ਹਾਫ ਮੂਨ ਬੇ ਇੱਕ ਛੋਟਾ ਤੱਟਵਰਤੀ ਸ਼ਹਿਰ ਹੈ ਜਿਸ ਵਿੱਚ ਖੇਤੀਬਾੜੀ ਕਰਦੇ ਹੁਣ ਤੱਕ ਲਗਭਗ 12,000 ਲੋਕਾਂ ਦਾ ਘਰ ਹੈ। ਸ਼ਹਿਰ ਅਤੇ ਆਲੇ-ਦੁਆਲੇ ਦੇ ਸੈਨ ਮਾਟੇਓ ਕਾਉਂਟੀ ਖੇਤਰ ਫੁੱਲਾਂ ਦੇ ਨਾਲ-ਨਾਲ ਬ੍ਰਸੇਲ ਸਪਾਉਟ ਵਰਗੀਆਂ ਸਬਜ਼ੀਆਂ ਪੈਦਾ ਕਰਨ ਲਈ ਜਾਣਿਆ ਜਾਂਦਾ ਹੈ ਤੇ ਇਸ ਦੇ ਨਾਲ ਹੀ ਕਾਉਂਟੀ ਕੁਝ ਖੇਤਰਾਂ ਵਿੱਚ ਭੰਗ ਦੀ ਖੇਤੀ ਦੀ ਆਗਿਆ ਵੀ ਦਿੰਦਾ ਹੈ। ਜਨਗਣਨਾ ਦੇ ਅੰਕੜਿਆਂ ਅਨੁਸਾਰ, ਇਹ ਬਹੁਗਿਣਤੀ ਗੋਰਾ ਭਾਈਚਾਰਾ ਹੈ ਅਤੇ ਆਬਾਦੀ ਦਾ ਲਗਭਗ 5% ਏਸ਼ੀਆਈ ਹੈ। ਪਾਈਨ ਨੇ ਕਿਹਾ, "ਅਸੀਂ ਹਾਫ ਮੂਨ ਬੇ ਵਿੱਚ ਅੱਜ ਦੀ ਤ੍ਰਾਸਦੀ ਤੋਂ ਦੁਖੀ ਹਾਂ" ਇਹ ਬੰਦੂਕ ਦੀ ਹਿੰਸਾ ਬੰਦ ਹੋਣੀ ਚਾਹੀਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਸਮ ਨੇ ਟਵੀਟ 'ਚ ਕਿਹਾ, ਉਹ "ਇੱਕ ਸਮੂਹਿਕ ਗੋਲੀਬਾਰੀ ਦੇ ਪੀੜਤਾਂ ਨਾਲ ਹਸਪਤਾਲ ਦੀ ਮੀਟਿੰਗ ਵਿੱਚ ਸੀ ਜਦੋਂ ਮੈਨੂੰ ਇਸ ਹੋਰ ਗੋਲੀਬਾਰੀ ਬਾਰੇ ਜਾਣਕਾਰੀ ਮਿਲੀ।

# ਨਵਜੋਤ ਸਿੱਧੂ ਦੀ ਰਿਹਾਈ 'ਤੇ ਸਸਪੈਂਸ ਬਰਕਰਾਰ, ਫਾਈਲ ਹਾਲੇ ਰਾਜਪਾਲ ਤੱਕ ਨਹੀਂ ਪਹੁੰਚੀ

**ਚੰਡੀਗੜ੍ਹ–** ਗਣਤੰਤਰ ਦਿਵਸ ਮੌਕੇ ਪੰਜਾਬ ਦੀਆਂ ਜੇਲ੍ਹਾਂ 'ਚੋਂ ਰਿਹਾਅ ਹੋਣ ਵਾਲੇ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਮੇਤ ਕੈਦੀਆਂ ਦੀ ਰਿਹਾਈ 'ਤੇ ਸ਼ੱਕ ਬਰਕਰਾਰ ਹੈ। ਕਾਰਨ ਇਹ ਹੈ ਕਿ ਜੇਲ੍ਹ ਵਿਭਾਗ ਨੇ ਰਿਹਾਅ ਕੀਤੇ ਜਾਣ ਵਾਲੇ 51 ਕੈਦੀਆਂ ਦੀ ਸੂਚੀ ਤਿਆਰ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜ ਦਿੱਤੀ ਹੈ ਪਰ ਮਾਨ ਨੇ ਅਜੇ ਤੱਕ ਇਹ ਫਾਈਲ ਰਾਜਪਾਲ ਨੂੰ ਨਹੀਂ ਭੇਜੀ। ਜੇਕਰ ਸਿੱਧੂ ਨੂੰ 26 ਜਨਵਰੀ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਉਹ 30 ਜਨਵਰੀ ਨੂੰ ਸ੍ਰੀਨਗਰ ਵਿੱਚ ਸਮਾਪਤ ਹੋਣ ਵਾਲੀ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਲ ਨਹੀਂ ਹੋ ਸਕਣਗੇ। ਕਾਂਗਰਸ ਹਾਈਕਮਾਂਡ ਨੇ ਉਨ੍ਹਾਂ ਨੂੰ ਯਾਤਰਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਸਿੱਧੂ ਨੂੰ 1988 ਦੇ ਰੋਡ ਰੇਜ ਕੇਸ ਵਿੱਚ ਇੱਕ ਸਾਲ ਦੀ ਸਜ਼ਾ ਹੋਈ ਸੀ ਅਤੇ ਉਹ ਪਟਿਆਲਾ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ। ਪੰਜਾਬ ਸਰਕਾਰ ਦੇ ਇੱਕ ਉੱਚ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਕੈਦੀਆਂ ਦੀ ਰਿਹਾਈ ਦੀ ਫਾਈਲ ਰਾਜਪਾਲ ਤੱਕ ਨਹੀਂ ਪਹੁੰਚੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦਾ ਇਹ ਵੀ



ਕਹਿਣਾ ਹੈ ਕਿ ਆਜ਼ਾਦੀ ਦਿਹਾੜੇ 'ਤੇ ਜਦੋਂ ਇਹ ਫਾਈਲ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੂੰ ਭੇਜੀ ਗਈ ਸੀ ਤਾਂ ਉਨ੍ਹਾਂ ਨੇ ਇਹ ਕਹਿ ਕੇ ਵਾਪਸ ਕਰ ਦਿੱਤੀ ਸੀ ਕਿ ਹਰੇਕ ਕੈਦੀ ਦੀ ਫਾਈਲ ਨੂੰ ਕੈਬਨਿਟ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਵੱਖਰੇ ਤੌਰ 'ਤੇ ਭੇਜਿਆ ਜਾਵੇ। ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਕਿਹੜਾ ਕੈਦੀ, ਕਿਸ ਅਪਰਾਧ ਲਈ, ਕਿੰਨੀ ਸਜ਼ਾ ਭੁਗਤ ਰਿਹਾ ਹੈ ਅਤੇ ਜੇਲ੍ਹ ਵਿਚ ਉਸ ਦਾ ਵਿਵਹਾਰ ਕਿਹੋ ਜਿਹਾ ਹੈ। ਇਸ ਤੋਂ ਬਾਅਦ ਕੈਬਿਨੇਟ ਤੋਂ ਮਨਜ਼ੂਰੀ ਲੈ ਕੇ ਅਜਿਹੀਆਂ ਕਈ ਫਾਈਲਾਂ ਸੁਤੰਤਰਤਾ ਦਿਵਸ 'ਤੇ ਰਾਜਪਾਲ ਨੂੰ ਭੇਜੀਆਂ ਗਈਆਂ ਸਨ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street, Union City, California 94587



ਗੁਰੂ ਪਿਆਰੀ ਸਾਧ ਸੰਗਤ ਜੀਓ,
ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਆਜ਼ਾਦੀ ਘੁਲਾਟੀਏ ਅਤੇ ਆਦਿ ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 138ਵਾਂ ਜਨਮ ਦਿਹਾੜਾ 29 ਜਨਵਰੀ 2023 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਮੋਕੇ ਰਸਭਿੰਨਾ ਸ਼ਬਦ ਗਾਇਨ ਹੋਵੇਗਾ ਅਤੇ ਇਸ ਮੌਕੇ ਬੁਲਾਰੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਸੰਘਰਸ਼ ’ਤੇ ਚਾਨਣਾ ਪਾਉਣਗੇ।

ਵਿਨੋਦ ਕੁਮਾਰ ਚੁੰਬਰ (ਚੇਅਰਮੈਨ) 510-953-9800
ਰਾਮ ਲੁਭਾਇਆ (ਪ੍ਰਧਾਨ) 408-449-1105
ਨਰੇਸ਼ ਕੁਮਾਰ (ਜਨਰਲ ਸਕੱਤਰ) 510-857-4551
ਸੋਹਨ ਲਾਲ (ਖਜਾਨਚੀ) 510-200-6649

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ ’ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649

ਦੇਸ਼ ਦੁਆਬਾ

# ਗਣਤੰਤਰ ਦਿਵਸ ਅਤੇ ਭਾਰਤੀ ਸੰਵਿਧਾਨ

26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਣ ਦੇ ਨਾਲ ਹੀ ਭਾਰਤ ਦੇ ਹਰੇਕ ਨਾਗਰਿਕ ਨੂੰ ਬਰਾਬਰੀ ਦਾ ਦਰਜਾ ਅਤੇ ਬਰਾਬਰ ਦੇ ਅਧਿਕਾਰ ਮਿਲੇ। ਭਾਰਤੀ ਸੰਵਿਧਾਨ ਦੁਨੀਆਂ ਦੇ ਉਹਨਾਂ ਆਦਰਸ਼ ਸੰਵਿਧਾਨਾਂ ਵਿਚੋਂ ਇਕ ਹੈ, ਜਿਸ ਨੇ ਦੁਨੀਆਂ ਦੀ ਸਭ ਤੋਂ ਵੱਡੀਆਂ ਸਮਾਜਿਕ, ਰਾਜਨੀਤਿਕ, ਆਰਥਿਕ ਕ੍ਰਾਂਤੀਆਂ ਵਿਚੋਂ ਇਕ ਮੰਨੀ ਜਾਂਦੀ ਭਾਰਤੀ ਸਮਾਜ ਅੰਦਰ ਜਾਤੀਪਾਤੀ ਸਿਸਟਮ ਨੂੰ ਬਦਲਣ 'ਚ ਕ੍ਰਾਂਤੀ ਲਿਆਂਦੀ। ਸਦੀਆਂ ਤੋਂ ਰਾਜਾਸ਼ਾਹੀ ਅਤੇ ਵਿਦੇਸ਼ੀ ਹੁਕਮਰਾਨਾਂ ਦੀ ਭੰਨੀ ਭਾਰਤੀ ਜਨਤਾ ਨੂੰ ਭਾਰਤੀ ਸੰਵਿਧਾਨ ਨੇ ਇਹ ਅਹਿਸਾਸ ਕਰਵਾਇਆ ਕਿ ਉਹ ਕਿਸੇ ਦੇ ਗੁਲਾਮ ਨਹੀਂ ਅਤੇ ਹੁਣ ਗੁਲਾਮਾਂ ਦੇ ਵੀ ਗੁਲਾਮ ਹਨ। ਸੰਵਿਧਾਨ ਨੇ ਭਾਰਤ ਦੇ ਹਰੇਕ ਵਿਅਕਤੀ ਨੂੰ ਇਕ ਬਰਾਬਰ ਕਰ ਦਿੱਤਾ। ਭਾਰਤ ਵਿਚ ਰਾਜੇ ਦਾ ਨਹੀਂ ਬਲਕਿ ਜਨਤਾ ਦਾ ਰਾਜ ਲਿਆਂਦਾ ਅਤੇ ਇਸ ਨੇ ਰਾਜੇ ਅਤੇ ਰੰਕ ਨੂੰ ਇਕ ਕਤਾਰ ਵਿਚ ਲਿਆ ਖੜ੍ਹਾ ਕੀਤਾ। ਹੁਣ ਰਾਜਿਆਂ ਦੇ ਘਰ ਰਾਜੇ ਨਹੀਂ ਜੰਮ ਸਕਣਗੇ।

ਭਾਰਤੀ ਸੰਵਿਧਾਨ ਨੇ ਭਾਰਤੀ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਖਤਮ ਕਰਨ ਲਈ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਭਾਰਤ ਦੀ ਦੱਬੀ-ਕੁਚਲੀ ਇਕ ਤਿਹਾਈ ਆਬਾਦੀ ਨੂੰ ਆਜ਼ਾਦ ਫਿਜ਼ਾ ਵਿਚ ਵਿੱਚਰਨ ਦਾ ਮੌਕਾ ਮਿਲਿਆ। ਸਮਾਜ ਵਿਚ ਫੈਲੀ ਜਾਤ-ਪਾਤ, ਛੂਤ-ਛਾਤ, ਆਰਥਿਕ ਸਮਾਜਿਕ ਨਾਬਰਾਬਰੀ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਵੱਡੀ ਪੁਲਾਂਘ ਪੁੱਟੀ ਗਈ। ਦੁਨੀਆਂ ਭਰ ਦੇ ਮੁਲਕਾਂ ਨਾਲੋਂ ਭਾਰਤੀ ਸੰਵਿਧਾਨ ਵਿਸਥਾਰਿਤ ਅਤੇ ਹਰ ਵਰਗ, ਪ੍ਰਸ਼ਾਸਨ ਦੇ ਹਰ ਖੇਤਰ ਅਤੇ ਸਰਕਾਰ ਨੂੰ ਕੰਟਰੋਲ ਕਰਦਾ ਹੈ। ਜਨਤਾ ਅਤੇ ਸਰਕਾਰ ਵਿਚਕਾਰ ਤਵਾਜਨ ਬਣਾ ਕੇ ਚੱਲਣ ਦੀ ਨੀਤੀ ਉਲੀਕਦੇ ਭਾਰਤੀ ਸੰਵਿਧਾਨ ਦੇ ਜਨਮਦਾਤਾ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਨੇ ਸੰਵਿਧਾਨ ਦਾ ਨਿਰਮਾਣ ਕਰਨ ਤੋਂ ਪਹਿਲਾਂ ਦੁਨੀਆਂ ਭਰ ਦੇ ਸੰਵਿਧਾਨਾਂ ਅਤੇ ਸਿਸਟਮਾਂ ਦੀ ਪੜਚੋਲ ਕੀਤੀ। ਜਨਤਾ ਦੀਆਂ ਮੁਸ਼ਕਿਲਾਂ, ਜਨਤਾ ਦੇ ਹੱਥਾਂ ਵਿਚ ਤਾਕਤ ਪਹੁੰਚਾਉਣੀ, ਜਨਤਾ ਨੂੰ ਸ਼ਾਸ਼ਕਾਂ ਦੇ ਨੱਕ ਵਿਚ ਨਕੇਲ ਪਾਉਣ ਦੀ ਤਾਕਤ ਦੇਣ ਵਾਲਾ ਲਚਕੀਲਾ ਅਤੇ ਕਠੋਰ ਦੋਵੇਂ ਕਿਸਮ ਦਾ ਸੰਵਿਧਾਨ ਕਰਨ ਲਈ ਡਾ. ਅੰਬੇਡਕਰ ਨੂੰ ਸਖਤ ਮਿਹਨਤ ਕਰਨੀ ਪਈ। ਭਾਰਤ ਆਪਣੀਆਂ ਸਮਾਜਿਕ ਬੁਰਾਈਆਂ ਨੂੰ ਪਛਾੜ ਕੇ ਕਿਸ ਤਰ੍ਹਾਂ ਬਰਾਬਰੀ ਵਾਲੇ ਸਮਾਜ ਵੱਲ ਵਧੇ, ਇਸ ਪੱਖੋਂ ਸਮਾਜ ਦੇ ਦੱਬੇ-ਕੁਚਲੇ ਲਤਾੜੇ ਵਰਗ ਨੂੰ ਆਰਥਿਕ ਪੱਖੋਂ ਉਚਾ ਚੁੱਕਣ ਦੀ ਵਿਵਸਥਾ ਕੀਤੀ ਗਈ।

ਅੱਜ ਭਾਰਤੀ ਸੰਵਿਧਾਨ ਦੁਨੀਆਂ ਭਰ ਲਈ ਆਦਰਸ਼ ਸੰਵਿਧਾਨ ਮੰਨਿਆ ਜਾਂਦਾ ਹੈ। ਬੇਸ਼ੱਕ ਭਾਰਤੀ ਸੰਵਿਧਾਨ ਨੂੰ ਵਿਗਾੜਨ ਵਾਲੀਆਂ ਤਾਕਤਾਂ ਸਰਗਰਮ ਹਨ ਪਰ ਭਾਰਤੀ ਨਾਗਰਿਕ ਜੇਕਰ ਜਾਗਰੂਕ ਰਹਿੰਦਾ ਹੈ, ਆਪਣੇ ਹੱਕਾਂ ਨੂੰ ਸਮਝਦਾ-ਪਛਾਣਦਾ ਹੈ ਅਤੇ ਸੰਵਿਧਾਨ ਦੇ ਆਦਰਸ਼ਾਂ ਪ੍ਰਤੀ ਚੌਕਸ ਰਹਿੰਦਾ ਹੈ ਤਾਂ ਸਮੇਂ ਦੀਆਂ ਫਿਰਕੂ ਤਾਕਤਾਂ ਦੀਆਂ ਸੰਵਿਧਾਨ ਵਿਗਾੜਨ ਦੀਆਂ ਕੋਸ਼ਿਸ਼ਾਂ ਨਾਕਾਮ ਹੁੰਦੀਆਂ ਰਹਿਣਗੀਆਂ। ਕੁਝ ਤਾਕਤਾਂ ਬੇਸ਼ੱਕ ਭਾਰਤ ਵਿਚ ਭ੍ਰਿਸ਼ਟਾਚਾਰ, ਅੱਨਿਆ, ਪ੍ਰਸ਼ਾਸਨਿਕ ਬੇਨੇਮੀਆਂ ਦੇ ਲਈ ਭਾਰਤੀ ਸੰਵਿਧਾਨ ਦੇ ਸਿਰ ਦੋਸ਼ ਕੱਢਦੇ ਹਨ ਪਰ ਇਹ ਉਹਨਾਂ ਦੀ ਸੌੜੀ ਸੋਚ ਹੈ।

ਭਾਰਤੀ ਸੰਵਿਧਾਨ ਭਾਰਤ ਨੂੰ ਆਦਰਸ਼ ਸਟੇਟ ਬਣਾਉਣ ਵਿਚ ਅੜਿੱਕਾ ਨਹੀਂ, ਬਲਕਿ ਸਮੇਂ ਦੇ ਹਾਕਮਾਂ ਦੀ ਬਦਨੀਅਤੀ ਇਸ ਲਈ ਜ਼ਿੰਮੇਵਾਰ ਹੈ। ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੱਜ ਵੀ ਭਾਰਤੀ ਨਾਗਰਿਕਾਂ ਨੂੰ ਗਿਆਨ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੱਜ ਦੀਆਂ ਊਣਤਾਈਆਂ ਦੇ ਲਈ ਭਾਰਤੀ ਸੰਵਿਧਾਨ ਵਿਚ ਦੋਸ਼ ਕੱਢਣ ਵਾਲਿਆਂ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਇਸ ਸੰਵਿਧਾਨ ਨੇ ਭਾਰਤ ਦੇ ਰਵਾਇਤੀ ਅੱਨਿਆ ਤੇ ਆਧਾਰਿਤ ਸਮਾਜ ਨੂੰ ਨਿਆਂਮੁਖੀ ਰਸਤਾ ਦਿਖਾਇਆ ਹੈ। ਭਾਰਤ ਹਰ ਸਾਲ 26 ਜਨਵਰੀ ਨੂੰ ਕੌਮੀ ਤਿਉਹਾਰ ਵਜੋਂ ਮਨਾਉਂਦਾ ਹੈ। ਬਿਹਤਰ ਹੋਵੇਗਾ ਕਿ ਨਾਗਰਿਕਾਂ ਨੂੰ ਭਾਰਤੀ ਸੰਵਿਧਾਨ ਦੀਆਂ ਵਿਲੱਖਣਤਾਵਾਂ ਸਬੰਧੀ ਜਾਗਰੂਕ ਕਰਨ ਦੀ ਇਸ ਵਾਰ ਤਹੱਈਆ ਕੀਤਾ ਜਾਵੇ। ਮੌਜੂਦਾ ਅਤੇ ਭਵਿੱਖ ਵਿਚ ਸਹੀ ਵਿਅਕਤੀ ਚੁਣ ਕੇ ਭੇਜਣ ਲਈ ਸਾਨੂੰ ਵੋਟ ਦੀ ਸਹੀ ਵਰਤੋਂ ਸਹੀ ਵਿਅਕਤੀ ਲਈ ਹੀ ਕਰਨੀ ਚਾਹੀਦੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦਾ ਸੰਕਲਪ



ਫਤਿਹਜੰਗ ਸਿੰਘ
91-98726-70278

ਗੁਰੂ ਰਵਿਦਾਸ ਦਾ ਜੀਵਨ ਅਤੇ ਮਿਸ਼ਨ ਉਹਨਾਂ ਲੋਕਾਂ ਦੇ ਲੇਖੇ ਸੀ, ਜਿਹਨਾਂ ਨੂੰ ਇਸ ਸਮਾਜ ਦੇ ਠੇਕੇਦਾਰਾਂ ਨੇ ਲੰਬੇ ਅਰਸੇ ਤੋਂ ਕੋਹ ਕੋਹ ਕੇ ਤਰ੍ਹਾਂ ਤਰ੍ਹਾਂ ਦੀਆਂ ਯਾਤਨਾਵਾਂ ਦੇ ਕੇ ਉਹਨਾਂ ਤੋਂ ਕੰਮ ਵੀ ਲੈਂਦੇ ਆ ਰਹੇ ਸਨ ਅਤੇ ਬਦਲੇ ਵਿਚ ਰੋਟੀ ਅਤੇ ਕੱਪੜੇ ਦੀ ਬਜਾਏ ਭੁੱਖ ਅਤੇ ਗਰੀਬੀ ਵੀ ਦਿੰਦੇ ਆ ਰਹੇ ਸਨ। ਉਹਨਾਂ ਦਾ ਕੋਈ ਵਾਲੀ ਵਾਰਸ ਨਹੀਂ ਸੀ, ਕੋਈ ਬਾਂਹ ਫੜਨ ਵਾਲਾ ਨਹੀਂ ਸੀ। ਉਹਨਾਂ ਦੀ ਇਸ ਲਾਚਾਰੀ ਦੀ ਹਾਲਤ ਵਿਚ ਗੁਰੂ ਜੀ ਨੇ ਉਹਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਸਮਾਜ ਵੱਲੋਂ ਕੀਤੀਆਂ ਜਾ ਰਹੀਆਂ ਘੋਰ ਬੇਇਨਸਾਫ਼ੀਆਂ ਵਿਰੁੱਧ ਇਕ ਬਗਾਵਤ ਖੜ੍ਹੀ ਕਰ ਦਿੱਤੀ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਇਹਨਾਂ ਨਾਲ ਹੀ ਸਬੰਧਿਤ ਵਿਚਾਰਾਂ ਨਾਲ ਲਬਰੇਜ਼ ਹੈ। ਉਹ ਇਸ ਤਰ੍ਹਾਂ ਦੀ ਘਟੀਆ ਸਮਾਜਿਕ ਵਿਵਸਥਾ ਨੂੰ ਬਦਲਣਾ ਚਾਹੁੰਦੇ ਸਨ, ਨਿਤਾਣਿਆਂ ਨੂੰ ਤਾਣ ਅਤੇ ਨਿਆਸਰਿਆਂ ਨੂੰ ਆਸਰਾ ਪ੍ਰਦਾਨ ਕਰਨਾ ਚਾਹੁੰਦੇ ਸਨ। ਇਸ ਸੰਦਰਭ ਵਿਚ ਉਹਨਾਂ ਦੇ 'ਬੇਗਮਪੁਰੇ' ਦੇ ਸੰਕਲਪ ਦੀ ਖਾਸ ਮਹੱਤਤਾ ਬਣਦੀ ਹੈ।

ਗੁਰੂ ਰਵਿਦਾਸ ਦੇ ਫ਼ਲਸਫ਼ੇ ਵਿਚ ਆਇਆ ਇਹ 'ਬੇਗਮਪੁਰੇ' ਦਾ ਵਿਚਾਰ ਆਮ ਕਰਕੇ ਦੋ ਤਰ੍ਹਾਂ ਲਿਆ ਜਾਂਦਾ ਹੈ। ਪਹਿਲੀ ਸ਼੍ਰੇਣੀ ਦੇ ਨਿਰੋਲ ਧਾਰਮਿਕ ਵਿਚਾਰਾਂ ਵਾਲੇ ਇਸਨੂੰ ਬਹੁਤ ਉੱਚੀ ਮਾਨਸਿਕ ਅਵਸਥਾ ਮੰਨਦੇ ਹਨ, ਜਿੱਥੇ ਪਹੁੰਚ ਕੇ ਮਨੁੱਖ ਦੁੱਖਾਂ ਅਤੇ ਗਮਾਂ ਤੋਂ ਰਹਿਤ ਹੋ ਜਾਂਦਾ ਹੈ। ਦੂਜੀ ਸ਼੍ਰੇਣੀ ਦੇ ਲੋਕ ਇਸਨੂੰ ਸਮਾਜ ਦੀ ਉਹ ਅਵਸਥਾ ਮੰਨਦੇ ਹਨ, ਜਿਸ ਵਿਚ ਸਭ ਪਾਸਿਆਂ ਤੋਂ ਬਰਾਬਰਤਾ ਦਾ ਪਸਾਰ ਹੁੰਦਾ ਹੋਵੇ ਅਤੇ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੁੰਦੀ ਹੋਵੇ।ਬੇਗਮਪੁਰੇ ਦੀਆਂ ਇਹ ਦੋਵੇਂ ਅਵਸਥਾਵਾਂ ਆਦਰਸ਼ਕ ਹਨ। ਇਕ ਆਦਰਸ਼ ਵਿਅਕਤੀ ਸਿਰਜਦੀ ਹੈ ਤੇ ਦੂਜੀ ਆਦਰਸ਼ ਸਮਾਜ। ਦੋਵੇਂ ਇਕ-ਦੂਜੇ ਨਾਲ ਰਲਦਾ-ਮਿਲਦਾ ਮੱਤਵ ਪੈਦਾ ਕਰਦੇ ਹਨ। ਆਦਰਸ਼ ਵਿਅਕਤੀਆਂ ਦਾ ਜੋੜ ਜਮ੍ਹਾ ਹੀ ਵਧੀਆ ਸਮਾਜ ਸਿਰਜਦਾ ਹੈ ਅਤੇ ਵਧੀਆ ਸਮਾਜ ਵੀ ਆਦਰਸ਼ ਵਿਅਕਤੀ ਪੈਦਾ ਕਰੇਗਾ। ਦੋਹਾਂ ਦਾ ਆਖਰੀ ਮੱਤਵ ਤਾਂ ਮਨੁੱਖਤਾ ਦੀ ਭਲਾਈ ਹੈ ਜੋ ਖੁਸ਼ੀ ਖੇੜਿਆਂ ਵਾਲਾ ਜੀਵਨ ਬਖਸ਼ਦਾ ਹੈ।

ਉਂਝ ਤਾਂ ਗੁਰੂ ਰਵਿਦਾਸ ਦਾ ਫਲਸਫਾ ਹੀ ਮਨੁੱਖ ਮਾਤਰ ਦੀ ਸਮੁੱਚੀ ਭਲਾਈ ਨੂੰ ਸਮਰਪਿਤ ਹੈ ਪਰ ਉਹਨਾਂ ਦਾ ਇਹ 'ਬੇਗਮਪੁਰੇ' ਦਾ ਸੰਕਲਪ ਇਕ ਵੱਖਰੀ ਪਛਾਣ ਵਾਲਾ ਹੈ ਜੋ ਗੁਰੂ ਜੀ ਨੂੰ ਇਕ ਮਹਾਨ ਸਮਾਜਵਾਦੀ ਚਿੰਤਕ ਦੀ ਸ਼ਖਸੀਅਤ ਵਜੋਂ ਉਘਾੜਦਾ ਹੈ। ਉਹਨਾਂ ਦਾ ਸਮਾਂ ਇਤਿਹਾਸ ਦਾ ਉਹ ਭਿਆਨਕ ਦੌਰ ਸੀ ਜਿਸ ਵਿਚੋਂ ਸਮਾਜ ਦਾ ਵੱਡਾ ਹਿੱਸਾ ਮਨੁੱਖਤਾ ਦੀ ਪੱਧਰ ਤੋਂ ਹੇਠਾਂ ਗਿਰਾਇਆ ਗਿਆ ਅਛੂਤ ਸ਼ੂਦਰ ਦੇ ਰੂਪ ਵਿਚ ਤਰ੍ਹਾਂ ਤਰ੍ਹਾਂ ਦੇ ਸੰਤਾਪ ਭੋਗ ਰਿਹਾ ਸੀ। ਮਨੁੱਖਾਂ ਤੋਂ ਹੇਠਲੇ ਪੱਧਰ ਜਾਨ-ਵਰਾਂ ਦੀ ਹੁੰਦੀ ਹੈ ਪਰ ਇਹ ਅਛੂਤ ਮਨੁੱਖ ਅਜਿਹੇ 'ਜਾਨਵਰ' ਸੀ ਜੋ ਜਾਨਵਰਾਂ ਤੋਂ ਵੀ ਹੇਠਲੀ ਪੱਧਰ ਤੇ ਜਿਊਣ ਲਈ ਮਜਬੂਰ ਸੀ। ਜਾਨਵਰਾਂ ਨੂੰ ਤਾਂ ਪਾਲਿਆ ਜਾਂਦਾ ਸੀ, ਲਾਡ ਪਿਆਰ ਕੀਤਾ ਜਾਂਦਾ ਸੀ, ਚੁੰਮਿਆ ਚੱਟਿਆ ਜਾਂਦਾ ਸੀ ਪਰ ਅਛੂਤ ਨੂੰ ਛੂਹਣਾ ਤੇ ਪਿਆਰ ਕਰਨਾ ਤਾਂ ਦੂਰ ਦੀ ਗੱਲ ਸੀ, ਉਸਦੇ ਪਰਛਾਵੇਂ ਤੋਂ ਵੀ ਉੱਚ ਜਾਤੀਆਂ ਨੂੰ ਭਿੱਟ ਚੜ੍ਹਦੀ ਸੀ ਤੇ ਉਸਤੋਂ ਦੂਰ ਹੋ ਕੇ ਲੰਘਿਆ ਜਾਂਦਾ ਸੀ। ਪਾਲਤੂ ਜਾਨਵਰਾਂ ਨੂੰ ਜਿੱਥੇ ਲਾਡ ਪਿਆਰ ਦੇ ਨਾਲ ਨਾਲ ਖਾਣ ਨੂੰ ਵੀ ਵਧੀਆ ਦਿੱਤਾ ਜਾਂਦਾ ਸੀ ਤੇ ਦੇਖਭਾਲ ਵੀ ਪੂਰੀ ਕੀਤੀ ਜਾਂਦੀ ਸੀ ਪਰ ਇਸ ਘਟੀਆ ਤੇ ਨੀਚ ਬਣਾਏ ਜਾਨਵਰ ਰੂਪੀ ਮਨੁੱਖ ਨੂੰ ਤਾਂ ਬਚੀ ਖੁਚੀ ਤੇ ਗੰਦੀ ਮੰਦੀ ਜੂਝ ਜਾਂ ਮਰੇ ਡੰਗਰ ਦਾ ਬਿਮਾਰ ਮਾਸ ਅਤੇ ਫਟੀ ਪੁਰਾਣੀ ਉਤਰਨ ਦੇਣ ਉਪਰੰਤ ਵੀ ਉਸਨੂੰ ਫਿਟਕਾਰਾਂ, ਗਾਲ੍ਹਾਂ, ਲਾਹਨਤਾਂ ਤੇ ਕੁੱਟਮਾਰ ਨਾਲ ਨਿਵਾਜਿਆ ਜਾਂਦਾ ਸੀ। ਇਹੋ ਜਿਹੀ ਗੈਰ-ਮਨੁੱਖੀ ਸਮਾਜਿਕ ਵਿਵਸਥਾ ਦੇ ਵਿਰੁੱਧ ਇਕ ਬੁਲੰਦ ਆਵਾਜ਼ ਸੀ ਗੁਰੂ ਜੀ ਦਾ ਇਹ ਸੰਕਲਪ। ਇਕ ਇਨਕਲਾਬ, ਇਕ ਬਗਾਵਤ ਦਾ ਝੰਡਾ ਸੀ ਗੁਰੂ ਜੀ ਦੇ ਇਹ ਕੜਕਦੇ ਬੋਲ। ਇਕ ਸਿੰਘ ਗਰਜਣਾ ਸੀ ਵਕਤ ਦੇ ਡਾਢੇ ਹਾਕਮਾਂ ਵਿਰੁੱਧ ਅਤੇ ਇਕ ਬਿਜਲੀ ਦੀ ਲਿਸ਼ਕ ਦੀ ਚਕਾਚੌਂਧ ਸੀ ਡੂੰਘੀਆਂ ਖਾਈਆਂ ਦੇ ਹਨੇਰਿਆਂ ਲਈ। ਬ੍ਰਾਹਮਣਵਾਦ ਵੱਲੋਂ ਪੈਦਾ ਕੀਤੀ ਗਈ ਵਰਣ ਵਿਵਸਥਾ, ਜਾਤ-ਪਾਤ, ਊਚ-ਨੀਚ, ਘਿਰਣਾ-ਨਫਰਤ ਵਾਲੇ ਸਮਾਜ ਵਿਚ ਬੁਰੀ ਤਰ੍ਹਾਂ ਠੋਕਰਾਂ ਖਾ ਰਹੇ ਤੇ ਨਿੱਤ ਸੂਲੀ ਚੜ੍ਹ ਰਹੇ ਅਛੂਤ ਨੂੰ ਜਗਾ ਕੇ ਉਸਨੂੰ ਮਨੁੱਖਾਂ ਵਾਲਾ ਦਰਜਾ ਦੁਆ ਕੇ ਇਕ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਸਿਰਜਣਾ ਦਾ ਸੁਪਨਾ ਸੀ ਗੁਰੂ ਰਵਿਦਾਸ ਦਾ। ਜਿਸ ਸਮਾਜ ਵਿਚ ਨਾ ਟੋਏ ਟਿੱਬੇ ਰਹਿਣ, ਨਾ ਛੋਟਾ-ਵੱਡਾ ਰਹੇ, ਨਾ ਮਾਲਕ-ਗੁਲਾਮ ਰਹੇ। ਇਸ ਸਾਰੇ ਸੰਕਲਪ ਨੂੰ ਇੰਝ ਵਿਚਾਰਿਆ ਤੇ ਉਤਾਰਿਆ ਹੈ ਬੇਗਮਪੁਰੇ ਵਿਚ ਗੁਰੂ ਜੀ ਨੇ:-

ਬੇਗਮਪੁਰਾ ਸਹਰ ਕੋ ਨਾਉ।
ਦੂਖ ਅੰਦੋਹ ਨਹੀਂ ਤਿਹਿ ਠਾਉ।

ਇਕ ਅਜਿਹੇ ਸ਼ਹਿਰ ਜਾਂ ਦੇਸ਼ ਦੀ ਕਲਪਨਾ ਕੀਤੀ ਜਿਸ ਵਿਚ ਕਿਸੇ ਨੂੰ ਕੋਈ ਗਮ ਨਾ ਹੋਵੇ, ਦੁੱਖ-ਦਰਦ ਜਾਂ ਸੰਤਾਪ ਨਾ ਹੰਢਾਉਣਾ ਪਵੇ। ਇਹ ਸਾਰੀਆਂ ਅਲਾਮਤਾਂ ਅਛੂਤਾਂ ਨੂੰ ਹੀ ਚਿੰਬੜੀਆਂ ਹੋਈਆਂ ਸਨ, ਜਿਹਨਾਂ ਤੋਂ ਅਵਾਜ਼ਾਰ ਹੋਇਆ ਗੁਰੂ ਜੀ ਦਾ ਦਿਲ ਇਕ ਸੁਪਨਮਈ ਨਗਰੀ ਵਸਾਉਣਾ ਲੋਚਦਾ ਹੈ, ਜਿਸ ਵਿਚ ਉਹ ਦੁੱਖਾਂ ਮਾਰੇ ਇਨਸਾਨ ਕੋਈ ਸੁੱਖ ਦਾ ਸਾਹ ਲੈ ਸਕਣ।

ਨਾ ਤਸਵੀਸ ਖਿਰਾਜ ਨਾ ਮਾਲ।
ਖਉਫ਼ ਨ ਖਤਾ ਨ ਤਰਸ ਜਵਾਲ।

ਉਹ ਖਿਆਲ ਕਰਦੇ ਹਨ ਕਿ ਉਸ ਨਗਰੀ ਵਿਚ ਨਾ ਕੋਈ ਫਿਕਰ (ਤਸਵੀਸ) ਹੋਵੇਗਾ, ਨਾ ਕਿਸੇ ਦੇ ਅਸਬਾਬ (ਮਾਲ) ਤੇ ਮਸੂਲ (ਖਿਰਾਜ) ਹੋਵੇਗਾ। ਨਾ ਡਰ (ਖਉਫ਼) ਹੋਵੇਗਾ, ਨਾ ਫਿਰ ਕੋਈ ਗਲਤੀ (ਖਤਾ) ਕਰੇਗਾ। ਨਾ ਫਿਰ ਕਿਸੇ ਦੀ ਤਰਸਯੋਗ ਹਾਲਤ ਹੋਣ ਨਾਲ ਉਸਦਾ ਮਾਣ ਸਤਿਕਾਰ ਢਹਿੰਦੀਆਂ ਕਲਾਂ ਵਿਚ ਜਾਵੇਗਾ। ਆਮ ਤੌਰ ਤੇ ਬਹੁਤੀਆਂ ਗਲਤੀਆਂ ਜ਼ਿਆਦਾ ਡਰ ਨਾਲ ਵੀ ਹੋ ਜਾਂਦੀਆਂ ਹਨ ਤੇ ਉਹਨਾਂ ਦੀਆਂ ਸਜ਼ਾਵਾਂ ਭੁਗਤਦਿਆਂ ਬੜੀ ਤਰਸਯੋਗ ਹਾਲਤ ਬਣ ਜਾਂਦੀ ਹੈ। ਜਿਵੇਂ ਕਿ ਅਛੂਤਾਂ ਨਾਲ ਹੁੰਦਾ ਰਿਹਾ ਹੈ। ਉਹਨਾਂ ਉੱਤੇ ਇੰਨੀਆਂ ਪਾਬੰਦੀਆਂ ਦਾ ਡਰ ਭੈਅ ਸੀ ਕਿ ਉਹ ਡਰ ਡਰ ਕੇ ਚਲਦਿਆਂ ਵੀ ਸਜ਼ਾ ਦੇ ਭਾਗੀ ਬਣ ਜਾਂਦੇ ਸਨ। ਸਜ਼ਾ ਵੀ ਗਾਲ੍ਹਾਂ, ਲੱਤਾਂ, ਠੇਡਿਆਂ ਦੀ ਤਾਂ ਆਮ ਹੈ ਹੀ ਸੀ ਪਰ ਕਈ ਵਾਰੀ ਕੰਨਾਂ ਵਿਚ ਗਰਮ ਗਰਮ ਤੇਲ ਜਾਂ ਢਾਲਿਆ ਸਿੱਕਾ ਪਾ ਕੇ ਸਦਾ ਲਈ ਬੋਲੇ ਕਰ ਦੇਣਾ ਜਾਂ ਜੀਭ ਕੱਟ ਕੇ ਗੂੰਗਾ ਬਣਾ ਦੇਣਾ ਵੀ ਸ਼ਾਮਲ ਹੋ ਜਾਂਦਾ ਸੀ। ਇਹੋ ਜਿਹੀ ਹਾਲਤ ਤਰਸਯੋਗ ਹੀ ਨਹੀਂ ਜ਼ਾਰੋ-ਜ਼ਾਰ ਰੋਣ ਵਾਲੀ ਵੀ ਬਣਦੀ ਸੀ। ਉਹ ਜੀਵੇ ਤਾਂ ਸਹੀ ਪਰ ਨਾ ਕੁਝ ਕਹਿ ਸਕੇ ਤੇ ਨਾ ਸੁਣ ਸਕੇ ਬੱਸ ਜ਼ੁਲਮ ਸਹਿੰਦਾ ਰਹੇ, ਵਗਾਰਾਂ ਕਰਦਾ ਰਹੇ ਇਕ ਸੀਲ ਜਾਨਵਰ ਦੀ ਤਰ੍ਹਾਂ। ਅੱਗੇ ਆਖਦੇ ਹਨ:-

ਅਬ ਮੋਹਿ ਖੂਬ ਵਤਨ ਗਹਿ ਪਾਈ।
ਊਹਾਂ ਖੈਰ ਸਦਾ ਮੇਰੇ ਭਾਈ।

ਹੁਣ ਮੈਂ ਉਸ ਵਤਨ ਬਾਰੇ ਖੂਬ ਚੰਗੀ ਤਰ੍ਹਾਂ ਜਾਣ ਲਿਆ ਹੈ। ਉਥੇ ਹਮੇਸ਼ਾ ਹੀ ਸੱਤੇ ਖੈਰਾਂ ਹਨ। ਇਹ ਗੁਰੂ ਜੀ ਦਾ ਉਹਨਾਂ ਦੁੱਖਾਂ ਮਾਰੇ ਲੋਕਾਂ ਲਈ ਇਕ ਪਿਆਰ ਦੀ ਭਾਵਨਾ ਦਾ ਪ੍ਰਗਟਾਅ ਜਾਪਦਾ ਹੈ, ਜਿਹਨਾਂ ਦੇ ਹਿੱਸੇ ਸੁੱਖ ਨਾਂ ਦੀ ਕੋਈ ਚੀਜ਼ ਕਦੇ ਆਈ ਹੀ ਨਹੀਂ- ਕਿ ਉਹ ਹਮੇਸ਼ਾ ਸੁਖੀ ਵੱਸਣ।

ਕਾਇਮ ਦਾਇਮ ਸਦਾ ਪਾਤਸ਼ਾਹੀ।
ਦੋਮ ਨਾ ਸੋਮ ਏਕ ਸੋ ਆਹੀ।

ਗੁਰੂ ਜੀ ਤਸੱਵਰ ਕਰਦੇ ਹਨ ਕਿ ਉਸ ਨਗਰੀ ਵਿਚ ਸਦਾ ਇਕ ਹੀ ਪਾਤਸ਼ਾਹੀ ਹੋਵੇਗੀ। ਕੋਈ ਦੂਜੀ (ਦੋਮ) ਜਾਂ ਤੀਜੀ (ਸੋਮ) ਦਾ ਰੌਲਾ ਨਹੀਂ ਹੋਵੇਗਾ। ਅੱਜ ਦਾ 'ਅਛੂਤ' ਵੀ ਦੂਜੇ, ਤੀਜੇ ਦਰਜੇ ਦਾ ਗਿਣਿਆ ਜਾਂਦਾ ਹੈ। ਅੱਜ ਵੀ ਉਸਨੂੰ ਤਰ੍ਹਾਂ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਗਿਣਤੀ ਤਾਂ ਅੱਜ ਵੀ ਗਰੀਬੀ ਤੇ ਭੁੱਖਮਰੀ ਨਾਲ ਜੂਝ ਰਹੀ ਹੈ।

ਅਬਾਦਾਨ ਸਦਾ ਮਸ਼ਹੂਰ।
ਊਹਾਂ ਗਨੀ ਬਸਹਿ ਮਾਮੂਰ।

ਇਹ ਨਗਰੀ ਸਦਾ ਆਬਾਦ (ਅਬਾਦਾਨ) ਰਹੇਗੀ ਅਤੇ ਮਸ਼ਹੂਰ ਰਹੇਗੀ ਕਿਉਂਕਿ ਇਸ ਵਿਚ ਰਹਿਣ ਵਾਲੇ ਸਾਰੇ ਲੋਕ ਸਰਬ ਸੰਪੰਨ ਅਮੀਰ (ਗਨੀ) ਹੋਣਗੇ, ਕੋਈ ਗਰੀਬ ਨਹੀਂ ਹੋਵੇਗਾ। ਅਮੀਰੀ ਨਾਲ ਹੀ ਭਰਪੂਰ (ਮਾਮੂਰ) ਇਹ ਨਗਰੀ ਰਹੇਗੀ।

ਤਿਉ ਤਿਉ ਸੈਲ ਕਰਹਿ ਜਿਉ ਭਾਵੈ।
ਮਹਿਰਮ ਮਹਲ ਨ ਕੋ ਅਟਕਾਵੈ।

ਬੇਗਮਪੁਰੇ ਵਿਚ ਇਹ ਸਭ ਨੂੰ ਸਹੂਲਤ ਹੋਵੇਗੀ ਕਿ ਉਹ ਜਿੱਥੇ ਚਾਹੁਣ ਜਾ ਸਕਦੇ ਹਨ, ਘੁੰਮ ਫਿਰ ਸਕਦੇ ਹਨ, ਸੈਰ ਸਪਾਟਾ ਕਰ ਸਕਦੇ ਹਨ। ਵੇਖਣ ਨੂੰ ਭਾਵੇਂ ਇਹ ਘੁੰਮਣ-ਫਿਰਨ ਦੀ ਗੱਲ ਸਧਾਰਨ ਜਾਪਦੀ ਹੈ ਪਰ ਗੁਰੂ ਜੀ ਦੇ ਹਰ ਵਿਚਾਰ ਵਿਚ ਇਕ ਸਮਾਜਿਕ ਇਤਿਹਾਸ ਛੁਪਿਆ ਹੋਇਆ ਹੈ। ਇਸਦਾ ਪਿਛੋਕੜ ਇਹ ਹੈ ਕਿ ਉਸ ਵੇਲੇ ਹਰ ਕਿਸੇ ਨੂੰ ਹਰ ਥਾਂ ਜਾਣ ਦੀ ਆਜ਼ਾਦੀ ਨਹੀਂ ਸੀ। ਇਹ ਅਛੂਤ ਹੀ ਸੀ ਜਿਸਦੇ ਖਾਣ-ਪੀਣ ਅਤੇ ਪਹਿਨਣ ਤੇ ਤਾਂ ਪਾਬੰਦੀਆਂ ਹੈ ਹੀ ਸਨ, ਉਸਦੇ ਕਈ ਥਾਂਵਾਂ ਤੇ ਦਾਖ਼ਲੇ ਵੀ ਬੰਦ ਸਨ। ਖੂਹਾਂ, ਤਲਾਬਾਂ 'ਤੇ ਉਹ ਨਹੀਂ ਸੀ ਜਾ ਸਕਦਾ, ਉਸਨੂੰ ਮੰਦਰ ਜਾਂ ਕਿਸੇ ਧਾਰਮਿਕ ਸਥਾਨ ਦੇ ਨੇੜੇ ਨਹੀਂ ਸੀ ਫਟਕਣ ਦਿੱਤਾ ਜਾਂਦਾ। ਗਲੀਆਂ ਬਜ਼ਾਰਾਂ ਵਿਚ ਦਾਖਲਾ ਬੰਦ। ਜੇ ਕਿਤੇ ਬਾਹਰ ਨਿਕਲਣਾ ਹੀ ਹੈ ਤਾਂ ਸਿਖਰ ਦੁਪਹਿਰ ਵੇਲੇ ਜਦੋਂ ਪਰਛਾਵਾਂ ਸਭ ਤੋਂ ਛੋਟਾ ਹੁੰਦਾ ਹੈ, ਉਸ ਵੇਲੇ ਨਿਕਲਣ ਦੀ ਆਗਿਆ ਸੀ ਤਾਂ ਜੋ ਇਸ 'ਨੀਚ' ਦਾ ਪਰਛਾਵਾਂ ਕਿਸੇ ਊਚ ਨੂੰ ਭਿੱਟ ਨਾ ਸਕੇ।

ਕਹਿ ਰਵਿਦਾਸ ਖਲਾਸ ਚਮਾਰਾ।
ਜੋ ਹਮ ਸਹਰੀ ਸੁ ਮੀਤ ਹਮਾਰਾ।

ਗੁਰੂ ਜੀ ਦਾ ਆਪਣੇ ਨਾਂ ਨਾਲ ਚਮਾਰ ਲਿਖਣਾ ਤੇ ਵਾਰ-ਵਾਰ ਲਿਖਣਾ ਉਹਨਾਂ ਦੀ ਦਲੇਰੀ, ਬਗਾਵਤ ਅਤੇ ਦ੍ਰਿੜ੍ਹਤਾ ਦੀ ਲਖਾਇਕ ਹੈ। ਦਲੇਰੀ ਇਸ ਲਈ ਕਿ ਬ੍ਰਾਹਮਣਵਾਦ ਨੇ ਪ੍ਰਚਾਰ ਰਾਹੀਂ ਨੀਚ ਗਰਦਾਨੀ ਗਈ ਜਾਤੀਆਂ ਜਿਹਨਾਂ ਵਿਚੋਂ ਚਮਾਰ ਵੀ ਇਕ ਸੀ, ਉਹਨਾਂ ਨੂੰ ਇੰਨਾ ਘਟੀਆ ਅਤੇ ਨੀਚ ਬਣਾ ਦਿੱਤਾ ਸੀ ਕਿ ਉਹ ਆਪਣੇ ਆਪ ਨੂੰ ਉਸ ਜਾਤੀ ਨਾਲ ਸੰਬੋਧਤ ਹੋਣ ਦੇ ਅਹਿਸਾਸ ਨਾਲ ਹੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਸਨ। ਅਜਿਹੀ ਹੀਣ ਭਾਵਨਾ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਇਸ ਸ਼ਬਦ ਨੂੰ ਵਾਰ-ਵਾਰ ਬੜੀ ਦਲੇਰੀ ਨਾਲ ਵਰਤ ਕੇ ਉਹਨਾਂ ਲੋਕਾਂ ਵਿਚੋਂ ਹੀਣ ਭਾਵਨਾ ਦੂਰ ਕਰਨ ਦਾ ਯਤਨ ਕੀਤਾ ਹੈ। ਇਹ ਕਵਾਇਦ ਅੱਜ ਵੀ ਪੰਜਾਬ ਦੇ ਦੁਆਬਾ ਇਲਾਕੇ ਵਿਚ ਆਪਣੇ ਸਿਖਰ 'ਤੇ ਹੈ, ਜਿੱਥੇ ਆਪਣੇ ਆਪ ਨੂੰ 'ਚਮਾਰ' ਅਖਵਾਉਣਾ ਮਾਣ ਨਾਲ ਸਵੀਕਾਰ ਕੀਤਾ ਜਾਂਦਾ ਹੈ।

ਬਗਾਵਤ ਇਸ ਲਈ ਆਖੀ ਜਾ ਸਕਦੀ ਹੈ ਕਿ ਗੁਰੂ ਜੀ ਦੇ ਵੇਲੇ ਹਰ ਜਾਤੀ ਦੇ ਕੰਮ ਨਿਸ਼ਚਿਤ ਸਨ। ਚਮਾਰ ਦਾ ਕੰਮ ਚਮੜੇ ਨਾਲ ਸਬੰਧਿਤ ਸੀ ਪਰ ਗੁਰੂ ਜੀ ਤਾਂ ਆਪਣੇ ਕੰਮ ਦੇ ਨਾਲ ਨਾਲ ਲੋਕਾਂ ਨੂੰ ਉਸ ਬ੍ਰਾਹਮਣਵਾਦੀ ਪ੍ਰਚਾਰ ਵਿਰੁੱਧ ਜਾਗਰਿਤ ਵੀ ਕਰ ਰਹੇ ਸਨ, ਜਿਸ ਨੇ ਉਹਨਾਂ ਨੂੰ ਨੀਚ ਬਣਾ ਧਰਿਆ ਸੀ। ਬ੍ਰਾਹਮਣਵਾਦ ਨਹੀਂ ਸੀ ਚਾਹੁੰਦਾ ਕਿ ਉਹ ਜਾਗਣ ਪਰ ਗੁਰੂ ਜੀ ਉਹਨਾਂ ਨੂੰ ਜਗਾ ਕੇ ਇਕ ਪ੍ਰਚੱਲਿਤ ਵਿਵਸਥਾ ਵਿਰੁੱਧ ਬਗਾਵਤ ਦਾ ਕੰਮ ਹੀ ਕਰ ਰਹੇ ਸਨ। ਦ੍ਰਿੜ੍ਹਤਾ ਇਸ ਲਈ ਕਿ ਗੁਰੂ ਜੀ ਨੂੰ ਪਤਾ ਸੀ ਕਿ ਉਹ ਜਾਬਰ ਨਾਲ ਟੱਕਰ ਲੈਣ ਦਾ ਕੰਮ ਕਰ ਰਹੇ ਹਨ, ਗਲਤ ਕਦਰਾਂ ਕੀਮਤਾਂ ਨੂੰ ਵੰਗਾਰ ਰਹੇ ਹਨ, ਆਪਣੀਆਂ ਨਿਸ਼ਚਿਤ ਹੱਦਾਂ ਨੂੰ ਤੋੜ ਰਹੇ ਹਨ, ਜਿਸਦਾ ਨਤੀਜਾ ਭੈੜੇ ਤੋਂ ਭੈੜਾ ਵੀ ਹੋ ਸਕਦਾ ਹੈ। ਪਰ ਫਿਰ ਵੀ ਉਹ ਪੂਰੀ ਸ਼ਿੱਦਤ ਨਾਲ ਮਨੁੱਖਤਾ ਲਈ ਆਪਣਾ ਸਭ ਕੁਝ ਲੇਖੇ ਲਾਉਣ ਲਈ ਦ੍ਰਿੜ੍ਹ ਹਨ। ਦ੍ਰਿੜ੍ਹਤਾ ਨਾਲ ਆਪਣੇ ਆਪ ਨੂੰ ਖਾਲਸ ਮੰਨਦੇ ਹਨ, ਸਹੀ ਮੰਨਦੇ ਹਨ ਤੇ ਆਪਣੇ ਵਰਗੇ ਵਿਚਾਰਾਂ ਵਾਲਿਆਂ ਨੂੰ ਹੀ ਆਪਣਾ ਹਮ-ਸ਼ਹਿਰੀ ਅਤੇ ਮਿੱਤਰ ਮੰਨਦੇ ਹਨ। ਉਹਨਾਂ ਨੇ ਪੂਰੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਦੋ ਵੱਖ-ਵੱਖ ਸਭਿਆਤਾਵਾਂ ਵਿਚਕਾਰ ਇਕ ਲਕੀਰ ਖਿੱਚ ਦਿੱਤੀ, ਨਤੀਜਾ ਕੁਝ ਵੀ ਹੋਵੇ ਇਸਦੀ ਪ੍ਰਵਾਹ ਕੀਤੇ ਬਗੈਰ। ਉਹਨਾਂ ਦਾ ਟੀਚਾ ਸਾਫ ਸੀ:-

ਐਸਾ ਚਾਹੂੰ ਰਾਜ ਮੈਂ
ਜਹਾਂ ਮਿਲੇ ਸਭਨ ਕੋ ਅੰਨ
ਛੋਟ ਬੜੇ ਸਭ ਸਮ ਵਸੇ
ਰਹੇ ਰਵਿਦਾਸ ਪ੍ਰਸੰਨ।

ਗੁਰੂ ਰਵਿਦਾਸ ਨੇ ਛੇ ਸਦੀਆਂ ਪਹਿਲਾਂ ਕਿੰਨੇ ਸੁਹਣੇ ਸਮਰੱਥ ਲੋਕ ਰਾਜ, ਸਮਾਜਵਾਦ ਤੇ ਖੁਸ਼ਹਾਲ ਰਾਜ ਦੀ ਕਲਪਨਾ ਕੀਤੀ। ਉਹਨਾਂ ਤੋਂ ਸਦੀਆਂ ਬਾਅਦ ਕਾਰਲ ਮਾਰਕਸ ਦਾ ਸਮਾਜਵਾਦ ਦਾ ਵਿਚਾਰ ਹੋਂਦ ਵਿਚ ਆਇਆ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਵੀ ਜਦੋਂ ਭਾਰਤੀ ਸਮਾਜ ਦਾ ਡੂੰਘਾ ਅਧਿਐਨ ਕੀਤਾ ਤਾਂ ਉਹ ਵੀ ਇਸੇ ਨਤੀਜੇ 'ਤੇ ਪਹੁੰਚੇ ਸਨ ਕਿ ਬ੍ਰਾਹਮਣਵਾਦ ਵੱਲੋਂ ਪੈਦਾ ਕੀਤੇ ਦੁੱਖ ਨਾਲ ਝੰਬੇ ਇਹਨਾਂ ਲੋਕਾਂ ਲਈ ਉਹ ਸੁਖ-ਸੁਵਿਧਾਵਾਂ ਪੈਦਾ ਕੀਤੀਆਂ ਜਾਣ ਤੇ ਇਹਨਾਂ ਦੇ ਉਹ ਮਨੁੱਖੀ ਅਧਿਕਾਰ ਬਹਾਲ ਕਰਵਾਏ ਜਾਣ, ਜਿਹਨਾਂ ਤੋਂ ਇਹਨਾਂ ਲੋਕਾਂ ਨੂੰ ਇਕ ਲੰਮੇ ਸਮੇਂ ਤੋਂ ਜਾਣ-ਬੁੱਝ ਕੇ ਮਹਿਰੂਮ ਕੀਤਾ ਹੋਇਆ ਹੈ।

ਇਸ ਲਈ ਜਦੋਂ ਉਹਨਾਂ ਨੂੰ ਭਾਰਤ ਦਾ ਸੰਵਿਧਾਨ ਲਿਖਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਉਸ ਵੇਲੇ ਇਹਨਾਂ ਲੋਕਾਂ ਲਈ ਕੋਈ 'ਬੇਗਮਪੁਰੇ' ਵਰਗੀ ਹੀ ਕਲਪਨਾ ਕੀਤੀ ਹੋਵੇਗੀ ਕਿਉਂਕਿ ਭਾਰਤੀ ਸੰਵਿਧਾਨ ਦੀ ਰੂਪ-ਰੇਖਾ ਵਿਚ ਬੇਗਮਪੁਰੇ ਦੀ ਛਵੀ ਹੀ ਉਭਰਦੀ ਜਾਪਦੀ ਹੈ। ਬੇਗਮਪੁਰੇ ਵਿਚ ਉਹਨਾਂ ਸਾਰੇ ਮਨੁੱਖੀ ਅਧਿਕਾਰਾਂ ਦੇ ਸਭ ਨੂੰ ਬਰਾਬਰ ਮਿਲਣ ਦੀ ਗੱਲ ਕੀਤੀ ਗਈ ਹੈ ਜੋ ਕਈਆਂ ਤੋਂ ਖੋਹ ਲਏ ਗਏ ਸਨ ਤੇ ਬਾਬਾ ਸਾਹਿਬ ਨੇ ਵੀ ਇਹੀ ਮਨੁੱਖੀ ਅਧਿਕਾਰ ਹਰ ਇਕ ਲਈ ਅਤਿਅੰਤ ਜ਼ਰੂਰੀ ਮੰਨ ਕੇ ਇਹਨਾਂ ਨੂੰ ਸੰਵਿਧਾਨ ਦੇ ਮੁਢਲੇ ਅਧਿਕਾਰਾਂ ਵਿਚ ਸ਼ਾਮਲ ਕਰ ਦਿੱਤਾ ਹੈ। ਸਭ ਨੂੰ ਬਿਨਾਂ ਜਾਤਪਾਤ, ਰੰਗ, ਨਸਲ, ਲਿੰਗ ਭੇਦ ਦੇ ਬਰਾਬਰੀ ਦਾ ਅਧਿਕਾਰ, ਪੜ੍ਹਨ-ਲਿਖਣ ਦਾ ਅਧਿਕਾਰ, ਕੋਈ ਵੀ ਕਿੱਤਾ ਅਪਣਾਉਣ ਦਾ ਅਧਿਕਾਰ, ਸਾਰੇ ਦੇਸ਼ ਵਿਚ ਆਜ਼ਾਦੀ ਨਾਲ ਘੁੰਮਣ-ਫਿਰਨ ਦਾ ਅਧਿਕਾਰ ਆਦਿ ਸਾਰੇ ਇਹ ਗੁਰੂ ਜੀ ਦੇ ਬੇਗਮਪੁਰੇ ਵੱਲ ਹੀ ਤਾਂ ਇਸ਼ਾਰਾ ਕਰ ਰਹੇ ਹਨ। ਜੇ ਇਹਨਾਂ ਅਧਿਕਾਰਾਂ ਨੂੰ ਅੱਜ ਦੇ ਲੋਕ ਰਾਜ ਵਿਚ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਜੋ ਕਿ ਨਹੀਂ ਕੀਤਾ ਜਾ ਰਿਹਾ ਤਾਂ ਇਹ ਇਕ ਆਦਰਸ਼ ਰਾਜ ਹੋਵੇਗਾ, ਆਦਰਸ਼ ਸਮਾਜ ਹੋਵੇਗਾ ਤੇ ਆਦਰਸ਼ ਸਮਾਜਵਾਦ ਹੋਵੇਗਾ। ਇਹੀ ਗੁਰੂ ਜੀ ਦਾ ਬੇਗਮਪੁਰਾ ਹੈ, ਜੋ ਬਾਬਾ ਸਾਹਿਬ ਦੇ ਸੰਵਿਧਾਨ ਵਿਚ ਉਲੀਕੇ ਸੰਭਾਵੀ ਲੋਕਰਾਜ ਨਾਲ ਮੇਲ ਖਾਂਦਾ ਹੈ।

ਹੁਣ ਉਸ ਸਦੀਆਂ ਲਤਾੜੇ ਸਮਾਜ ਨੇ ਇਹ ਵੇਖਣਾ ਹੈ, ਲੁੱਟੇ ਪੁੱਟੇ ਤੇ ਲੁੱਟ-ਪੁੱਟ ਰਹੇ ਸਮਾਜ ਨੇ ਵੇਖਣਾ ਹੈ, ਜਾਨਵਰਾਂ ਦੀ ਜੂਨੀ ਭੁਗਤ ਰਹੇ ਲੋਕਾਂ ਨੇ ਵੇਖਣਾ ਹੈ, ਗੈਰ-ਬਰਾਬਰੀ ਤੇ ਭੁੱਖ ਨੰਗ ਨਾਲ ਲੜਦੇ ਆਏ ਤੇ ਲੜ ਰਹੇ ਲੋਕਾਂ ਨੇ ਵੇਖਣਾ ਹੈ ਕਿ ਗੁਰੂ ਰਵਿਦਾਸ ਦਾ ਬੇਗਮਪੁਰਾ ਕਿਵੇਂ ਵਸਾਉਣਾ ਹੈ ਤੇ ਕਦੋਂ ਵਸਾਉਣਾ ਹੈ।

ਡਾ. ਅੰਬੇਡਕਰ ਦੇ ਵਰੋਸਾਏ ਕੁਝ ਸਾਧਨ ਸੰਪੰਨ ਲੋਕਾਂ ਨੇ ਵੀ ਆਪਣੇ ਆਪ ਨੂੰ ਹਲੂਣ ਕੇ ਪੁੱਛਣਾ ਹੈ ਕਿ ਬਾਬਾ ਸਾਹਿਬ ਨੇ ਬੇਗਮਪੁਰਾ ਵਸਾਉਣ ਲਈ ਇਕ ਸੇਧ ਵੀ ਦੇ ਦਿੱਤੀ ਹੈ, ਰਾਹ ਤੇ ਚੱਲਣਾ ਵੀ ਦੱਸ ਦਿੱਤਾ ਹੈ, ਸਾਧਨ ਵੀ ਜੁਟਾ ਦਿੱਤੇ ਹਨ, ਤਮੰਨਾ ਵੀ ਭਰ ਦਿੱਤੀ ਹੈ, ਫਿਰ ਹੁਣ ਕੀ ਵੇਖਣਾ ਬਾਕੀ ਰਹਿ ਗਿਆ ਹੈ? ਬੱਸ ਵੇਖਣਾ ਇਹ ਰਹਿ ਗਿਆ ਹੈ ਕਿ ਹੁਣ ਸਮਾਂ ਕਿੰਨਾ ਲੱਗਦਾ ਹੈ ਕਿ ਇਹ ਪੱਛੜਿਆ ਸਮਾਜ ਆਪਣੇ ਗੁਰੂਆਂ ਅਤੇ ਮਹਾਂਪੁਰਖਾਂ ਦੀ ਆਵਾਜ਼ ਸੁਣੇ ਤੇ ਮੰਨੇ। ਨਹੀਂ ਤਾਂ ਸਮਾਂ ਇੰਤਜ਼ਾਰ ਨਹੀਂ ਕਰਦਾ ਤੇ ਇਤਿਹਾਸ ਵੀ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ।ਪਤਾ ਨਹੀਂ ਫਿਰ ਕਿਹੋ ਜਿਹੇ ਦਿਨ ਆਉਣ, ਕੀ ਸਮਾਂ ਆਵੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿੱਕੀ ਹੇਲੀ ਲੜ ਸਕਦੀ 2024 ਦੀਆਂ ਰਾਸ਼ਟਰਪਤੀ ਚੋਣਾਂ



**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਦੀ ਅਗਲੀ ਚੋਣ 5 ਨਵੰਬਰ, 2024 ਨੂੰ ਹੋਣੀ ਹੈ। ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਅਤੇ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਜਦੂਤ ਨਿੱਕੀ ਹੈਲੀ ਨੇ ਕਿਹਾ ਕਿ ਉਹ ਰਾਸ਼ਟਰਪਤੀ ਅਹੁਦੇ ਦੀ ਚੋਣ ਲੜਨ ਦੀ ਯੋਜਨਾ ਬਣਾ ਰਹੀ ਹੈ। ਨਿੱਕੀ ਹੈਲੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਦੇਸ਼ ਨੂੰ ਨਵੀਂ ਦਿਸ਼ਾ ਵਿੱਚ ਲਿਜਾਣ ਵਾਲੀ 'ਨਵੀਂ ਆਗੂ' ਹੋ ਸਕਦੀ ਹੈ ਅਤੇ ਅਮਰੀਕਾ ਦੇ ਰਾਸ਼ਟਰਪਤੀ ਦੇ ਤੌਰ 'ਤੇ ਜੋਅ ਬਾਈਡੇਨ ਨੂੰ ਦੂਜਾ ਕਾਰਜਕਾਲ ਮਿਲਣਾ ਸੰਭਵ ਨਹੀਂ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਸ਼ਾਮਲ ਹੋ ਰਹੀ ਹੈ, 51 ਸਾਲਾ ਨੇਤਾ ਨੇ ਕਿਹਾ, "ਮੈਨੂੰ ਲੱਗਦਾ ਹੈ, ਤੁਸੀਂ ਨਜ਼ਰ ਰੱਖੋ। ਖੈਰ, ਮੈਂ ਇੱਥੇ ਕੋਈ ਐਲਾਨ ਨਹੀਂ ਕਰਨ ਜਾ ਰਹੀ ਹਾਂ।" ਹਾਲਾਂਕਿ, ਇੰਟਰਵਿਊ ਦੌਰਾਨ, ਹੇਲੀ ਨੇ ਸੰਕੇਤ ਦਿੱਤਾ ਕਿ ਉਹ ਅਮਰੀਕਾ ਦੀ ਨਵੀਂ ਨੇਤਾ ਹੋ ਸਕਦੀ ਹੈ। ਹੇਲੀ ਨੇ ਕਿਹਾ, "ਪਰ ਜਦੋਂ ਤੁਸੀਂ ਰਾਸ਼ਟਰਪਤੀ ਅਹੁਦੇ ਦੀ ਦੌੜ ਨੂੰ ਦੇਖ ਰਹੇ ਹੋ, ਤਾਂ ਤੁਸੀਂ ਦੋ ਚੀਜ਼ਾਂ ਨੂੰ ਦੇਖਦੇ ਹੋ। ਤੁਸੀਂ ਪਹਿਲਾਂ ਦੇਖੋ ਕਿ ਕੀ ਮੌਜੂਦਾ ਸਥਿਤੀ ਨਵੀਂ ਲੀਡਰਸ਼ਿਪ ਦਾ ਸੰਕੇਤ ਦੇ ਰਹੀ ਹੈ? ਦੂਸਰਾ ਸਵਾਲ ਇਹ ਹੈ ਕਿ ਕੀ ਮੈਂ ਉਹ ਵਿਅਕਤੀ ,ਹਾਂ ਜੋ ਇੱਕ ਨਵੇਂ ਨੇਤਾ ਵਜੋਂ ਉਭਰ ਸਕਦਾ ਹਾਂ, ਹਾਂ, ਸਾਨੂੰ ਇੱਕ ਨਵੀਂ ਦਿਸ਼ਾ ਵਿੱਚ ਜਾਣ ਦੀ ਲੋੜ ਹੈ? ਅਤੇ ਕੀ ਮੈਂ ਉਹ ਨੇਤਾ ਹੋ ਸਕਦੀ ਹਾਂ? ਹਾਂ, ਮੈਨੂੰ ਲੱਗਦਾ ਹੈ ਕਿ ਮੈਂ ਉਹ ਨੇਤਾ ਹੋ ਸਕਦੀ ਹਾਂ।'

ਅਕਤੂਬਰ 2018 'ਚ ਟਰੰਪ ਪ੍ਰਸ਼ਾਸਨ ਤੋਂ ਅਸਤੀਫਾ ਦੇਣ ਵਾਲੀ ਹੇਲੀ ਨੇ ਕਿਹਾ ਕਿ ਉਨ੍ਹਾਂ ਨੇ ਗਵਰਨਰ ਅਤੇ ਰਾਜਦੂਤ ਦੇ ਤੌਰ 'ਤੇ ਸ਼ਾਨਦਾਰ ਕੰਮ ਕੀਤਾ ਹੈ।

ਲੁਈਸਿਆਨਾ ਦੇ ਸਾਥੀ ਰਿਪਬਲਿਕਨ ਬੌਬੀ ਜਿੰਦਲ ਤੋਂ ਬਾਅਦ ਭਾਰਤੀ ਮੂਲ ਦੀ ਦੂਜੀ ਗਵਰਨਰ ਹੇਲੀ ਨੇ ਕਿਹਾ ਕਿ ਇਹ ਰਿਪਬਲਿਕਨ ਪਾਰਟੀ ਵਿੱਚ ਨਵੀਂ ਲੀਡਰਸ਼ਿਪ ਦਾ ਸਮਾਂ ਹੈ। ਇੰਟਰਵਿਊ ਦੌਰਾਨ, ਹੇਲੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇੱਕ ਡੈਮੋਕਰੇਟ ਰਾਸ਼ਟਰਪਤੀ ਬਾਈਡੇਨ ਨੂੰ ਦੂਜਾ ਕਾਰਜਕਾਲ ਨਹੀਂ ਦਿੱਤਾ ਜਾਣਾ ਚਾਹੀਦਾ ਹੈ।

# ਕੈਨੇਡਾ ਦੇ ਰੈਡ ਡੀਅਰ ਸਿਟੀ ਵਿਚ ਇਕ ਪੁਰਾਣੀ ਚਰਚ ਗੁਰਦੁਆਰੇ ਵਿਚ ਤਬਦੀਲ





**ਟੋਰਾਂਟੋ–** ਕੈਨੇਡਾ ਦੇ ਰੈਡ ਡੀਅਰ ਸਿਟੀ ਵਿਚ ਇਕ ਪੁਰਾਣੀ ਚਰਚ ਨੂੰ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇੱਥੇ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕ ਲੰਬੇ ਸਮੇਂ ਤੋਂ ਗੁਰਦੁਆਰਾ ਬਣਾਉਣ ਦੀ ਮੰਗ ਕਰ ਰਹੇ ਸਨ। ਇਸ ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ ਨਾਂ ਦਿੱਤਾ ਗਿਆ ਹੈ। ਇਹ ਸੱਤੋਂ ਦਿਨ ਸਵੇਰੇ ਛੇ ਤੋਂ ਰਾਤ ਅੱਠ ਵਜੇ ਤਕ ਖੁੱਲ੍ਹਾ ਰਹੇਗਾ। ਇਲਾਕੇ ਵਿਚ ਰਹਿਣ ਵਾਲੇ 150 ਸਿੱਖ ਪਰਿਵਾਰਾਂ ਨੂੰ ਇਸ ਨਾਲ ਕਾਫੀ ਆਸਾਨੀ ਹੋਵੇਗੀ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਇਹ ਬੇਹਦ ਜ਼ਰੂਰੀ ਸੀ। ਸਾਡੇ ਕੋਲ ਕੋਈ ਅਜਿਹੀ ਜਗ੍ਹਾ ਨਹੀਂ ਸੀ, ਜਿੱਥੇ ਸਮਾਜ ਦੇ ਲੋਕ ਵੱਡੀ ਗਿਣਤੀ ਵਿਚ ਮਿਲ ਸਕਣ। ਅਸੀਂ ਪਿਛਲੇ 20 ਸਾਲਾਂ ਤੋਂ ਗੁਰਦੁਆਰਾ ਬਣਾਉਣ ਲਈ ਯਤਨ ਕਰ ਰਹੇ ਸੀ।

ਵੱਡੀ ਗਿਣਤੀ ਵਿਚ ਲੋਕ ਕੈਲਗਰੀ, ਓਂਟਾਰੀਓ ਆਦਿ ਤੋਂ ਇੱਥੇ ਆ ਰਹੇ ਹਨ। ਗੁਰਦੁਆਰੇ ਵਿਚ ਕਾਫੀ ਵੱਡਾ ਬੇਸਮੈਂਟ ਅਤੇ ਰਸੋਈ ਹੈ। ਇੱਥੇ ਆਉਣ ਵਾਲੇ ਲੋਕਾਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇੱਥੇ ਰਹਿਣ ਵਾਲੇ ਲੋਕ ਨਹੀਂ ਜਾਣਦੇ ਕਿ ਪੱਗੜੀ ਕੀ ਹੈ। ਸਿੱਖ ਧਰਮ ਕੀ ਹੈ। ਹੁਣ ਘੱਟ ਤੋਂ ਘੱਟ ਉਹ ਸਾਨੂੰ ਜਾਣ ਸਕਣਗੇ।

# 26 ਜਨਵਰੀ ਪਰੇਡ-ਪੰਜਾਬ ਸਮੇਤ ਕਈ ਸੂਬਿਆਂ ਦੀ ਝਾਂਕੀ ਨਹੀਂ ਦਿਸੇਗੀ



**ਨਵੀਂ ਦਿੱਲੀ–**ਇਸ ਵਾਰ ਗਣਤੰਤਰ ਦਿਵਸ ਪਰੇਡ ਵਿੱਚ 17 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 23 ਝਾਕੀਆਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਇਨ੍ਹਾਂ ਤੋਂ ਇਲਾਵਾ ਕੇਂਦਰੀ ਮੰਤਰਾਲਿਆਂ ਅਤੇ ਵਿਭਾਗਾਂ ਦੀਆਂ ਛੇ ਝਾਂਕੀ ਵੀ ਪਰੇਡ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ। ਇਹ ਝਾਕੀ ਦੇਸ਼ ਦੀ ਅਮੀਰ ਸੱਭਿਆਚਾਰਕ ਵਿਰਾਸਤ, ਆਰਥਿਕ ਅਤੇ ਸਮਾਜਿਕ ਤਰੱਕੀ ਅਤੇ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਨੂੰ ਦਰਸਾਉਂਦੀ ਹੈ। ਰੱਖਿਆ ਮੰਤਰਾਲੇ ਦੇ ਲੋਕ ਸੰਪਰਕ ਅਧਿਕਾਰੀ ਨੇ ਮੀਡੀਆ ਨੂੰ ਦੱਸਿਆ ਕਿ ਇਸ ਸਾਲ ਜ਼ਿਆਦਾਤਰ ਝਾਂਕੀ ਦਾ ਵਿਸ਼ਾ ਨਾਰੀ ਸ਼ਕਤੀ ਹੈ। ਦਿੱਲੀ ਵਿੱਚ 26 ਜਨਵਰੀ ਨੂੰ ਹੋਣ ਵਾਲੀ ਪਰੇਡ ਵਿੱਚ ਦਿੱਲੀ ਪ੍ਰਦੇਸ਼, ਪੰਜਾਬ ਅਤੇ ਹਿਮਾਚਲ ਦੇ ਨਾਲ-ਨਾਲ ਕਈ ਹੋਰ ਰਾਜਾਂ ਦੀ ਝਾਂਕੀ ਵੀ ਦਿਖਾਈ ਨਹੀਂ ਦੇਵੇਗੀ।

ਗੁਜਰਾਤ ਦੀ ਝਾਂਕੀ ਨਵਿਆਉਣਯੋਗ ਊਰਜਾ ਸਰੋਤਾਂ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ, ਸੱਭਿਆਚਾਰਕ ਪਰੰਪਰਾ ਅਤੇ ਵਿਗਿਆਨਕ ਮਨ ਦੇ ਮੇਲ ਨੂੰ ਪ੍ਰਦਰਸ਼ਿਤ ਕਰੇਗੀ। ਜੰਮੂ-ਕਸ਼ਮੀਰ ਦੀ ਝਾਂਕੀ ਧਾਰਮਿਕ ਅਤੇ ਮਨੋਰੰਜਕ ਸੈਰ-ਸਪਾਟੇ ਦੀ ਸੰਭਾਵਨਾ ਨੂੰ ਪ੍ਰਦਰਸ਼ਿਤ ਕਰੇਗੀ। ਇਸ ਸਾਲ ਇਸ ਦੀ ਥੀਮ ਹੋਵੇਗੀ - ਨਿਊ ਜੰਮੂ ਅਤੇ ਕਸ਼ਮੀਰ।

ਉੱਤਰ ਪ੍ਰਦੇਸ਼ ਦੀ ਝਾਂਕੀ ਵਿੱਚ ਤਿੰਨ ਦਿਨਾਂ ਰੌਸ਼ਨੀ ਦੇ ਤਿਉਹਾਰ ਦੀ ਝਲਕ ਦਿਖਾਈ ਜਾਵੇਗੀ। ਰਾਜ ਵਿੱਚ ਸਾਲ 2017 ਤੋਂ ਦੀਪ ਉਤਸਵ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਰਯੂ ਆਰਤੀ ਅਤੇ ਅਯੁੱਧਿਆ ਦੇ ਪ੍ਰਮੁੱਖ ਮੰਦਰਾਂ ਦੀ ਸਜਾਵਟ ਝਾਂਕੀ ਵਿੱਚ ਪ੍ਰਦਰਸ਼ਿਤ ਕੀਤੀ ਜਾਵੇਗੀ। ਹਰਿਆਣਾ ਦੀ ਝਾਂਕੀ ਭਗਵਦ ਗੀਤਾ 'ਤੇ ਆਧਾਰਿਤ ਹੋਵੇਗੀ। ਇਸ ਵਿੱਚ ਭਗਵਾਨ ਕ੍ਰਿਸ਼ਨ ਨੂੰ ਅਰਜੁਨ ਦੇ ਸਾਰਥੀ ਦੇ ਰੂਪ ਵਿੱਚ ਅਤੇ ਗੀਤਾ ਦਾ ਗਿਆਨ ਦਿੰਦੇ ਹੋਏ ਦਿਖਾਇਆ ਜਾਵੇਗਾ।

ਅਸਾਮ ਦੀ ਝਾਂਕੀ ਵਿੱਚ ਲੋਚਿਤ ਬੋਰਫੰਕਨ ਨੂੰ ਇੱਕ ਕਿਸ਼ਤੀ 'ਤੇ ਦਿਖਾਇਆ ਜਾਵੇਗਾ ਅਤੇ ਮਾਂ ਕਾਮਾਖਿਆ ਮੰਦਰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਕੇਰਲ ਦੀ ਝਾਂਕੀ ਵਿੱਚ ਰਾਜ ਵਿੱਚ ਮਹਿਲਾ ਸਸ਼ਕਤੀਕਰਨ ਦੀ ਲੋਕ ਪਰੰਪਰਾ ਨੂੰ ਪ੍ਰਮੁੱਖਤਾ ਦਿੱਤੀ ਜਾਵੇਗੀ। ਪੱਛਮੀ ਬੰਗਾਲ ਦੀ ਝਾਕੀ ਦੁਰਗਾ ਪੂਜਾ ਨੂੰ ਦਰਸਾਏਗੀ; ਮਹਾਰਾਸ਼ਟਰ ਦੀ ਝਾਕੀ ਰਾਜ ਦੀ ਮੰਦਰ ਸ਼ੈਲੀ ਅਤੇ ਲੋਕ ਕਲਾ ਨੂੰ ਉਜਾਗਰ ਕਰਦੇ ਹੋਏ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੀ ਪਿੱਠਭੂਮੀ ਨੂੰ ਦਰਸਾਏਗੀ।

# ਆਲੀਆ ਦੀ ਪਹਿਲੀ ਹਾਲੀਵੁੱਡ ਫ਼ਿਲਮ 'ਹਾਰਟ ਆਫ਼ ਸਟੋਨ'



**ਮੁੰਬਈ–** ਬਾਲੀਵੁੱਡ ਅਦਾਕਾਰਾ ਆਲੀਆ ਭੱਟ ਦੀ ਹੌਲੀਵੁੱਡ ਦੀ ਪਹਿਲੀ ਫ਼ਿਲਮ 'ਹਾਰਟ ਆਫ਼ ਸਟੋਨ' 11 ਅਗਸਤ ਨੂੰ ਰਿਲੀਜ਼ ਹੋਵੇਗੀ। ਇਸ ਫ਼ਿਲਮ ਵਿੱਚ ਗੈਲ ਗੈਡਟ ਅਤੇ ਜੈਮੀ ਡੌਰਨਨ ਮੁੱਖ ਅਦਾਕਾਰ ਹੋਣਗੇ। ਇਹ ਫਿਲਮ ਨੈਟਫਲਿੱਕਸ 'ਤੇ ਦਿਖਾਈ ਜਾਵੇਗੀ। ਨੈੱਟਫਲਿਕਸ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਫਿਲਮ ਦਾ ਟੀਜ਼ਰ ਤੇ ਵੀਡੀਓ ਵੀ ਜਨਤਕ ਕੀਤੇ ਹਨ। ਇਸੇ ਦਿਨ ਆਲੀਆ ਦੇ ਪਤੀ ਰਣਬੀਰ ਕਪੂਰ ਦੀ ਫਿਲਮ 'ਜਾਨਵਰ' ਵੀ ਰਿਲੀਜ਼ ਹੋ ਰਹੀ ਹੈ। 'ਹਾਰਟ ਆਫ ਸਟੋਨ ਦਾ ਨਿਰਦੇਸ਼ਨ ਟੌਮ ਹਾਰਪਰ ਨੇ ਕੀਤਾ ਹੈ ਤੇ ਇਹ ਟੌਮ ਕਰੂਜ਼ ਦੇ ਮਿਸ਼ਨ ਇੰਪੌਸੀਬਲ ਵਰਗੀ ਲੜੀ ਦੀ ਪਹਿਲੀ ਕਿਸ਼ਤ ਹੈ। ਇਸ ਫਿਲਮ ਵਿੱਚ ਗੈਲ, ਜੈਮੀ ਅਤੇ ਆਲੀਆ ਤੋਂ ਇਲਾਵਾ ਸੋਫੀ ਓਕੋਨਡੋ, ਮੈਥਿਸ ਸ਼ਵੇਗੋਫਰ, ਜਿੰਗ ਲੁਸੀ ਅਤੇ ਪੌਲ ਰੈਡੀ ਸਹਿ ਅਦਾਕਾਰ ਹਨ। ਇਸ ਦੇ ਕਲਿੱਪ ਵਿਚ 'ਐਕਸਟਰੈਕਸ਼ਨ 2', 'ਮਰਡਰ ਮਿਸਟਰੀ 2', 'ਰੈਬਲ ਮੂਨ' ਅਤੇ 'ਦਿ ਕਿਲਰ' ਦਾ ਟੀਜ਼ਰ ਵੀ ਦਿਖਾਇਆ ਗਿਆ ਹੈ। ਜੈਨੀਫਰ ਐਨਿਸਟੋਨ ਅਤੇ ਐਡਮ ਸੈਂਡਲਰ ਦੀ 13 ਮਾਰਚ ਨੂੰ 'ਮਰਡਰ ਮਿਸਟਰੀ 2' ਰਿਲੀਜ਼ ਹੋਵੇਗੀ ਜਦਕਿ 'ਐਕਸਟਰੈਕਸ਼ਨ 2' ਕ੍ਰਿਸ ਹੇਮਸਵਰਥ ਦੀ 'ਐਕਸਟਰੈਕਸ਼ਨ' ਦੀ ਦੂਜੀ ਕਿਸ਼ਤ ਹੈ ਜੋ 16 ਜੂਨ ਨੂੰ ਰਿਲੀਜ਼ ਹੋਵੇਗੀ। ਆਲੀਆ ਅਗਲੀ ਵਾਰ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਵਿੱਚ ਨਜ਼ਰ ਆਵੇਗੀ ਜਿਸ ਵਿਚ ਰਣਵੀਰ ਸਿੰਘ, ਧਰਮਿੰਦਰ, ਜਯਾ ਬੱਚਨ ਅਤੇ ਸ਼ਬਾਨਾ ਆਜ਼ਮੀ ਵੀ ਨਜ਼ਰ ਆਉਣਗੇ। ਇਹ ਫਿਲਮ 28 ਅਪਰੈਲ ਨੂੰ ਰਿਲੀਜ਼ ਹੋਵੇਗੀ।

# ਚੀਨ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਭੁੱਖਮਰੀ ਦੇ ਹਾਲਾਤ

**ਬੀਜਿੰਗ–** ਚੀਨ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ। ਚੀਨ ਭਾਵੇਂ ਆਪਣੇ ਆਪ ਨੂੰ ਅਮਰੀਕਾ ਦੇ ਬਰਾਬਰ ਸਮਝਦਾ ਹੋਵੇ ਪਰ ਇਸ ਦੇਸ਼ ਦੇ ਪੇਂਡੂ ਹਿੱਸਿਆਂ ਵਿਚ ਗਰੀਬੀ ਅਤੇ ਭੁੱਖਮਰੀ ਇੱਕ ਅਜਿਹਾ ਸੱਚ ਹੈ ਜੋ ਚੀਨ ਕਦੇ ਵੀ ਸਾਹਮਣੇ ਨਹੀਂ ਲਿਆਉਣਾ ਚਾਹੁੰਦਾ। ਵਿਸ਼ਵ ਬੈਂਕ ਦੀ ਰਿਪੋਰਟ ਦੇ ਅਨੁਸਾਰ, 100 ਮਿਲੀਅਨ ਚੀਨੀ ਲੋਕ ਬੇਸਹਾਰਾ ਜੀਵਨ ਬਤੀਤ ਕਰ ਰਹੇ ਹਨ ਅਤੇ ਉਨ੍ਹਾਂ ਦੀ ਆਮਦਨ 82 ਰੁਪਏ ਪ੍ਰਤੀ ਦਿਨ ਤੋਂ ਘੱਟ ਹੈ।ਚੀਨ ਆਪਣੇ ਸਖ਼ਤ ਕਾਨੂੰਨ ਲਈ ਜਾਣਿਆ ਜਾਂਦਾ ਹੈ। ਜਦੋਂ ਮੌਤ ਦੀ ਸਜ਼ਾ ਦੀ ਗੱਲ ਆਉਂਦੀ ਹੈ, ਤਾਂ ਚੀਨ ਵਿੱਚ ਗੋਲੀ ਮਾਰਨ ਅਤੇ ਘਾਤਕ ਟੀਕੇ ਲਗਾਉਣ ਵਰਗੇ ਬੇਰਹਿਮ ਤਰੀਕੇ ਵਰਤੇ ਜਾਂਦੇ ਹਨ। ਇੰਨਾ ਹੀ ਨਹੀਂ, ਪੂਰੀ ਦੁਨੀਆ ਵਿਚ ਮੌਤ ਦੀ ਸਜ਼ਾ ਤੋਂ 4 ਗੁਣਾ ਜ਼ਿਆਦਾ ਮੌਤ ਦੀ ਸਜ਼ਾ ਚੀਨ ਵਿਚ ਦਿੱਤੀ ਜਾਂਦੀ ਹੈ।ਚੀਨ ਵਿਚ ਪ੍ਰਦੂਸ਼ਣ ਦਾ ਪੱਧਰ ਇੰਨਾ ਜ਼ਿਆਦਾ ਹੈ ਕਿ ਲੋਕਾਂ ਲਈ ਮਾਸਕ ਤੋਂ ਬਿਨਾਂ ਰਹਿਣਾ ਮੁਸ਼ਕਲ ਹੋ ਗਿਆ ਹੈ। ਚੀਨ ਦੇ ਵਿਕਾਸ ਦੇ ਨਾਲ-ਨਾਲ ਉਦਯੋਗੀਕਰਨ ਅਤੇ ਸ਼ਹਿਰੀ ਵਿਕਾਸ ਨੇ ਇਸ ਦੇਸ਼ ਵਿੱਚ ਹਵਾ ਪ੍ਰਦੂਸ਼ਣ ਨੂੰ ਸਿਖਰ 'ਤੇ ਪਹੁੰਚਾਇਆ ਹੈ। ਇਸ ਕਾਰਨ ਲੋਕਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਚੀਨ ਵਿੱਚ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਨਹੀਂ ਹੈ। ਇੱਥੇ ਸਰਕਾਰ ਵਲੋਂ ਕਰੀਬ 3000 ਵੈੱਬਸਾਈਟਾਂ ਨੂੰ ਅੰਦਰੂਨੀ ਸੈਂਸਰਸ਼ਿਪ ਨੀਤੀ ਤਹਿਤ ਬਲਾਕ ਕੀਤਾ ਗਿਆ ਹੈ। ਲੋਕ ਸਿਰਫ਼ ਉਨ੍ਹਾਂ ਵੈੱਬਸਾਈਟਾਂ ਨੂੰ ਦੇਖ ਸਕਦੇ ਹਨ ਜਿਨ੍ਹਾਂ ਲਈ ਸਰਕਾਰ ਵਲੋਂ ਮਨਜ਼ੂਰੀ ਹੈ।





ਨਿਰਮਾਣ ਅਤੇ ਆਰਕੀਟੈਕਚਰ ਦੇ ਪਖੋਂ ਚੀਨ ਦਾ ਕੋਈ ਜਵਾਬ ਨਹੀਂ ਹੈ ਪਰ ਇੱਥੇ ਦੁਨੀਆ ਦਾ ਸਭ ਤੋਂ ਵੱਡਾ ਖਾਲੀ ਮਾਲ ਮੌਜੂਦ ਹੈ। ਵੱਡੀ ਗਿਣਤੀ ਵਿੱਚ ਮਜ਼ਦੂਰ ਹੋਣ ਦੇ ਬਾਵਜੂਦ, ਇਸ ਦੇਸ਼ ਵਿੱਚ ਕੰਪਲੈਕਸ ਖਾਲੀ ਪਏ ਹਨ। ਚੀਨ ਦਾ ਸ਼ਾਂਕਸੀ ਪ੍ਰਾਂਤ ਆਪਣੀ ਪੋਰਰ ਅਤੇ ਪੋਰਰ ਮਿੱਟੀ ਲਈ ਜਾਣਿਆ ਜਾਂਦਾ ਹੈ। ਇਸ ਇਲਾਕੇ ਵਿੱਚ ਲੋਕ ਘਰਾਂ ਦੀ ਬਜਾਏ ਗੁਫਾਵਾਂ ਬਣਾਕੇ ਰਹਿੰਦੇ ਹਨ। ਸੰਯੁਕਤ ਰਾਸ਼ਟਰ ਮਨੁੱਖੀ ਵਸੇਬਾ ਪ੍ਰੋਗਰਾਮ ਮੁਤਾਬਕ ਚੀਨ ਦੇ 35 ਮਿਲੀਅਨ ਲੋਕ ਗੁਫਾਵਾਂ ਵਿੱਚ ਰਹਿੰਦੇ ਹਨ। ਚੀਨ ਦੇ ਆਧੁਨਿਕ ਤਕਨੀਕ ਵਾਲੇ ਡਰੇਨੇਜ ਸਿਸਟਮ ਦੀ ਹਾਲਤ ਇੰਨੀ ਮਾੜੀ ਹੈ ਕਿ ਇੱਥੋਂ ਦੇ ਸੀਵਰੇਜ ਦਾ ਗੰਦਾ ਪਾਣੀ ਲੋਕਾਂ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਅਨੁਮਾਨ ਮੁਤਾਬਕ ਚੀਨ ਦੀ ਲਗਭਗ ਅੱਧੀ ਆਬਾਦੀ ਕੋਲ ਪੀਣ ਲਈ ਸਾਫ਼ ਪਾਣੀ ਨਹੀਂ ਹੈ। ਚੀਨ ਵਿੱਚ ਵਿੱਚ ਪੈਦਾ ਹੋਣ ਵਾਲੇ ਬੱਚੇ ਸਿਹਤ ਸਮੱਸਿਆਵਾਂ ਦਾ ਸਭ ਤੋਂ ਵੱਧ ਸਾਹਮਣਾ ਕਰ ਰਹੇ ਹਨ। ਚੀਨ ਵਿੱਚ ਧਰਮ ਦੀ ਗੱਲ ਕਰੀਏ ਤਾਂ ਇੱਥੇ ਈਸਾਈ ਤੇਜ਼ੀ ਨਾਲ ਵੱਧ ਰਹੇ ਹਨ। ਕਿਹਾ ਜਾਂਦਾ ਹੈ ਕਿ ਚੀਨ ਵਿਚ ਇਟਲੀ ਨਾਲੋਂ ਜ਼ਿਆਦਾ ਈਸਾਈ ਆਬਾਦੀ ਹੈ ਅਤੇ ਚਰਚ ਜਾਣ ਵਾਲਿਆਂ ਦੀ ਗਿਣਤੀ ਅਮਰੀਕਾ ਨਾਲੋਂ ਜ਼ਿਆਦਾ ਹੈ। ਤੁਸੀਂ ਚੀਨ ਦੇ ਭੂਤ ਸ਼ਹਿਰ ਬਾਰੇ ਵੀ ਸੁਣਿਆ ਹੋਵੇਗਾ। ਇਹ ਸ਼ਹਿਰ ਕਿਸੇ ਸਮੇਂ ਯੋਜਨਾਬੰਦੀ ਤਹਿਤ ਬਣਾਇਆ ਗਿਆ ਸੀ ਪਰ ਅੱਜ ਇੱਥੇ 65 ਲੱਖ ਖਾਲੀ ਪਏ ਘਰਾਂ ਤੋਂ ਇਲਾਵਾ ਕੁਝ ਵੀ ਨਹੀਂ ਹੈ ਕਿਉਂਕਿ ਇੰਨੇ ਮਹਿੰਗੇ ਘਰ ਕੋਈ ਖਰੀਦ ਨਹੀਂ ਸਕਦਾ।

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਵਾਈਟ ਹਾਊਸ ਵੱਲੋਂ ਭਾਰਤੀਆਂ ਸਮੇਤ ਏਸ਼ੀਅਨ ਅਮਰੀਕਨਾਂ ਦੀ ਸੁਰੱਖਿਆ ਤੇ ਬਰਾਬਰਤਾ ਲਈ ਕੌਮੀ ਰਣਨੀਤੀ ਦਾ ਐਲਾਨ

**ਸੈਕਰਾਮੈਂਟੋ)–** ਵਾਈਟ ਹਾਊਸ ਨੇ ਏਸ਼ੀਅਨ ਅਮਰੀਕਨਾਂ ਵਾਸਤੇ ਸਮਾਨਤਾ, ਨਿਆਂ ਤੇ ਮੌਕਿਆਂ ਦੇ ਵਿਕਾਸ ਲਈ ਪਹਿਲੀ ਵਾਰ ਕੌਮੀ ਰਣਨੀਤੀ ਜਾਰੀ ਕੀਤੀ ਹੈ। ਬਾਈਡਨ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੇ ਭਾਰਤੀਆਂ ਸਮੇਤ ਏਸ਼ੀਅਨ ਅਮਰੀਕਨਾਂ ਲਈ ਸੁਰੱਖਿਆ ਤੇ ਸਮਾਨਤਾ ਨੂੰ ਬੜਾਵਾ ਦੇਣ ਵਾਸਤੇ 32 ਸੰਘੀ ਏਜੰਸੀਆਂ ਵੱਲੋਂ ਤਿਆਰ ਕਾਰਵਾਈ ਯੋਜਨਾ ਦਾ ਵੇਰਵਾ ਇਕ ਵਰਚੂਅਲ ਸਮਾਗਮ ਦੌਰਾਨ ਦਿੱਤਾ। ਪਿਛਲੇ ਸਾਲ ਹੋਏ ਇਕ ਸਰਵੇ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਮਾਰਚ 2021 ਤੋਂ ਮਾਰਚ 2022 ਦਰਮਿਆਨ ਲੱਖਾਂ ਲੋਕ ਨਸਲੀ ਨਫਰਤੀ ਘਟਨਾਵਾਂ ਤੋਂ ਪ੍ਰਭਾਵਿਤ ਹੋਏ ਹਨ। ਨਸਲੀ ਨਫਰਤੀ ਅਪਰਾਧ ਦੀਆਂ ਵਧੀਆਂ ਘਟਨਾਵਾਂ ਕਾਰਨ ਅਮਰੀਕੀ ਸਰਕਾਰ ਨੇ ਕੌਮੀ ਰਣਨੀਤੀ ਤਿਆਰ ਕੀਤੀ ਹੈ। ਕਾਰਵਾਈ ਯੋਜਨਾ ਸਬੰਧੀ ਜਾਰੀ 20 ਸਫਿਆਂ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਾਣਕਾਰੀ ਪੰਜਾਬੀ, ਗੁਜਰਾਤੀ, ਬੰਗਾਲੀ ਤੇ ਉਰਦੂ ਸਮੇਤ ਵੱਖ ਵੱਖ ਭਾਸ਼ਾਵਾਂ ਵਿਚ ਮੁਹੱਈਆ ਕਰਵਾਈ ਜਾਵੇਗੀ। ਵਰਚੂਅਲ ਸਮਾਗਮ ਵਿਚ ਵਨੀਤਾ ਗੁਪਤਾ ਐਸੋਸੀਏਟ ਅਟਾਰਨੀ ਜਨਰਲ ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਭਾਸ਼ਾ ਹੀ ਮੌਤ ਤੇ ਜੀਵਨ ਵਿਚ ਫਰਕ ਕਰ ਸਕਦੀ ਹੈ। ਜੇਕਰ ਕੋਈ ਗਲਤ ਹੁੰਦਾ ਹੈ ਤਾਂ ਅਸੀਂ ਜਨਤਿਕ ਸੁਰੱਖਿਆ ਮਾਹਰਾਂ ਦੀਆਂ ਸੇਵਾਵਾਂ ਲੈ ਸਕਦੇ ਹਨ ਤੇ ਕਿਸੇ ਵੀ ਕਿਸਮ ਦੇ ਲਾਭ ਪਹੁੰਚਾਉਣ ਵਾਲੇ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਸਕਦੇ ਹਾਂ। ਹੋਰਨਾਂ ਤੋਂ ਇਲਾਵਾ ਚੀਰਾਗ ਬੈਂਸ ਡਿਪਟੀ ਅਸਿਸਟੈਂਟ ਟੂ ਪ੍ਰੈਜੀਡੈਂਟ ਆਨ ਰੇਸੀਅਲ ਜਸਟਿਸ ਐਂਡ ਇਕੁਇਟੀ ਨੇ ਵੀ ਵਰਚੂਅਲ ਸਮਾਗਮ ਵਿਚ ਹਿੱਸਾ ਲਿਆ।

# ਚੋਰਾਂ ਵੱਲੋਂ ਟੈਕਸਾਸ ਦੇ ਮੰਦਰ ਵਿਚ ਚੋਰੀ



**ਸੈਕਰਾਮੈਂਟੋ)–** ਚੋਰਾਂ ਨੇ ਟੈਕਸਾਸ ਦੇ ਸ੍ਰੀ ਓਮਕਰਨਾਥ ਮੰਦਰ ਵਿਚੋਂ ਦਾਨ ਬਕਸਾ ਚੋਰੀ ਕਰ ਲਿਆ। ਬਰਾਜ਼ੋਸ ਵੈਲੀ ਦੇ ਸ਼ੈਰਿਫ ਦਫਤਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਮੰਦਰ ਦੇ ਬੋਰਡ ਮੈਂਬਰ ਸ੍ਰੀਨਿਵਾਸਾ ਸੰਕਾਰੀ ਨੇ ਕਿਹਾ ਹੈ ਕਿ ਚੋਰ ਮੰਦਰ ਦੀ ਖਿੜਕੀ ਤੋੜਕੇ ਅੰਦਰ ਆਏ ਤੇ ਉਹ ਦਾਨ ਬਕਸਾ ਤੇ ਸੇਫ ਚੋਰੀ ਕਰਕੇ ਲੈ ਗਏ। ਉਨਾਂ ਕਿਹਾ ਕਿ ਮੰਦਰ ਦਾ ਪੁਜਾਰੀ ਤੇ ਉਸ ਦਾ ਪਰਿਵਾਰ ਜੋ ਮੰਦਰ ਦੇ ਪਿੱਛੇ ਬਣੇ ਕਮਰੇ ਵਿਚ ਰਹਿੰਦਾ ਹੈ, ਪੂਰੀ ਤਰਾਂ ਸੁਰੱਖਿਅਤ ਹੈ। ਸੰਕਾਰੀ ਨੇ ਕਿਹਾ ਕਿ ਇਸ ਘਟਨਾ ਕਾਰਨ ਹਿੰਦੂ ਭਾਈਚਾਰੇ ਨੂੰ ਡੂੰਘੀ ਸੱਟ ਵੱਜੀ ਹੈ ਤੇ ਉਹ ਆਸ ਕਰਦੇ ਹਨ ਕਿ ਭਵਿੱਖ ਵਿਚ ਅਜਿਹੀ ਘਟਨਾ ਨਾ ਵਾਪਰੇ। ਹਿੰਦੂ ਭਾਈਚਾਰੇ ਨੇ ਮੰਗ ਕੀਤੀ ਹੈ ਕਿ ਉਨਾਂ ਦੇ ਧਾਰਮਿੱਕ ਸਥਾਨਾਂ ਦੀ ਸੁਰੱਖਿਆ ਯਕੀਨੀ ਕੀਤੀ ਜਾਵੇ। ਪੁਲਿਸ ਚੋਰਾਂ ਦੀ ਭਾਲ ਲਈ ਮੰਦਰ ਵਿਚ ਲੱਗੇ ਕੈਮਰਿਆਂ ਦੀ ਛਾਣਬੀਣ ਕਰ ਰਹੀ ਹੈ।

# ਅਮਰੀਕਾ ਦੇ ਇਕ ਹਸਪਤਾਲ ਵਿਚ ਪਤਨੀ ਨੇ ਬਿਮਾਰ ਪਤੀ ਨੂੰ ਮਾਰੀ ਗੋਲੀ, ਹੋਈ ਗ੍ਰਿਫਤਾਰ

**ਸੈਕਰਾਮੈਂਟੋ–** ਪੁਲਿਸ ਨੇ ਇਕ 76 ਸਾਲਾ ਐਲਨ ਗਿਲਾਂਡ ਨਾਮੀ ਔਰਤ ਨੂੰ ਆਪਣੇ ਬਿਮਾਰ ਪਤੀ 77 ਸਾਲਾ ਜੈਰੀ ਗਿਲਾਂਡ ਨੂੰ ਗੋਲੀ ਮਾਰ ਕੇ ਮਾਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਡੇਅਟੋਨਾ ਬੀਚ ਫਲੋਰਿਡਾ ਦੇ ਇਕ ਹਸਪਤਾਲ ਵਿਚ ਵਾਪਰੀ ਹੈ ਜਿਥੇ ਉਸ ਦਾ ਬਿਮਾਰ ਪਤੀ ਦਾਖਲ ਸੀ। ਪੁਲਿਸ ਅਨੁਸਾਰ ਔਰਤ ਆਪਣੇ ਪਤੀ ਨੂੰ ਮਾਰਨ ਉਪਰੰਤ ਖੁਦ ਵੀ ਮਰਨਾ ਚਹੁੰਦੀ ਸੀ ਪਰੰਤੂ ਉਹ ਬਿਮਾਰ ਪਤੀ ਨੂੰ ਮਾਰਨ ਉਪਰੰਤ ਆਪਣੇ ਆਪ ਨੂੰ ਗੋਲੀ ਨਾ ਮਾਰ ਸਕੀ।



ਡੇਅਟੋਨਾ ਬੀਚ ਪੁਲਿਸ ਮੁੱਖੀ ਜਕਾਰੀ ਈ ਯੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਕਿ ਐਡਵੈਂਟ ਹੈਲਥ ਹਸਪਤਾਲ ਵਿਚ ਦਾਖਲ 77 ਸਾਲਾ ਵਿਅਕਤੀ ਨੇ ਆਪਣੀ ਪਤਨੀ ਨਾਲ ਯੋਜਨਾ ਬਣਾਈ ਸੀ ਕਿ ਉਹ ਉਸ ਨੂੰ ਖਤਮ ਕਰ ਦੇਵੇ ਕਿਉਂਕਿ ਉਹ ਆਪਣੀ ਬਿਮਾਰੀ ਤੋਂ ਅੱਕ ਚੁੱਕਾ ਹੈ। ਵਿਅਕਤੀ ਖੁੱਦ ਆਪਣੇ ਆਪ ਨੂੰ ਗੋਲੀ ਮਾਰਨਾ ਚਹੁੰਦਾ ਸੀ ਪਰੰਤੂ ਉਹ ਸਰੀਰਕ ਤੌਰ 'ਤੇ ਏਨਾ ਕਮਜੋਰ ਸੀ ਕਿ ਉਹ ਅਜਿਹਾ ਕਰਨ ਵਿੱਚ ਅਸਮਰਥ ਸੀ। ਔਰਤ ਨੇ ਪਤੀ ਦੇ ਸਿਰ ਵਿਚ ਗੋਲੀ ਮਾਰਨ ਉਪਰੰਤ ਖੁਦ ਨੂੰ ਹਸਪਤਾਲ ਦੇ ਇਕ ਕਮਰੇ ਵਿਚ ਬੰਦ ਕਰ ਲਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਔਰਤ ਨੂੰ ਕਮਰੇ ਵਿਚੋਂ ਕੱਢ ਕੇ ਹਿਰਾਸਤ ਵਿਚ ਲੈ ਲਿਆ। ਯੰਗ ਅਨੁਸਾਰ ਪੁਲਿਸ ਸਵੇਰੇ 11।30 ਵਜੇ ਹਸਪਤਾਲ ਪੁੱਜੀ ਤੇ ਸ਼ਾਮ ਦੇ 3 ਵਜੇ ਉਹ ਔਰਤ ਨੂੰ ਕਮਰੇ ਵਿਚੋਂ ਬਾਹਰ ਕੱਢਣ ਵਿਚ ਸਫਲ ਹੋ ਗਈ। ਗੋਲੀ ਚੱਲਣ ਉਪਰੰਤ ਹਸਪਤਾਲ ਵਿਚ ਅਫਰਾ ਤਫਰੀ ਦਾ ਮਾਹੌਲ ਬਣ ਗਿਆ ਤੇ ਮਰੀਜ਼ਾਂ ਨੂੰ ਇਕ ਤਰਾਂ ਬੰਧਕ ਬਣਾ ਲੈਣ ਵਰਗੇ ਹਾਲਾਤ ਬਣ ਗਏ। ਬਹੁਤ ਸਾਰੇ ਮਰੀਜ਼ ਵੈਂਟੀਲੇਟਰ ਉਤੇ ਸਨ ਜਿਨਾਂ ਨੂੰ ਸੁਰੱਖਿਅਤ ਬਾਹਰ ਕੱਢਣਾ ਸੌਖਾ ਕੰਮ ਨਹੀਂ ਸੀ। ਡਾ ਜੋਸ਼ੂਆ ਹੌਰਨਸਟੀਨ ਜੋ ਹਸਪਤਾਲ ਵਿਚ ਦਿੱਲ ਦੇ ਰੋਗਾਂ ਦੇ ਮਾਹਿਰ ਵਜੋਂ ਕੰਮ ਕਰਦੇ ਹਨ, ਨੇ ਦਸਿਆ ਕਿ ਜਦੋਂ ਉਸ ਨੂੰ ਗੋਲੀ ਚੱਲਣ ਬਾਰੇ ਪਤਾ ਲੱਗਾ ਤਾਂ ਉਹ ਐਮਰਜੰਸੀ ਵਿਭਾਗ ਵਿਚ ਕੰਮ ਕਰ ਰਿਹਾ ਸੀ। ਉਨਾਂ ਕਿਹਾ ਕਿ ਕੋਈ ਵਿਅਕਤੀ ਚੀਕਦਾ ਹੋਇਆ ਆਇਆ ਤੇ ਉਸ ਨੇ ਗੋਲੀ ਚੱਲਣ ਬਾਰੇ ਦਸਿਆ। ਡਾਕਟਰ ਅਨੁਸਾਰ ਉਹ ਬਹੁਤ ਡਰ ਗਿਆ ਸੀ ਤੇ ਉਹ ਡੇਢ ਘੰਟੇ ਤੱਕ ਇਕ ਨਰਸ ਨਾਲ ਸਪਲਾਈ ਕਮਰੇ ਵਿਚ ਲੁੱਕਿਆ ਰਿਹਾ। ਯੰਗ ਨੇ ਕਿਹਾ ਕਿ ਔਰਤ ਵਿਰੁੱਧ ਫਸਟ ਡਿਗਰੀ ਹੱਤਿਆ ਦੇ ਦੋਸ਼ ਆਇਦ ਕੀਤੇ ਜਾਣਗੇ। ਉਨਾਂ ਕਿਹਾ ਕਿ ਔਰਤ ਨੂੰ ਆਪਣੇ ਕਾਰੇ ਉਪਰ ਬਹੁਤ ਅਫਸੋਸ ਹੈ ਤੇ ਉਸ ਲਈ ਹਾਲਾਤ ਬਹੁਤ ਪ੍ਰਤੀਕੂਲ ਹਨ। ਅਜੇ ਇਹ ਨਹੀਂ ਪਤਾ ਲੱਗ ਸਕਿਆ ਕਿ ਔਰਤ ਗੰਨ ਕਿਥੋਂ ਲੈ ਕੇ ਆਈ ਸੀ ਕਿਉਂਕਿ ਹਸਪਤਾਲ ਵਿਚ ਮੈਟਲ ਡਿਟੈਕਸ਼ਨ ਸਕਿਉਰਿਟੀ ਸਿਸਟਮ ਹੈ।

# 12000 ਮੁਲਾਜ਼ਮਾਂ ਦੀ ਛਾਂਟੀ ਉਪਰ ਮੈਨੂੰ ਬੇਹੱਦ ਅਫਸੋਸ ਹੈ-ਸੁੰਦਰ ਪਚਾਈ

**ਸੈਕਰਾਮੈਂਟੋ)–** ਐਲਫਾਬੈਟ ਤੇ ਗੁੱਗਲ ਦੇ ਸੀ ਈ ਓ ਸੁੰਦਰ ਪਚਾਈ ਨੇ ਕਿਹਾ ਹੈ ਕਿ ਤਕਰੀਬਨ 12000 ਮੁਲਾਜ਼ਮਾਂ ਦੀ ਛਾਂਟੀ ਉਪਰ ਉਨਾਂ ਨੂੰ ਅਫਸੋਸ ਹੈ ਤੇ ਉਹ ਇਸ ਨਿਰਨੇ ਦੀ ਪੂਰੀ ਜਿੰਮੇਵਾਰੀ ਲੈਂਦੇ ਹਨ। ਉਨਾਂ ਕਿਹਾ ਕਿ ਅਮਰੀਕਾ ਵਿਚ ਜੋ ਇਸ ਨਿਰਨੇ ਤੋਂ ਪ੍ਰਭਾਵਿਤ ਹੋਏ ਹਨ,ਉਨਾਂ ਨੂੰ ਵੱਖਰੀ ਈ ਮੇਲ ਭੇਜ ਦਿੱਤੀ ਗਈ ਹੈ ਜਦ ਕਿ ਬਾਕੀ ਦੇਸ਼ਾਂ ਦੇ ਸਥਾਨਕ ਕਾਨੂੰਨਾਂ ਕਾਰਨ ਇਸ ਪ੍ਰਕ੍ਰਿਆ ਨੂੰ ਸਮਾਂ ਲੱਗ ਸਕਦਾ ਹੈ। ਯੂ ਐਸ ਗੁੱਗਲ ਹਟਾਏ ਗਏ ਮੁਲਾਜ਼ਮਾਂ ਨੂੰ ਘੱਟੋ ਘੱਟ 60 ਦਿਨਾਂ ਦੀ ਤਨਖਾਹ ਦੇਵੇਗਾ ਤੇ ਉਨਾਂ ਨੂੰ ਬਰਖਾਸਤਗੀ ਪੈਕੇਜ਼ ਦੀ ਪੇਸ਼ਕਸ਼ ਕੀਤੀ ਗਈ ਹੈ ਜੋ 16 ਹਫਤਿਆਂ ਦੀ ਤਨਖਾਹ ਤੋਂ ਸ਼ੁਰੂ ਹੁੰਦਾ ਹੈ।

ਇਸ ਤੋਂ ਇਲਾਵਾ ਹਰ ਇਕ ਸਾਲ ਲਈ 2 ਹਫਤਿਆਂ ਦੀ ਵਾਧੂ ਤਨਖਾਹ ਦਿੱਤੀ ਜਾਵੇਗੀ। ਉਨਾਂ ਨੂੰ 2022 ਦਾ ਬੋਨਸ ਤੇ ਛੁੱਟੀਆਂ ਦੇ ਪੈਸੇ ਵੀ ਦਿੱਤੇ ਜਾਣਗੇ। ਪਚਾਈ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਹਟਾਉਣਾ ਕੋਈ ਸੌਖਾ ਕੰਮ ਨਹੀਂ ਹੈ ਤੇ ਅਸੀਂ ਮੁਲਾਜ਼ਮਾਂ ਦੀ ਨਵੇਂ ਮੌਕਿਆਂ ਦੀ ਭਾਲ ਵਿਚ ਮੱਦਦ ਕਰਾਂਗੇ।

# ਲੁਇਸੀਆਨਾ ਦੇ ਨਾਈਟ ਕਲੱਬ ਵਿਚ ਹੋਈ ਗੋਲੀਬਾਰੀ ਵਿੱਚ 12 ਜ਼ਖਮੀ







**ਸੈਕਰਾਮੈਂਟੋ–** ਬੈਟਨ ਰੌਗ, ਲੁਇਸੀਆਨਾ ਦੇ ਇਕ ਨਾਈਟ ਕਲੱਬ ਵਿਚ ਗੋਲੀਬਾਰੀ ਹੋਣ ਦੀ ਖਬਰ ਹੈ ਜਿਸ ਵਿਚ 12 ਵਿਅਕਤੀ ਜ਼ਖਮੀ ਹੋਏ ਹਨ। ਪੁਲਿਸ ਦੇ ਬੁਲਾਰੇ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਇਹ ਘਟਨਾ ਅਚਨਚੇਤ ਨਹੀਂ ਵਾਪਰੀ ਹੈ ਬਲਕਿ ਇਹ ਗਿਣਮਿਥ ਕੇ ਕੀਤਾ ਗਿਆ ਹਮਲਾ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਡੀਓਰ ਬਾਰ ਐਂਡ ਲੌਂਜ ਵਿਖੇ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਇਕ ਵਿਅਕਤੀ ਸ਼ਾਮਿਲ ਸੀ ਜਿਸ ਦੀ ਭਾਲ ਕੀਤੀ ਜਾ ਰਹੀ ਹੈ।

# ਵਿਆਹ ਦੀ ਵਰੇ ਗੰਢ ਮਨਾਉਣ ਮੈਕਸੀਕੋ ਗਏ ਕੈਲੀਫੋਰਨੀਆ ਦੇ ਵਕੀਲ ਦੀ ਭੇਦਭਰੀ ਮੌਤ, ਸੰਭਾਵੀ ਹੱਤਿਆ ਦਾ ਸ਼ੱਕ



**ਸੈਕਰਾਮੈਂਟੋ)–** ਔਰੇਂਜ ਕਾਊਂਟੀ, ਕੈਲੀਫੋਰਨੀਆ ਵਿਚ ਡਿਪਟੀ ਪਬਲਿਕ ਡਿਫੈਂਡਰ ਵਜੋਂ ਕੰਮ ਕਰਦੇ 33 ਸਾਲਾ ਈਲੀਆਟ ਬਲੇਅਰ ਜੋ ਆਪਣੀ ਪਤਨੀ ਨਾਲ ਮੈਕਸੀਕੋ ਵਿਚ ਆਪਣੇ ਵਿਆਹ ਦੀ ਪਹਿਲੀ ਵਰੇ ਗੰਢ ਮਨਾਉਣ ਗਿਆ ਸੀ,ਦੀ ਭੇਦਭਰੀ ਮੌਤ ਹੋ ਗਈ ਹੈ। ਵਕੀਲ ਦੇ ਪਰਿਵਾਰ ਨੇ ਹੱਤਿਆ ਦਾ ਸ਼ੱਕ ਪ੍ਰਗਟਾਇਆ ਹੈ। ਇਕ ਅਧਿਕਾਰੀ ਨੇ ਕਿਹਾ ਹੈ ਕਿ ਮਾਮਲੇ ਦੀ ਸੰਭਾਵੀ ਹੱਤਿਆ ਦੇ ਨਜ਼ਰੀਏ ਤੋਂ ਜਾਂਚ ਹੋਵੇਗੀ। ਪੋਸਟ ਮਾਰਟਮ ਰਿਪੋਰਟ ਅਨੁਸਾਰ ਵਕੀਲ ਦੀ ਮੌਤ ਸਿਰ ਵਿਚ ਡੂੰਘੀ ਸੱਟ ਵੱਜਣ ਕਾਰਨ ਹੋਈ ਹੈ। ਬਲੇਅਰ ਸੈਨ ਡਇਏਗੋ ਦੇ ਦੱਖਣ ਵਿਚ ਰੋਸਰੀਟੋ ਬੀਚ 'ਤੇ ਲਾਸ ਰੋਕਸ ਰਿਜ਼ਾਰਟ ਵਿਚ ਮ੍ਰਿਤਕ ਹਾਲਤ ਵਿਚ ਮਿਲਿਆ ਸੀ ਜਿਥੇ ਉਹ ਤੇ ਉਸ ਦੀ ਪਤਨੀ ਕਿਮ ਠਹਿਰੇ ਹੋਏ ਸਨ। ਇਸੇ ਦੌਰਾਨ ਕੈਲੀਫੋਰਨੀਆ ਅਟਾਰਨੀ ਜਨਰਲ ਦੇ ਦਫਤਰ ਨੇ ਕਿਹਾ ਹੈ ਕਿ ਲੱਗਦਾ ਹੈ ਕਿ ਵਕੀਲ ਦੀ ਮੌਤ ਤੀਸਰੀ ਮੰਜਿਲ ਤੋਂ ਅਚਾਨਕ ਡਿੱਗਣ ਕਾਰਨ ਹੋਈ ਹੈ।

# ਅਲਾਸਕਾ ਵਿਚ ਰਿੱਛ ਦੇ ਹਮਲੇ ਵਿੱਚ ਮਾਂ -ਪੁੱਤ ਦੀ ਮੌਤ, ਰਿੱਛ ਨੂੰ ਮਾਰੀ ਗੋਲੀ

**ਸੈਕਰਾਮੈਂਟੋ)–** ਅਲਾਸਕਾ ਵਿਚ ਦੂਰ ਦਰਾਜ ਦੇ ਕਸਬੇ ਵੇਲਸ ਵਿਚ ਇਕ ਰਿੱਛ ਨੇ ਹਮਲਾ ਕਰਕੇ ਇਕ ਔਰਤ ਤੇ ਉਸ ਦੇ ਬੱਚੇ ਨੂੰ ਮਾਰ ਦਿੱਤਾ। ਮ੍ਰਿਤਕ ਔਰਤ ਦੀ ਪਛਾਣ 24 ਸਾਲਾ ਸਮਰ ਮਾਈਓਮਿਕ ਤੇ ਉਸ ਦੇ ਇਕ ਸਾਲ ਦੇ ਪੁੱਤਰ ਕਲਾਈਡ ਆਂਗਟੋਵਸਰਕ ਵਜੋਂ ਹੋਈ ਹੈ। ਰਾਜ ਦੀ ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਰਿੱਛ ਨੇ ਪੱਛਮੀ ਅਲਾਸਕਾ ਦੇ ਕਸਬੇ ਵੇਲਸ ਵਿਚ ਦਾਖਲ ਹੋਣ ਉਪਰੰਤ ਮਾਂ ਤੇ ਉਸ ਦੇ ਕੁੱਛੜ ਚੁੱਕੇ ਬੱਚੇ ਦਾ ਪਿੱਛਾ ਕਰਕੇ ਉਨਾਂ ਉਪਰ ਹਮਲਾ ਕਰ ਦਿੱਤਾ। ਹਾਲਾਂ ਕਿ ਹਮਲੇ ਉਪਰੰਤ ਇਕ ਸਥਾਨਕ ਵਾਸੀ ਨੇ ਗੋਲੀ ਮਾਰ ਕੇ ਰਿੱਛ ਨੂੰ ਵੀ ਮਾਰ ਦਿੱਤਾ ਪਰੰਤੂ ਰਿੱਛ ਦੇ ਹਮਲੇ ਵਿਚ ਗੰਭੀਰ ਜਖਮੀ ਹੋਏ ਮਾਂ-ਪੁੱਤ ਵੀ ਦਮ ਤੋੜ ਗਏ। ਅਲਾਸਕਾ ਦੇ ਜਨਤਿਕ ਸੁਰੱਖਿਆ ਵਿਭਾਗ ਦੇ ਲੋਕ ਸੰਪਰਕ ਅਧਿਕਾਰੀ ਆਸਟਿਨ ਮੈਕਡੈਨੀਅਲ ਨੇ ਕਿਹਾ ਹੈ ਕਿ ਖਰਾਬ ਮੌਸਮ ਕਾਰਨ ਪੁਲਿਸ ਅਧਿਕਾਰੀ ਮੌਕੇ ਉਪਰ ਨਹੀਂ ਪੁੱਜ ਸਕੇ। ਵੇਲਸ ਇਕ ਬਹੁਤ ਹੀ ਛੋਟਾ ਜਿਹਾ ਕਸਬਾ ਹੈ ਜਿਸ ਦੀ ਆਬਾਦੀ 200 ਤੋਂ ਵੀ ਘੱਟ ਹੈ।

# ਮਿਸ਼ੀਗਨ ਵਿਚ ਸੁਰੱਖਿਆ ਗਾਰਡ ਦੀ ਹੱਤਿਆ ਦੇ ਮਾਮਲੇ ਵਿਚ 3 ਨੂੰ ਜੀਵਨ ਭਰ ਲਈ ਜੇਲ

**ਸੈਕਰਾਮੈਂਟੋ)–** ਮਈ 2020 ਵਿਚ ਫਲਿੰਟ, ਮਿਸ਼ੀਗਨ ਵਿਚ ਫੈਮਿਲੀ ਡਾਲਰ ਸਟੋਰ ਦੇ ਇਕ ਸੁਰੱਖਿਆ ਗਾਰਡ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਇਕ ਅਦਾਲਤ ਨੇ ਇਕ ਪਰਿਵਾਰ ਦੇ 3 ਜੀਆਂ ਨੂੰ ਜੀਵਨ ਭਰ ਲਈ ਜੇਲ ਦੀ ਸਜ਼ਾ ਸੁਣਾਈ ਹੈ। ਕੈਲਵਿਨ ਮੁਨਰਲਿਨ ਨਾਮੀ ਸੁਰੱਖਿਆ ਗਾਰਡ ਦੀ ਉਸ ਵੇਲੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਉਸ ਨੇ ਇਕ ਔਰਤ ਨੂੰ ਸਟੋਰ ਵਿਚ ਖਰੀਦਦਾਰੀ ਸਮੇ ਕੋਵਿਡ-19 ਤੋਂ ਬਚਾਅ ਲਈ ਮਾਸਕ ਪਾਉਣ ਲਈ ਕਿਹਾ ਸੀ। ਹੱਤਿਆ ਲਈ 47 ਸਾਲਾ ਸ਼ਰਮਲ ਲੇਸ਼ ਟੀਗ, ਤੇ ਉਸ ਦੀ ਪਤਨੀ 47 ਸਾਲਾ ਲੈਰੀ ਐਡਵਰਡ ਟੀਗ ਤੇ ਉਨਾਂ ਦੇ ਪੁੱਤਰ ਰਮਨੀਆ ਟਾਰਵਨ ਬਿਸ਼ਪ ਨੂੰ ਦੋਸ਼ੀ ਠਹਿਰਾਇਆ ਗਿਆ। ਗੀਨੀਜ ਕਾਊਂਟੀ ਸਰਕਟ ਕੋਰਟ ਵੱਲੋਂ ਜਾਰੀ ਆਦੇਸ਼ ਅਨੁਸਾਰ ਹੱਤਿਆ ਲਈ ਹਰ ਇਕ ਨੂੰ ਉਮਰ ਭਰ ਜੇਲ ਵਿਚ ਬਿਤਾਉਣੀ ਪਵੇਗੀ।

# 10 ਦਿਨ ਪਹਿਲਾਂ ਵਿਦਿਆਰਥੀ ਵੀਜ਼ੇ 'ਤੇ ਅਮਰੀਕਾ ਗਏ ਆਂਧਰਾ ਪ੍ਰਦੇਸ਼ ਦੇ ਨੌਜਵਾਨ ਦੀ ਲੁਟੇਰਿਆਂ ਨੇ ਗੋਲੀ ਮਾਰ ਕੇ ਹੱਤਿਆ ਕੀਤੀ, ਦੂਜਾ ਜ਼ਖ਼ਮੀ

**ਹੈਦਰਾਬਾਦ–** ਅਮਰੀਕਾ ਵਿੱਚ ਲੁਟੇਰਿਆਂ ਦੀ ਗੋਲੀਬਾਰੀ ਵਿੱਚ ਆਂਧਰਾ ਪ੍ਰਦੇਸ਼ ਦੇ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਤਿਲੰਗਾਨਾ ਦਾ ਇੱਕ ਹੋਰ ਵਿਦਿਆਰਥੀ ਜ਼ਖ਼ਮੀ ਹੋ ਗਿਆ। ਵਿਦਿਆਰਥੀਆਂ ਦੇ ਪਰਿਵਾਰ ਵਾਲਿਆਂ ਤੱਕ ਪਹੁੰਚੀ ਜਾਣਕਾਰੀ ਮੁਤਾਬਕ ਇਹ ਘਟਨਾ ਐਤਵਾਰ ਨੂੰ ਸ਼ਿਕਾਗੋ ਦੇ ਪ੍ਰਿੰਸਟਨ ਪਾਰਕ 'ਚ ਹੋਈ। ਆਂਧਰਾ ਪ੍ਰਦੇਸ਼ ਦੇ ਵਿਜੈਵਾੜਾ ਦੇ ਨੰਦਾਪੂ ਦੇਵਾਂਸ਼ (23) ਦੀ ਮੌਤ ਹੋ ਗਈ, ਜਦਕਿ ਹੈਦਰਾਬਾਦ ਦਾ ਕੋਪਲਾ ਸਾਈ ਚਰਨ ਜ਼ਖ਼ਮੀ ਹੋ ਗਿਆ। ਵਿਸ਼ਾਖਾਪਟਨਮ ਦਾ ਇੱਕ ਹੋਰ ਵਿਦਿਆਰਥੀ ਲਕਸ਼ਮਣ ਵਾਲ-ਵਾਲ ਬਚ ਗਿਆ। ਤਿਲੰਗਾਨਾ ਅਤੇ ਆਂਧਰਾ ਪ੍ਰਦੇਸ਼ ਦੇ ਤਿੰਨ ਵਿਦਿਆਰਥੀ ਸ਼ਿਕਾਗੋ ਦੀ ਗਵਰਨਰ



ਸਟੇਟ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਤੋਂ ਬਾਅਦ ਸਿਰਫ਼ 10 ਦਿਨ ਪਹਿਲਾਂ ਹੀ ਅਮਰੀਕਾ ਗਏ ਸਨ। ਉਨ੍ਹਾਂ ਨੇ ਸ਼ਿਕਾਗੋ ਵਿਚ ਕਿਰਾਏ 'ਤੇ ਰਿਹਾਇਸ਼ ਲਈ ਸੀ ਅਤੇ ਇਕੱਠੇ ਰਹਿ ਰਹੇ ਸਨ। ਐਤਵਾਰ ਸ਼ਾਮ ਨੂੰ ਤਿੰਨੋਂ ਇੰਟਰਨੈੱਟ ਕੁਨੈਕਸ਼ਨ ਲਈ ਰਾਊਟਰ ਖਰੀਦਣ ਲਈ ਨਿਕਲੇ ਸਨ, ਜਦੋਂ ਉਹ ਸ਼ਾਪਿੰਗ ਮਾਲ ਵੱਲ ਜਾ ਰਹੇ ਸਨ ਤਾਂ ਦੋ ਹਥਿਆਰਬੰਦ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮੋਬਾਈਲ ਫੋਨ ਦੇਣ ਲਈ ਕਿਹਾ ਤੇ ਫੋਨ ਨੂੰ ਅਨਲਾਕ ਕਰਨ ਲਈ ਪਿੰਨ ਲੈ ਲਿਆ। ਲੁਟੇਰਿਆਂ ਨੇ ਵਿਦਿਆਰਥੀਆਂ ਤੋਂ ਪੈਸੇ ਵੀ ਲੁੱਟ ਲਏ। ਭੱਜਦੇ ਸਮੇਂ ਉਨ੍ਹਾਂ ਗੋਲੀਆਂ ਚਲਾ ਦਿੱਤੀਆਂ।

# ਸਕਾਟਲੈਂਡ: ਤੇਜ ਰਿਕਾਰਡਜ਼ ਅਤੇ ਪੰਜ ਦਰਿਆ ਯੂਕੇ ਦੀ ਪੇਸ਼ਕਸ਼ ਗੀਤ 'ਬੱਸ ਡਰਾਈਵਰ' ਨੂੰ ਅੰਗਰੇਜ਼ੀ ਮੀਡੀਆ ਨੇ ਹੱਥਾਂ 'ਤੇ ਚੁੱਕਿਆ










**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਦੀ ਧਰਤੀ ਤੋਂ ਉਪਜੇ ਗੀਤ 'ਬੱਸ ਡਰਾਈਵਰ' ਨੇ ਸਮੁੱਚੇ ਵਿਸ਼ਵ ਵਿੱਚ ਧੁੰਮ ਮਚਾਈ ਹੋਈ ਹੈ। ਇਸ ਗੀਤ ਦੇ ਗਾਇਕ ਰਣਜੀਤ ਸਿੰਘ ਵੀਰ ਬਰਮਿੰਘਮ ਦੇ ਵਸਨੀਕ ਹਨ ਅਤੇ ਖੁਦ ਇੱਕ ਬੱਸ ਡਰਾਈਵਰ ਹਨ। ਉਹਨਾਂ ਇਸ ਗੀਤ ਨੂੰ ਰਿਲੀਜ਼ ਕਰਨ ਦੀ ਜਿੰਮੇਵਾਰੀ ਯੂਕੇ ਦੇ ਹੁਣ ਤੱਕ ਦੇ ਪਹਿਲੇ ਪੰਜਾਬੀ ਈਪੇਪਰ 'ਪੰਜ ਦਰਿਆ ਯੂਕੇ' ਦੀ ਝੋਲੀ ਪਾਈ। ਇਸ ਉਪਰੰਤ ਸਕਾਟਲੈਂਡ ਤੋਂ ਹੀ ਸੰਚਾਲਿਤ ਯੂ-ਟਿਊਬ ਚੈਨਲ 'ਤੇਜ ਰਿਕਾਰਡਜ਼' ਰਾਂਹੀਂ ਇਸ ਗੀਤ ਨੂੰ ਦਰਸ਼ਕਾਂ ਦੀ ਝੋਲੀ ਪਾਇਆ ਗਿਆ। ਸੰਗੀਤਕਾਰ ਡੀ ਗਿੱਲ ਦੇ ਸੰਗੀਤ ਵਿੱਚ ਪਰੋਇਆ ਇਹ ਗੀਤ ਬੇਸ਼ੱਕ ਪੰਜਾਬੀ ਭਾਸ਼ਾ ਵਿੱਚ ਹੈ ਪਰ ਇੱਕ ਡਰਾਈਵਰ ਵੱਲੋਂ ਆਪਣੇ ਕਿੱਤੇ ਪ੍ਰਤੀ ਲਗਨ ਨੂੰ ਗੀਤ ਰਾਹੀ ਬਿਆਨ ਕਰਨ ਦੇ ਉੱਦਮ ਨੂੰ ਸਲਾਹੁਦਿਆਂ ਬੀ ਬੀ ਸੀ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ, ਆਈ ਟੀਵੀ, ਮੈਟਰੋ, ਐਕਸਪ੍ਰੈਸ ਐਂਡ ਸਟਾਰ, ਨਿਊਯਾਰਕ ਟਾਈਮਜ਼ ਸਮੇਤ ਵਿਸ਼ਵ ਦੇ ਲਗਭਗ ਸਾਰੇ ਵੱਡੇ ਅਖ਼ਬਾਰੀ ਅਦਾਰਿਆਂ ਨੇ ਇਸ ਗੀਤ ਨੂੰ ਆਪਣੇ ਮੰਚ ਰਾਂਹੀਂ ਪ੍ਰਚਾਰਿਆ ਹੈ।

ਜਿਸ ਦਾ ਨਤੀਜਾ ਇਹ ਨਿੱਕਲ ਰਿਹਾ ਹੈ ਕਿ ਰਣਜੀਤ ਸਿੰਘ ਵੀਰ ਦੀ ਲਗਭਗ ਹਰ ਰੋਜ ਕਿਸੇ ਨਾ ਕਿਸੇ ਅੰਗਰੇਜ਼ੀ ਚੈਨਲ 'ਤੇ ਇੰਟਰਵਿਊ ਹੋ ਰਹੀ ਹੁੰਦੀ ਹੈ। ਤੇਜ ਰਿਕਾਰਡਜ਼ ਅਤੇ ਪੰਜ ਦਰਿਆ ਯੂਕੇ ਦੇ ਸਾਂਝੇ ਉੱਦਮ ਨੂੰ ਇੰਨਾ ਵੱਡਾ ਮਾਣ ਮਿਲਣਾ ਬਿਆਨ ਕਰਨ ਤੋਂ ਪਰ੍ਹੇ ਹੈ।

ਰਣਜੀਤ ਸਿੰਘ ਵੀਰ ਨੇ ਕਿਹਾ ਕਿ ਪੰਜਾਬੀ ਮੀਡੀਆ ਵਿੱਚ ਚਰਚਾ ਹੋਣ 'ਤੇ ਸਿਰਫ਼ ਪੰਜਾਬੀ ਭਾਈਚਾਰੇ ਦੇ ਲੋਕ ਹੀ ਉਸ ਨੂੰ ਰਾਹ ਖੜੇ ਬੁਲਾਉਂਦੇ ਸਨ ਪਰ ਹੁਣ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਚੈਨਲਾਂ 'ਤੇ ਇੰਟਰਵਿਊਜ਼ ਹੋਣ ਨਾਲ ਫੋਟੋਆਂ ਖਿਚਵਾਉਣ ਵਾਲੀਆਂ ਸਵਾਰੀਆਂ ਦਾ ਵੀ ਤਾਂਤਾ ਲੱਗਾ ਰਹਿੰਦਾ ਹੈ।

ਰਾਹ ਤੁਰੇ ਜਾਂਦੇ ਨੂੰ ਵੀ ਅਕਸਰ ਲੋਕ ਇਹ ਕਹਿ ਕੇ ਰੋਕ ਲੈਂਦੇ ਹਨ ਕਿ "ਮਿਸਟਰ ਸਿੰਘ, ਤੂੰ ਉਹੀ ਹੈਂ? ਜਿਸ ਦਾ ਗੀਤ ਚੈਨਲਾਂ 'ਤੇ ਚੱਲ ਰਿਹਾ ਹੈ।" ਤੇਜ ਰਿਕਾਰਡਜ਼ ਦੇ ਡਾਇਰੈਕਟਰ ਕਰਮਜੀਤ ਮੀਨੀਆਂ ਨੇ ਖੁਸ਼ੀ ਜਾਹਿਰ ਕਰਦਿਆਂ ਦੱਸਿਆ ਕਿ ਇਹ ਆਪਣੇ ਆਪ ਵਿੱਚ ਹੀ ਆਲੋਕਾਰੀ ਗੱਲ ਹੈ ਕਿ ਇੱਕ ਪੰਜਾਬੀ ਗੀਤ ਨੂੰ ਵਿਸ਼ਵ ਭਰ ਦਾ ਅੰਗਰੇਜ਼ੀ ਮੀਡੀਆ ਆਪ ਮੁਹਾਰੇ ਹੀ ਪ੍ਰਚਾਰ ਰਿਹਾ ਹੋਵੇ।

"ਪੰਜ ਦਰਿਆ ਯੂਕੇ" ਦੇ ਮੁੱਖ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ ਸੱਚੇ ਦਿਲੋਂ ਕੀਤੀ ਮਿਹਨਤ ਆਪਣਾ ਰੰਗ ਦਿਖਾਉਂਦੀ ਹੀ ਹੈ। ਰਣਜੀਤ ਸਿੰਘ ਵੀਰ ਦੇ ਗੀਤ ਦੀ ਚਰਚਾ ਨੇ ਇਸ ਗੱਲ 'ਤੇ ਮੋਹਰ ਲਾ ਦਿੱਤੀ ਹੈ ਕਿ ਨਿਸ਼ਕਾਮ ਕਾਰਜ ਆਪ ਮੁਹਾਰੇ ਹੀ ਮਾਣ ਹਾਸਲ ਕਰ ਲੈਂਦੇ ਹਨ।

### ਮਾਮਲਾ ਔਰਤ ਸਹਿ-ਯਾਤਰੀ ਨਾਲ ਬਦਸਲੂਕੀ ਕਰਨ ਦਾ

# ਏਅਰ ਇੰਡੀਆ ਨੂੰ 30 ਲੱਖ ਰੁਪਏ ਦਾ ਜੁਰਮਾਨਾ

**ਨਵੀਂ ਦਿੱਲੀ–** ਏਅਰ ਇੰਡੀਆ ਦੀ ਨਿਊਯਾਰਕ-ਦਿੱਲੀ ਉਡਾਣ ਦੌਰਾਨ ਇੱਕ ਯਾਤਰੀ ਵੱਲੋਂ ਕਥਿਤ ਤੌਰ 'ਤੇ ਇੱਕ ਔਰਤ ਸਹਿ-ਯਾਤਰੀ ਨਾਲ ਬਦਸਲੂਕੀ ਕਰਨ ਦੀ ਘਟਨਾ ਦੇ ਮਾਮਲੇ ਵਿਚ ਹਵਾਬਾਜ਼ੀ ਕੰਟਰੋਲਰ ਡੀਜੀਸੀਏ ਨੇ ਏਅਰ ਲਾਈਨ ਨੂੰ 30 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਸਿਵਲ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਨੇ ਕਿਹਾ ਕਿ ਉਸ ਜਹਾਜ਼ ਦੇ ਪਾਇਲਟ-ਇਨ-ਕਮਾਂਡ ਦਾ ਲਾਇਸੈਂਸ ਵੀ ਮੁਅੱਤਲ ਕਰ ਦਿੱਤਾ ਗਿਆ ਹੈ। ਡੀਜੀਸੀਏ ਨੇ ਨਾਲ ਹੀ ਕਿਹਾ ਕਿ ਲੰਘੇ ਸਾਲ 26 ਨਵੰਬਰ ਨੂੰ ਵਾਪਰੀ ਇਸ ਘਟਨਾ ਦੇ ਸੰਦਰਭ ਵਿਚ ਆਪਣੀ ਡਿਊਟੀ ਨਿਭਾਉਣ ਵਿਚ ਨਾਕਾਮ ਰਹਿਣ 'ਤੇ ਏਅਰ ਦੇ ਉਡਾਣ ਸੇਵਾ ਡਾਇਰੈਕਟਰ ਨੂੰ ਵੀ 3 ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ।




ਡੀਜੀਸੀਏ ਨੇ ਇਹ ਮਾਮਲਾ ਧਿਆਨ ਵਿਚ ਆਉਣ ਮਗਰੋਂ ਏਅਰ ਇੰਡੀਆ ਨੂੰ ਨੋਟਿਸ ਜਾਰੀ ਕੀਤਾ ਸੀ। ਡੀਜੀਸੀਏ ਨੇ ਇਹ ਕਾਰਵਾਈ ਵੱਖ ਵੱਖ ਨੇਮਾਂ ਦੀ ਉਲੰਘਣਾ ਦੇ ਦੋਸ਼ ਹੇਠ ਕੀਤੀ ਹੈ। ਡੀਜੀਸੀਏ ਦੀ ਕਾਰਵਾਈ ਤੋਂ ਬਾਅਦ ਏਅਰ ਇੰਡੀਆ ਨੇ ਕਿਹਾ ਕਿ ਉਹ ਇਸ ਘਟਨਾ ਦੇ ਮਾਮਲੇ ਵਿਚ ਰਿਪੋਰਟਿੰਗ ਵਿੱਚ ਰਹਿ ਗਈਆਂ ਆਪਣੀਆਂ ਗਲਤੀਆਂ ਸਵੀਕਾਰ ਕਰਦੇ ਹਨ ਤੇ ਇਨ੍ਹਾਂ ਗਲਤੀਆਂ ਨੂੰ ਦੂਰ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਕਿ ਉਹ ਅਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਆਪਣੇ ਕਰੂ ਮੈਂਬਰਾਂ ਨੂੰ ਨੀਤੀਆਂ ਬਾਰੇ ਜਾਗਰੂਕ ਕਰ ਰਹੇ ਹਨ ਤੇ ਏਅਰ ਇੰਡੀਆ ਆਪਣੇ ਮੁਸਾਫਰਾਂ ਦੀ ਸੁਰੱਖਿਆ ਲਈ ਵਚਨਬੱਧ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਹੋਏ ਹਮਲੇ ਦਾ ਕੌਣ ਜ਼ਿੰਮੇਵਾਰ?

**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਗੱਡੀ 'ਤੇ ਹਮਲੇ ਦੀ ਖਬਰ ਨੇ ਪੰਥਕ ਹਲਕਿਆਂ ਵਿਚ ਖਲਬਲੀ ਮਚਾ ਦਿੱਤੀ ਹੈ। ਉਹ ਕੌਮੀ ਇਨਸਾਫ਼ ਮੋਰਚੇ ਵਿਚ ਸ਼ਿਰਕਤ ਕਰਨ ਪਹੁੰਚੇ ਹੋਏ ਸਨ। ਕੌਮੀ ਇਨਸਾਫ਼ ਮੋਰਚਾ ਨੇ ਚੰਡੀਗੜ੍ਹ ਅਤੇ ਮੁਹਾਲੀ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਅਤੇ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਇਨਸਾਫ਼ ਦੀ ਮੰਗ ਨੂੰ ਲੈ ਕੇ 7 ਜਨਵਰੀ ਤੋਂ ਪੱਕਾ ਮੋਰਚਾ ਲਾਇਆ ਹੋਇਆ ਹੈ। ਕੌਮੀ ਇਨਸਾਫ਼ ਮੋਰਚਾ ਦਾ ਉਦੇਸ਼ ਬੰਦੀ ਸਿੱਖਾਂ ਦੀ ਰਿਹਾਈ, ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਅਤੇ ਪਾਕਿਸਤਾਨ ਨਾਲ ਵਪਾਰਕ ਰੂਟ ਖੋਲ੍ਹਣ ਦੀ ਮੰਗ ਕਰਨਾ ਹੈ। ਅਜਿਹੇ ਵਿੱਚ ਸਿੱਖ ਜਥੇਬੰਦੀਆਂ ਦੇ ਆਗੂ ਹਰ ਰੋਜ਼ ਇਸ ਮੋਰਚੇ ਵਿੱਚ ਪਹੁੰਚ ਕੇ ਮੋਰਚੇ ਨੂੰ ਸਮਰਥਨ ਦੇ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਉਨ੍ਹਾਂ ਨੂੰ ਸਮਰਥਨ ਦੇਣ ਲਈ ਮੋਰਚੇ 'ਤੇ ਪਹੁੰਚੇ ਸਨ।



**ਕਿੰਝ ਵਾਪਰੀ ਘਟਨਾ**

ਸੂਤਰਾਂ ਮੁਤਾਬਕ ਹਰਜਿੰਦਰ ਸਿੰਘ ਧਾਮੀ ਦੇ ਭਾਸ਼ਨ ਉਪਰੰਤ ਇਕ ਸਿੱਖ ਨੌਜਵਾਨ ਵਲੋਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ ਗਏ ਸਨ, ਇਸ ਦੌਰਾਨ ਕੁਝ ਵਿਅਕਤੀਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ ਸੀ। ਇਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੁੰਦਿਆਂ ਦੇਖ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਮੋਰਚੇ ਵਿਚੋਂ ਚੱਲ ਪਏ ਸਨ ਅਤੇ ਬਾਹਰ ਨਿਕਲਣ 'ਤੇ ਉਨ੍ਹਾਂ ਨੂੰ ਕੁਝ ਪੱਤਰਕਾਰਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਾਦਲ ਪਰਿਵਾਰ ਪ੍ਰਤੀ ਸਿਖਾਂ ਦੀ ਨਰਾਜ਼ਗੀ ਬਾਰੇ ਸੁਆਲ ਪੁੱਛਣ ਦੀ ਵੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਕੋਈ ਜਵਾਬ ਨਾ ਦਿੰਦਿਆਂ ਆਪਣੀ ਇਨੋਵਾ ਕਾਰ ਵਿਚ ਬੈਠਣ ਲਈ ਅੱਗੇ ਵਧ ਗਏ। ਇਸ ਦੌਰਾਨ ਕੁਝ ਸਿੱਖਾਂ ਵਲੋਂ ਉਨ੍ਹਾਂ ਨੂੰ ਸੁਆਲ ਕਰਨ ਦੇ ਨਾਲ-ਨਾਲ ਧੱਕੇ ਮੁੱਕੀ ਸ਼ੁਰੂ ਕਰ ਦਿੱਤੀ। ਇਸ ਦੌਰਾਨ 2 ਸਿੱਖ ਨੌਜਵਾਨ ਗੱਡੀ ਅੱਗੇ ਬੈਠ ਗਏ ਅਤੇ ਗੱਡੀ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ।

ਇਸ ਦੌਰਾਨ ਹਰਜਿੰਦਰ ਸਿੰਘ ਧਾਮੀ ਸੰਗਤਾਂ ਨੂੰ ਸਮਝਾਉਣ ਲਈ ਗੱਡੀ ਵਿਚੋਂ ਥੱਲੇ ਵੀ ਉਤਰੇ ਪਰ ਧੱਕਾ ਮੁੱਕੀ ਨੂੰ ਦੇਖਦਿਆਂ ਵਾਪਸ ਗੱਡੀ ਵਿਚ ਬੈਠ ਕੇ ਜਾਣ ਲੱਗੇ ਤਾਂ ਕੁਝ ਨੌਜਵਾਨਾਂ ਨੇ ਗੱਡੀ ਦਾ ਅਗਲਾ ਤੇ ਪਿਛਲਾ ਸ਼ੀਸ਼ਾ ਤੋੜ ਦਿੱਤਾ। ਇਸ ਦੌਰਾਨ ਪ੍ਰਬੰਧਕਾਂ ਦੀ ਕੋਸ਼ਿਸ਼ ਨਾਲ ਪ੍ਰਧਾਨ ਧਾਮੀ ਤੇਜ਼ੀ ਨਾਲ ਅੱਗੇ ਨਿਕਲ ਗਏ।

ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਅਮਰਜੀਤ ਸਿੰਘ ਚਾਵਲਾ, ਸੁਖਵਿੰਦਰ ਸਿੰਘ ਅਗਵਾਨ ਆਦਿ ਵੀ ਹਾਜ਼ਰ ਸਨ।

**ਜਥੇਬੰਦੀਆਂ ਵਲੋਂ ਘਟਨਾ ਦੀ ਨਿੰਦਾ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ। ਸੁਖਬੀਰ ਸਿੰਘ ਬਾਦਲ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ, ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਭਾਈ ਜਸਵੀਰ ਸਿੰਘ ਖ਼ਾਲਸਾ ਨੇ ਮੁਹਾਲੀ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹੋਏ ਹਮਲੇ ਅਤੇ ਉਨ੍ਹਾਂ ਦੀ ਕਾਰ ਦੀ ਭੰਨ ਤੋੜ ਕਰਨ ਦੀ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਸੀ। ਭਾਈ ਧਾਮੀ ਦਾ ਮੰਨਣਾ ਹੈ ਕਿ ਉਸ ਉਪਰ ਕਾਂਗਰਸ ਪਖੀਆਂ ਨੇ ਹਮਲਾ ਕੀਤਾ ਹੈ।

## ਕੋਈ ਵੀ ਹਮਲਾ ਮੈਨੂੰ ਪੰਥਕ ਹਿਤਾਂ ਤੋਂ ਡੋਲਾ ਨਹੀਂ ਸਕਦਾ : ਧਾਮੀ

ਚੰਡੀਗੜ੍ਹ ਦੇ ਸੈਕਟਰ-5 ਵਿਚ ਸਥਿਤ ਸ਼੍ਰੋਮਣੀ ਕਮੇਟੀ ਦੇ ਉਪ-ਦਫਤਰ ਵਿਚ ਸੱਦੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖਾਂ ਦੇ ਕੌਮੀ ਮਸਲਿਆਂ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਉਹ ਡਰਨ ਵਾਲੇ ਨਹੀਂ ਹਨ ਅਤੇ ਕੋਈ ਵੀ ਹਮਲਾ ਉਨ੍ਹਾਂ ਨੂੰ ਆਪਣੇ ਸਿਧਾਂਤਾਂ ਅਤੇ ਕੌਮੀ ਫਰਜਾਂ ਤੋਂ ਡੋਲਾ ਨਹੀਂ ਸਕਦਾ। ਉਨ੍ਹਾਂ ਦੱਸਿਆ ਕਿ ਕੌਮੀ ਇਨਸਾਫ ਮੋਰਚਾ ਦੇ ਪ੍ਰਬੰਧਕਾਂ ਵਿਚੋਂ ਕੁਝ ਜ਼ਿੰਮੇਵਾਰ ਵਿਅਕਤੀ ਉਨ੍ਹਾਂ ਦੇ ਘਰ ਆ ਕੇ ਮੋਰਚੇ ਵਿਚ ਸ਼ਮੂਲੀਅਤ ਲਈ ਸੱਦਾ ਦੇ ਕੇ ਆਏ ਸਨ, ਜਿਸ 'ਤੇ ਉਹ ਅੱਜ ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਅਹੁਦੇਦਾਰਾਂ ਤੇ ਮੈਂਬਰਾਂ ਸਮੇਤ ਮੋਰਚੇ ਵਿਚ ਸ਼ਮੂਲੀਅਤ ਕਰਨ ਪੁੱਜੇ ਸਨ। ਉਨ੍ਹਾਂ ਦੱਸਿਆ ਕਿ ਮੋਰਚੇ ਤੋਂ ਵਾਪਸੀ ਸਮੇਂ ਕੁਝ ਹੁੱਲੜਬਾਜ਼ ਬਿਰਤੀ ਵਾਲੇ ਲੋਕਾਂ ਨੇ ਉਨ੍ਹਾਂ 'ਤੇ ਹਮਲੇ ਦੀ ਨੀਅਤ ਨਾਲ ਉਨ੍ਹਾਂ ਦੀ ਗੱਡੀ ਦੇ ਸ਼ੀਸ਼ੇ ਭੰਨ੍ਹ ਦਿੱਤੇ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਪਹਿਲਾਂ ਤੋਂ ਹੀ ਸਰਗਰਮ ਹੈ ਅਤੇ ਦਸਤਖਤੀ ਮੁਹਿੰਮ ਰਾਹੀਂ ਹੁਣ ਤੱਕ ਦਸ ਲੱਖ ਤੋਂ ਵੱਧ ਦਸਤਖਤੀ ਫਾਰਮ ਭਰਵਾਏ ਜਾ ਚੁੱਕੇ ਹਨ ਅਤੇ ਫਰਵਰੀ ਦੇ ਪਹਿਲੇ ਹਫਤੇ ਇਹ ਫਾਰਮ ਲੈ ਕੇ ਸ਼੍ਰੋਮਣੀ ਕਮੇਟੀ ਪੰਜਾਬ ਦੇ ਰਾਜਪਾਲ ਰਾਹੀਂ ਰਾਸ਼ਟਰਪਤੀ ਕੋਲ ਸਿੱਖ ਭਾਵਨਾਵਾਂ ਪਹੁੰਚਾਏਗੀ। ਉਨ੍ਹਾਂ ਕਿਹਾ ਕਿ ਕੌਮੀ ਇਨਸਾਫ ਮੋਰਚੇ ਦੀ ਉਨ੍ਹਾਂ ਪਹਿਲੇ ਦਿਨ ਤੋਂ ਹੀ ਸ਼ਲਾਘਾ ਕੀਤੀ ਸੀ ਤਾਂ ਜੋ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥਕ ਏਕਤਾ ਦਾ ਆਧਾਰ ਬਣ ਸਕੇ। ਉਨ੍ਹਾਂ ਕਿਹਾ ਕਿ ਇਹ ਗੱਲ ਪ੍ਰਚਲਿਤ ਹੈ ਕਿ ਜਦੋਂ-ਜਦੋਂ ਵੀ ਸਿੱਖ ਆਪਣੇ ਕੌਮੀ ਤੇ ਪੰਥਕ ਮੁੱਦਿਆਂ ਪ੍ਰਤੀ ਸੰਜੀਦਾ ਹੁੰਦੇ ਹਨ ਅਤੇ ਸ਼੍ਰੋਮਣੀ ਕਮੇਟੀ ਸਿੱਖ ਹਿਤਾਂ ਦੀ ਪੈਰਵੀ ਲਈ ਵਧੇਰੇ ਸਰਗਰਮੀ ਫੜਦੀ ਹੈ ਤਾਂ ਪੰਥ ਵਿਚ ਦੁਫਾੜ ਪਾਉਣ ਲਈ ਪੰਥ ਵਿਰੋਧੀਆਂ ਵਲੋਂ ਅਜਿਹੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਦੀ ਘਟਨਾ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਅਤੇ ਏਜੰਸੀਆਂ ਜ਼ਿੰਮੇਵਾਰ ਤਾਂ ਹਨ ਹੀ ਇਸ ਦੇ ਨਾਲ ਕਾਨੂੰਨ ਤੇ ਪੁਲਿਸ ਦੀ ਅਸਫਲਤਾ ਵੀ ਸਾਹਮਣੇ ਆਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਮਲੇ ਦਾ ਜਵਾਬ ਦੇਣ ਦੇ ਉਹ ਵੀ ਸਮਰੱਥ ਸਨ, ਕਿਉਂਕਿ ਉਨ੍ਹਾਂ ਦੇ ਨਾਲ ਵੱਡੀ ਗਿਣਤੀ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸੁਰੱਖਿਆ ਕਰਮਚਾਰੀ ਵੀ ਮੌਜੂਦ ਸਨ, ਪਰ ਉਨ੍ਹਾਂ ਸਰਕਾਰ ਦੀਆਂ ਸਾਜ਼ਿਸ਼ਾਂ ਨੂੰ ਸਮਝਦਿਆਂ ਭਰਾ-ਮਾਰੂ ਜੰਗ ਨਹੀਂ ਹੋਣ ਦਿੱਤੀ।

ਉਨ੍ਹਾਂ ਅੱਜ ਦੀ ਘਟਨਾ ਲਈ ਕੌਮੀ ਇਨਸਾਫ ਮੋਰਚੇ ਦੇ ਪ੍ਰਬੰਧਕਾਂ ਨੂੰ ਵੀ ਆਪਣੀ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ। ਪੱਤਰਕਾਰਾਂ ਦੇ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹਮਲਾਵਰਾਂ ਖਿਲਾਫ ਪੁਲਿਸ ਕੋਲ ਕੋਈ ਸ਼ਿਕਾਇਤ ਨਹੀਂ ਕਰਨ ਜਾ ਰਹੀ, ਸਗੋਂ ਇਹ ਕੰਮ ਮੋਰਚੇ ਦੇ ਪ੍ਰਬੰਧਕਾਂ ਦਾ ਹੈ, ਕਿਉਂਕਿ ਕੌਮੀ ਇਨਸਾਫ ਮੋਰਚੇ ਵਿਚ ਉਹ ਉਥੋਂ ਦੇ ਪ੍ਰਬੰਧਕਾਂ ਦੇ ਸੱਦੇ 'ਤੇ ਹੀ ਗਏ ਸਨ।







# ਪੰਜਾਬ ਜਲਦੀ ਹੀ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ 'ਤੇ ਆਧਾਰਿਤ ਐਮਰਜੈਂਸੀ ਰਿਸਪਾਂਸ ਸਿਸਟਮ ਸ਼ੁਰੂ ਕਰੇਗਾ- ਸਿਹਤ ਮੰਤਰੀ ਡਾ. ਬਲਬੀਰ ਸਿੰਘ

## ਨਵਾਂਸ਼ਹਿਰ ਵਿਖੇ ਪੰਜਾਬ ਆਈ ਐਮ ਏ ਕਾਨਫਰੰਸ ਵਿੱਚ ਸ਼ਾਮਲ ਹੋਏ ਅਤੇ ਆਮ ਆਦਮੀ ਕਲੀਨਿਕ ਚ ਤਬਦੀਲ ਹੋਣ ਵਾਲੀਆਂ ਸਰਕਾਰੀ ਸਿਹਤ ਸੰਸਥਾਵਾਂ ਦਾ ਦੌਰਾ





**ਨਵਾਂਸ਼ਹਿਰ (ਸੰਤੋਖ ਸਿੱਖ ਜੱਸੀ)–** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਜਲਦੀ ਹੀ ਨਿੱਜੀ ਅਤੇ ਸਰਕਾਰੀ ਹਸਪਤਾਲਾਂ ਦੇ ਤਾਲਮੇਲ 'ਤੇ ਅਧਾਰਤ ਐਮਰਜੈਂਸੀ ਰਿਸਪਾਂਸ ਸਿਸਟਮ ਸ਼ੁਰੂ ਕਰੇਗਾ ਤਾਂ ਜੋ ਗੰਭੀਰ ਲੋੜਾਂ ਵਾਲੇ ਮਰੀਜ਼ਾਂ ਨੂੰ ਤੁਰੰਤ ਇਲਾਜ ਮਿਲ ਸਕੇ।

ਪੰਜਾਬ ਦੇ ਸਿਹਤ ਵਿਭਾਗ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਆਪਣੇ ਜੱਦੀ ਜ਼ਿਲ੍ਹੇ 'ਚ ਐਤਵਾਰ ਪਹਿਲੀ ਵਾਰ ਪਹੁੰਚਣ 'ਤੇ ਉਨ੍ਹਾਂ ਦਾ ਸਥਾਨਕ ਡੀ ਸੀ ਦਫ਼ਤਰ ਵਿਖੇ ਪ੍ਰਸ਼ਾਸਨ ਅਤੇ ਵਿਧਾਇਕਾਂ ਡਾ. ਨਛੱਤਰ ਪਾਲ ਅਤੇ ਡਾ. ਐਸ ਕੇ ਸੁੱਖੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਨਵਾਂਸ਼ਹਿਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਤਰਜੀਹੀ ਏਜੰਡੇ ਅਨੁਸਾਰ ਪੰਜਾਬ ਵਿੱਚ ਸਿਹਤ ਢਾਂਚੇ ਦੀ ਕਾਇਆ ਕਲਪ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ 500 ਹੋਰ ਆਮ ਆਦਮੀ ਕਲੀਨਿਕ ਪੰਜਾਬ ਵਾਸੀਆਂ ਨੂੰ ਮੁਫ਼ਤ ਜਾਂਚ ਅਤੇ ਇਲਾਜ ਤੋਂ ਇਲਾਵਾ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਲਈ ਕ੍ਰਾਂਤੀਕਾਰੀ ਕਦਮ ਸਾਬਤ ਹੋਣਗੇ।

ਸਰਕਾਰੀ ਖੇਤਰ ਵਿੱਚ ਮਾਹਿਰਾਂ ਦੀ ਭਰਤੀ ਵਿੱਚ ਪੰਜਾਬ ਦੇ ਉੱਤਰ ਭਾਰਤ ਵਿੱਚ ਪਹਿਲੇ ਸਥਾਨ ਦੀ ਉਦਾਹਰਨ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਦੇਸ਼ ਭਰ ਵਿੱਚ ਪ੍ਰਾਇਮਰੀ ਹੈਲਥ ਕੇਅਰ ਸੇਵਾਵਾਂ ਵਿੱਚ ਪਹਿਲਾ ਸਥਾਨ ਹੋਣਾ ਦੋਹਰੀ ਖੁਸ਼ੀ ਦੀ ਗੱਲ ਹੈ।

ਸੂਬੇ ਵਿੱਚ ਸਿਹਤ ਢਾਂਚੇ ਦੀ ਕਾਇਆ ਕਲਪ ਕਰਨ ਲਈ ਆਪਣੀਆਂ ਪਹਿਲਕਦਮੀਆਂ ਗਿਣਵਾਉਂਦਿਆਂ ਉਨ੍ਹਾਂ ਕਿਹਾ ਕਿ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇਗੀ, ਜਿਸ ਵਿੱਚ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਦੀਆਂ 1400 ਤੋਂ ਵੱਧ ਐਂਬੂਲੈਂਸਾਂ ਦਾ ਮਜ਼ਬੂਤ ਨੈੱਟਵਰਕ ਸਥਾਪਤ ਕਰਨਾ, ਰਾਜ ਵਿੱਚ ਹਾਈਵੇਅ 'ਤੇ ਸਥਿਤ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਐਡਵਾਂਸ ਲਾਈਫ ਸਪੋਰਟ ਐਂਬੂਲੈਂਸਾਂ ਦੀ ਤਾਇਨਾਤੀ ਅਤੇ ਖ਼ੂਨਦਾਨੀਆਂ ਦੀ ਡਾਇਰੈਕਟਰੀ ਆਦਿ ਸ਼ਾਮਲ ਹੈ।

ਫਰਿਸ਼ਤੇ ਸਕੀਮ ਨੂੰ 'ਗੋਲਡਨ ਆਵਰਜ਼' (ਮੁੱਢਲੇ ਸਮੇਂ) ਵਿੱਚ ਦੁਰਘਟਨਾ ਪੀੜਤਾਂ ਦੀਆਂ ਜਾਨਾਂ ਬਚਾਉਣ ਵੱਲ ਇੱਕ ਹੋਰ ਅਗਾਂਹਵਧੂ ਕਦਮ ਕਰਾਰ ਦਿੰਦਿਆਂ, ਉਨ੍ਹਾਂ ਨੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਵਿੱਚ ਫਸਟ ਏਡ ਕਿੱਟਾਂ ਰੱਖਣ ਦੇ ਨਾਲ-ਨਾਲ ਪੀੜਤ ਨੂੰ ਨਜ਼ਦੀਕੀ ਹਸਪਤਾਲ ਵਿੱਚ ਪਹੁੰਚਾਉਣ।

ਉਨ੍ਹਾਂ ਕਿਹਾ ਕਿ ਵਿਭਾਗ ਇੱਕ ਸਿਹਤ ਸੰਸਥਾ ਵਿੱਚ ਤਾਇਨਾਤ ਇੱਕ ਤੋਂ ਵੱਧ ਮਾਹਿਰ ਡਾਕਟਰਾਂ ਦੀ ਮੁੜ ਡਿਊਟੀ ਵੰਡ ਕਰਕੇ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਤਰਕਸੰਗਤ ਬਣਾਉਣ ਬਾਰੇ ਵਿਚਾਰ ਕਰ ਰਿਹਾ ਹੈ ਤਾਂ ਜੋ ਸਾਰੇ ਪੰਜਾਬ ਵਾਸੀਆਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਮਿਲ ਸਕਣ।

ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਗਾਇਨੀਕੋਲੋਜਿਸਟਸ (ਮਹਿਲਾ ਰੋਗਾਂ ਦੇ ਮਾਹਿਰ) ਦੀ ਘਾਟ ਨੂੰ ਪੂਰਾ ਕਰਨ ਲਈ, ਵਿਭਾਗ ਜਲਦੀ ਹੀ ਸਰਜਰੀ ਦੀਆਂ ਲੋੜਾਂ ਲਈ ਸਥਾਨਕ ਪੱਧਰ 'ਤੇ ਕੰਮ ਕਰਨ ਵਾਲੇ ਪ੍ਰਾਈਵੇਟ ਗਾਇਨੀਕੋਲੋਜਿਸਟਾਂ ਦੀਆਂ ਸੇਵਾਵਾਂ ਲੈਣ ਲਈ ਇੱਕ ਨੀਤੀ ਲਿਆਂਦੀ ਜਾਵੇਗੀ।

ਡਾ ਬਲਬੀਰ ਸਿੰਘ ਨੇ ਖਰਾਬ ਅਤੇ ਗੈਰ-ਕਾਰਜਸ਼ੀਲ ਬੁਨਿਆਦੀ ਢਾਂਚੇ ਨੂੰ ਬਿਹਤਰ ਸਥਿਤੀ ਵਿੱਚ ਬਦਲਣ ਲਈ ਆਪਣੀ ਵਚਨਬੱਧਤਾ ਜ਼ਾਹਰ ਕਰਦਿਆਂ, ਲੋਕਾਂ ਨੂੰ ਸਸਤਾ ਇਲਾਜ ਮੁਹੱਈਆ ਕਰਵਾਉਣ ਲਈ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਪੰਜਾਬ ਚੈਪਟਰ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਲਹਿਰ ਵਿੱਚ ਉਨ੍ਹਾਂ ਦੀ ਭਾਈਵਾਲੀ ਦੀ ਮੰਗ ਵੀ ਕੀਤੀ।

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਸੂਬੇ ਵਿੱਚ ਸਾਰਿਆਂ ਨੂੰ ਸਿਹਤ ਅਤੇ ਸਿਖਿਆ ਪ੍ਰਦਾਨ ਕਰਨ ਦੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਰਾਜ ਆਪਣੇ ਨਵੀਂ ਸਰਕਾਰ ਦੇ ਸ਼ਾਸਨ ਦੇ ਪਹਿਲੇ ਸਾਲ ਵਿੱਚ ਹੀ ਸਰਕਾਰੀ ਖੇਤਰ ਵਿੱਚ ਨੌਕਰੀਆਂ ਪ੍ਰਦਾਨ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਇਸ ਉਪਰੰਤ ਡਾ: ਬਲਬੀਰ ਸਿੰਘ ਨੇ ਪ੍ਰਾਇਮਰੀ ਹੈਲਥ ਸੈਂਟਰ ਸੁੱਜੋਂ ਦਾ ਦੌਰਾ ਕੀਤਾ, ਜੋ ਕਿ ਜ਼ਿਲ੍ਹੇ ਦੇ 18 ਪੀ।ਐਚ।ਸੀਜ਼ ਨੂੰ ਆਮ ਆਦਮੀ ਕਲੀਨਿਕਾਂ ਵਿੱਚ ਤਬਦੀਲ ਕਰਨ ਦਾ ਵੀ ਇੱਕ ਹਿੱਸਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸਿਹਤ ਖੇਤਰ ਦੇ ਨਵੀਨੀਕਰਨ ਅਤੇ ਸੁਧਾਰ ਲਈ ਬਜਟ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਤੋਂ ਪਹਿਲਾਂ ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਦੇਸ਼ ਦੀ ਜੰਗ-ਏ-ਆਜ਼ਾਦੀ ਦੇ ਮਹਾਨ ਸ਼ਹੀਦ ਸਰਦਾਰ ਭਗਤ ਸਿੰਘ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਐਮ ਐਲ ਏ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਡੀ ਸੀ ਐਨ ਪੀ ਐਸ ਰੰਧਾਵਾ, ਐਸ ਐਸ ਪੀ ਭਾਗੀਰਥ ਸਿੰਘ ਮੀਣਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ,ਸਰਦਾਰ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ, ਸਿਵਲ ਸਰਜਨ ਡਾ: ਦਵਿੰਦਰ ਢਾਂਡਾ, 'ਆਪ' ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ, ਕੁਲਜੀਤ ਸਿੰਘ ਸਰਹਾਲ, ਨਗਰ ਸੁਧਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਹਾ, ਬਲਬੀਰ ਸਿੰਘ ਕਰਨਾਣਾ, ਗਗਨ ਅਗਨੀਹੋਤਰੀ ਤੋਂ ਇਲਾਵਾ ਆਈ ਐਮ ਏ ਦੇ ਨਵੇਂ ਬਣੇ ਪ੍ਰਧਾਨ ਡਾ। ਭਗਵੰਤ ਸਿੰਘ ਤੇ ਅਹੁਦਾ ਛੱਡ ਰਹੇ ਪ੍ਰਧਾਨ ਡਾ।ਪਰਮਜੀਤ ਮਾਨ ਹਾਜ਼ਰ ਸਨ।



# ਨੀਰੂ ਜੱਸਲ ਦੇ ਗੀਤ 'ਦੀਵਾਨੀ' ਦਾ ਪੋਸਟਰ ਰਿਲੀਜ਼

## ਗੁਰੂ ਰਵਿਦਾਸ ਜੀ ਦੇ ਗੁਰਪੁਰਬ 'ਤੇ ਸੰਗਤਾਂ ਦੇ ਰੂਬਰੂ ਹੋਵੇਗਾ ਗੀਤ



**ਨਵਾਂ ਸ਼ਹਿਰ, 22 ਜਨਵਰੀ (ਰੇਸ਼ਮ ਕਰਨਾਣਵੀ)–** ਨਾਮਵਰ ਮਿਸ਼ਨਰੀ ਗਾਇਕਾ ਨੀਰੂ ਜੱਸਲ ਦੇ ਨਵੇਂ ਗੀਤ 'ਦੀਵਾਨੀ' ਦਾ ਪੋਸਟਰ ਅੱਜ ਨਵਾਂ ਸ਼ਹਿਰ ਵਿਖੇ ਰਿਲੀਜ਼ ਕੀਤਾ ਗਿਆ। ਇਹ ਗੀਤ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਦੇ ਰੂ-ਬ-ਰੂ ਹੋਵੇਗਾ। ਪੋਸਟਰ ਰਿਲੀਜ਼ ਕਰਨ ਦੀ ਰਸਮ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਅਤੇ ਪਰਮਜੀਤ ਕੌਰ ਪ੍ਰਧਾਨ ਗੁਰਦੁਆਰਾ ਬਾਬਾ ਹਿੰਮਤ ਸਿੰਘ ਜੀ ਵਲੋਂ ਨਿਭਾਈ ਗਈ। ਉਹਨਾਂ ਗਾਇਕਾ ਨੀਰੂ ਜੱਸਲ ਨੂੰ ਗੁਰੂ ਸਹਿਬਾਨ ਦੇ ਜੀਵਨ ਮਿਸ਼ਨ ਨੂੰ ਸਮਰਪਿਤ 'ਦੀਵਾਨੀ' ਗੀਤ ਲਈ ਵਧਾਈ ਦਿੱਤੀ ਅਤੇ ਇਸ ਗੀਤ ਨੂੰ ਤਿਆਰ ਕਰਨ ਵਾਲੀ ਸਮੁੱਚੀ ਸੰਗੀਤਕ ਟੀਮ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਇਸ ਗੀਤ ਦੇ ਗਾਇਕਾ ਨੀਰੂ ਜੱਸਲ ਨੇ ਦੱਸਿਆ ਕਿ 'ਦੀਵਾਨੀ' ਗੀਤ 'ਹੱਕ' ਰਿਕਾਡਜ਼ ਕੰਪਨੀ ਵਲੋਂ ਰਿਲੀਜ਼ ਕੀਤਾ ਜਾ ਰਿਹਾ ਹੈ ਅਤੇ ਇਸ ਗੀਤ ਨੂੰ ਹੈਪੀ ਡੱਲੀ ਨੇ ਕਲਮਬੱਧ ਕੀਤਾ ਹੈ ਜਦ ਕਿ ਸਾਹਿਬ ਸਿੰਘ ਨੇ ਸੰਗੀਤਕ ਰੰਗ 'ਚ ਰੰਗਿਆ ਹੈ। ਉਹਨਾਂ ਨੇ ਸੰਗਤ ਨੂੰ ਇਸ ਗੀਤ ਪ੍ਰਤੀ ਭਰਵਾਂ ਹੁੰਗਾਰਾ ਭਰਨ ਲਈ ਅਪੀਲ ਕੀਤੀ। ਇਸ ਮੌਕੇ ਸਕੱਤਰ ਅਮਰਜੀਤ ਜਿੰਦ, ਸੇਵਾਦਾਰ ਸੋਹਣ ਸਿੰਘ, ਕਮਲਜੀਤ ਸਿੰਘ ਐਮ ਸੀ, ਵਿਨੇ ਸ਼ਰਮਾ, ਦੇਸ਼ ਰਾਜ ਬੱਜੋਂ, ਹਰਵਿੰਦਰ ਸਿੰਘ, ਕਮਲਜੀਤ ਕੌਰ, ਅਵਤਾਰ ਕੌਰ, ਹਰਦੀਪ ਕੌਰ, ਪਰਮਜੀਤ ਕੌਰ, ਮਨਮੋਹਨ ਸਿੰਘ, ਸੋਮ ਨਾਥ ਆਦਿ ਸ਼ਾਮਲ ਸਨ।

# ਯੂਕਰੇਨ ਦੀ ਨਾਂਹ-ਨੁੱਕਰ ਸ਼ਾਂਤੀ ਵਾਰਤਾ ਲਈ ਵੱਡਾ ਅੜਿੱਕਾ- ਰੂਸ



**ਮਾਸਕੋ–** ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅੱਜ ਕਿਹਾ ਕਿ ਜਦ ਤੱਕ ਯੂਕਰੇਨ ਸ਼ਾਂਤੀ ਵਾਰਤਾ ਨੂੰ ਨਕਾਰਦਾ ਰਹੇਗਾ, ਸਮੱਸਿਆ ਦਾ ਹੱਲ ਲੱਭਣਾ ਹੋਰ ਔਖਾ ਹੁੰਦਾ ਜਾਵੇਗਾ। ਜ਼ਿਕਰਯੋਗ ਹੈ ਕਿ ਰੂਸ ਕਈ ਵਾਰ ਕਹਿ ਚੁੱਕਾ ਹੈ ਕਿ ਉਹ ਗੱਲਬਾਤ ਲਈ ਰਾਜ਼ੀ ਹੈ ਪਰ ਯੂਕਰੇਨ ਤੇ ਅਮਰੀਕਾ ਕਹਿ ਚੁੱਕੇ ਹਨ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਰੂਸ ਵਾਰਤਾ ਪ੍ਰਤੀ ਗੰਭੀਰ ਹੈ। ਦੋਵਾਂ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਮਾਸਕੋ ਲਗਾਤਾਰ ਮਿਲੀਆਂ ਹਾਰਾਂ ਤੋਂ ਬਾਅਦ ਨਵੇਂ ਸਿਰਿਓਂ ਹੱਲਾ ਬੋਲਣ ਲਈ ਸਮਾਂ ਚਾਹੁੰਦਾ ਹੈ। ਰੂਸ ਦੇ ਵਿਦੇਸ਼ ਮੰਤਰੀ ਨੇ ਨਾਲ ਹੀ ਕਿਹਾ ਕਿ ਮਾਸਕੋ ਤੇ ਪੱਛਮੀ ਮੁਲਕਾਂ ਵਿਚਾਲੇ ਟਕਰਾਅ ਹੁਣ 'ਹਾਈਬ੍ਰਿਡ ਜੰਗ' ਤੱਕ ਸੀਮਤ ਨਹੀਂ ਹੈ ਪਰ 'ਅਸਲੀ ਜੰਗ' ਦੇ ਨੇੜੇ ਹੈ। ਪੱਛਮੀ ਤਾਕਤਾਂ ਵੱਲੋਂ ਯੂਕਰੇਨ ਨੂੰ ਅਰਬਾਂ ਡਾਲਰ ਤੇ ਹਥਿਆਰ ਭੇਜੇ ਜਾਣ ਦੀ ਰੂਸ ਨੇ ਤਿੱਖੀ ਨਿਖੇਧੀ ਕੀਤੀ ਹੈ। ਇਸੇ ਦੌਰਾਨ ਅੱਜ ਪੋਲੈਂਡ ਨੇ ਕਿਹਾ ਕਿ ਉਹ ਯੂਕਰੇਨ ਨੂੰ ਟੈਂਕ ਭੇਜਣ ਲਈ ਜਰਮਨੀ ਤੋਂ ਇਜਾਜ਼ਤ ਮੰਗੇਗਾ। ਪੋਲੈਂਡ ਵੱਲੋਂ ਆਪਣੇ ਟੈਂਕ ਭੇਜਣ ਲਈ ਕਈ ਮੁਲਕਾਂ ਨਾਲ ਗੱਠਜੋੜ ਕੀਤਾ ਜਾ ਸਕਦਾ ਹੈ। ਜੇਕਰ ਜਰਮਨੀ ਤੋਂ ਮਨਜ਼ੂਰੀ ਨਹੀਂ ਮਿਲਦੀ ਤਾਂ ਪੋਲੈਂਡ ਆਪਣੇ ਪੱਧਰ ਉਤੇ ਵੀ ਫ਼ੈਸਲਾ ਲੈ ਸਕਦਾ ਹੈ। ਜਰਮਨੀ ਦੀ ਵਿਦੇਸ਼ ਮੰਤਰੀ ਐਨਾਲੀਨਾ ਬੇਅਰਬੌਕ ਨੇ ਕਿਹਾ ਕਿ ਪੋਲੈਂਡ ਨੇ ਹਾਲੇ ਰਸਮੀ ਤੌਰ ਉਤੇ ਨਹੀਂ ਪੁੱਛਿਆ ਪਰ ਜੇ ਉਹ (ਪੋਲੈਂਡ) ਪੁੱਛਣਗੇ ਤਾਂ ਜਰਮਨੀ ਨਾਂਹ ਨਹੀਂ ਕਰੇਗਾ। ਜ਼ਿਕਰਯੋਗ ਹੈ ਕਿ 'ਲੈਪਰਡ ਟੈਂਕ' ਜਰਮਨੀ ਦੇ ਬਣੇ ਹੋਏ ਹਨ। ਲਾਵਰੋਵ ਨੇ ਪੱਛਮੀ ਮੁਲਕਾਂ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਰੂਸ ਜੰਗ ਦੇ ਸ਼ੁਰੂਆਤੀ ਮਹੀਨਿਆਂ ਵਿਚ ਯੂਕਰੇਨ ਨਾਲ ਵਾਰਤਾ ਲਈ ਸਹਿਮਤ ਸੀ ਪਰ ਅਮਰੀਕਾ ਤੇ ਹੋਰਨਾਂ ਪੱਛਮੀ ਮੁਲਕਾਂ ਨੇ ਕੀਵ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਵੀ ਅਜਿਹੀ ਟਿੱਪਣੀ ਕੀਤੀ ਸੀ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਨਿਆਂਪਾਲਿਕਾ ਤੇ ਕਾਰਜਪਾਲਿਕਾ ਪ੍ਰੌੜ ਵਿਚਾਰ ਚਰਚਾ ਕਰਨ: ਜਸਟਿਸ ਸੋਢੀ



**ਨਵੀਂ ਦਿੱਲੀ–** ਕੌਲਿਜੀਅਮ ਪ੍ਰਬੰਧ ਨੂੰ ਲੈ ਕੇ ਸਰਕਾਰ ਤੇ ਨਿਆਂਪਾਲਿਕਾ ਵਿੱਚ ਚੱਲ ਰਹੀ ਖਿੱਚੋਤਾਣ ਦਰਮਿਆਨ ਦਿੱਲੀ ਹਾਈ ਕੋਰਟ ਦੇ ਸੇਵਾ ਮਕਤ ਜੱਜ ਜਸਟਿਸ ਆਰਐੱਸ ਸੋਢੀ ਨੇ ਕਿਹਾ ਕਿ ਦੋਵਾਂ ਸੰਸਥਾਵਾਂ ਨੂੰ ਇਸ ਮੁੱਦੇ 'ਤੇ 'ਪ੍ਰੌੜ ਵਿਚਾਰ ਚਰਚਾ' ਕਰਦਿਆਂ ਕੋਈ ਹੱਲ ਕੱਢਣਾ ਚਾਹੀਦਾ ਹੈ। ਕਾਬਿਲੇਗੌਰ ਹੈ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਲੰਘੇ ਦਿਨ ਟਵਿੱਟਰ 'ਤੇ ਸੁਪਰੀਮ ਕੋਰਟ ਬਾਰੇ ਜਸਟਿਸ ਆਰਐੱਸ ਸੋਢੀ ਦੀ ਇਕ ਇੰਟਰਵਿਊ ਕਲਿੱਪ ਦਾ ਹਵਾਲਾ ਦਿੱਤਾ ਸੀ, ਜਿਸ ਵਿੱਚ ਜਸਟਿਸ ਸੋਢੀ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਨੇ ਜੱਜਾਂ ਦੀ ਨਿਯੁਕਤੀ ਸਬੰਧੀ ਫੈਸਲਾ ਆਪਣੇ ਹੱਥਾਂ 'ਚ ਲੈ ਕੇ ਸੰਵਿਧਾਨ ਨੂੰ 'ਅਗਵਾ' ਕਰ ਲਿਆ ਹੈ। ਜਸਟਿਸ ਸੋਢੀ ਨੇ ਨਿਊਜ਼ ਚੈਨਲ ਐੱਨਡੀਟੀਵੀ ਨਾਲ ਗੱਲਬਾਤ ਕਰਦਿਆਂ ਜ਼ੋਰ ਦਿੱਤਾ ਕਿ ਮੌਜੂਦਾ ਕੌਲਿਜੀਅਮ ਵਿਵਸਥਾ 'ਪੂਰੀ ਤਰ੍ਹਾਂ ਪੱਖਪਾਤੀ' ਹੈ ਅਤੇ ਕਾਰਜਕਾਰਨੀ ਤੇ ਨਿਆਂਪਾਲਿਕਾ ਨੂੰ ਮਿਲ ਬੈਠ ਕੇ ਜੱਜਾਂ ਦੀ ਨਿਯੁਕਤੀ ਲਈ ਕੋਈ ਪ੍ਰਬੰਧ ਲੈ ਕੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ, ''ਦੋਵੇਂ ਸੰਸਥਾਵਾਂ ਪ੍ਰੌੜ ਹਨ। ਇੰਜ (ਜਨਤਕ ਤੌਰ 'ਤੇ ਝਗੜਨਾ) ਉਨ੍ਹਾਂ ਨੂੰ ਨਹੀਂ ਸ਼ੋਭਦਾ। ਇਸ ਮਸਲੇ 'ਤੇ ਪ੍ਰੌੜ ਵਿਚਾਰ ਚਰਚਾ ਹੋਣੀ ਚਾਹੀਦੀ ਹੈ। ਮਿਲ ਬੈਠ ਕੇ ਕੋਈ ਹੱਲ ਕੱਢਿਆ ਜਾਵੇ। ਤੁਸੀਂ ਸਮਾਜ ਦੀਆਂ ਅਹਿਮ ਸੰਸਥਾਵਾਂ ਹੋ। ਜੇਕਰ ਮੇਰੇ ਵਰਗਾ ਕੋਈ ਬਿਆਨ ਦਿੰਦਾ ਹੈ, ਤੁਸੀਂ ਉਸ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਉਂਦੇ ਹੋ। ਕੀ ਇਹ ਵਿਚਾਰ ਚਰਚਾ ਹੈ? ਸਿਆਣਪ ਵਿਖਾਓ ਤੇ ਮਸਲੇ ਦਾ ਹੱਲ ਲੱਭੋ।''

# ਹਿੰਦ ਮਹਾਸਾਗਰ ਖ਼ਿੱਤੇ 'ਚ ਭਾਰਤ ਦਾ ਅਸਰ ਘਟਾਉਣਾ ਚਾਹੁੰਦੈ ਚੀਨ

**ਨਵੀਂ ਦਿੱਲੀ–** ਭਾਰਤ ਦੇ ਗੁਆਂਢੀ ਮੁਲਕਾਂ 'ਚ ਚੀਨ ਦੀਆਂ ਸਰਗਰਮੀਆਂ ਅਤੇ ਉਸ ਦਾ ਅਸਰ ਤੇਜ਼ੀ ਨਾਲ ਵਧਿਆ ਹੈ ਜਿਸ ਦਾ ਉਦੇਸ਼ ਨਵੀਂ ਦਿੱਲੀ ਨੂੰ ਚੁਣੌਤੀਆਂ ਨਾਲ ਸਿੱਝਣ 'ਚ ਉਲਝਾਈ ਰੱਖਣਾ ਅਤੇ ਉਸ ਦੇ ਪ੍ਰਭਾਵ ਨੂੰ ਸੀਮਤ ਕਰਨਾ ਹੈ। ਇਹ ਗੱਲ ਇਥੇ ਕਰਵਾਏ ਗਏ ਸੁਰੱਖਿਆ ਸੰਮੇਲਨ 'ਚ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਮੁਲਕ ਦੇ ਕਰੀਬ 350 ਪੁਲੀਸ ਅਧਿਕਾਰੀਆਂ ਨੇ ਹਾਜ਼ਰੀ ਭਰੀ। ਦਸਤਾਵੇਜ਼ਾਂ ਮੁਤਾਬਕ ਚੀਨ ਵੱਲੋਂ ਆਪਣੇ ਉਦੇਸ਼ ਲਈ ਪੱਟੀ ਅਤੇ ਸੜਕ ਪਹਿਲਕਦਮੀ (ਬੀਆਰਆਈ), ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀਪੀਈਸੀ), ਭਾਰਤ ਦੇ




ਪੇਸ਼ ਦਸਤਾਵੇਜ਼ਾਂ 'ਚ ਸਾਹਮਣੇ ਆਈ ਹੈ। ਹੁਣੇ ਜਿਹੇ ਸਮਾਪਤ ਹੋਈ ਡੀਜੀਪੀਜ਼ ਅਤੇ ਆਈਜੀਪੀਜ਼ ਦੀ ਕਾਨਫਰੰਸ ਦੌਰਾਨ ਆਈਪੀਐੱਸ ਅਧਿਕਾਰੀਆਂ ਵੱਲੋਂ ਪੇਸ਼ ਦਸਤਾਵੇਜ਼ਾਂ 'ਚ ਕਿਹਾ ਗਿਆ ਹੈ ਕਿ ਦੱਖਣ ਪੂਰਬੀ ਅਤੇ ਦੱਖਣੀ ਏਸ਼ੀਆ 'ਚ ਵਿਕਾਸ ਕਾਰਜਾਂ ਦੇ ਨਾਮ 'ਤੇ ਕਰਜ਼ੇ ਵਜੋਂ ਵੱਡੇ ਪੱਧਰ 'ਤੇ ਰਕਮ ਦੇ ਕੇ ਚੀਨ ਹਿੰਦ ਮਹਾਸਾਗਰ ਖ਼ਿੱਤੇ 'ਚ ਭਾਰਤ ਦੇ ਅਸਰ ਨੂੰ ਘਟਾਉਣਾ ਅਤੇ ਉਸ ਨੂੰ ਪੇਈਚਿੰਗ ਦੀਆਂ ਸ਼ਰਤਾਂ 'ਤੇ ਦੁਵੱਲੇ ਮਸਲਿਆਂ ਦੇ ਹੱਲ ਲਈ ਮਜਬੂਰ ਕਰਨਾ ਚਾਹੁੰਦਾ ਹੈ। ਤਿੰਨ ਰੋਜ਼ਾ ਸਾਲਾਨਾ ਕਾਨਫਰੰਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਕੌਮੀ ਗੁਆਂਢੀ ਮੁਲਕਾਂ 'ਚ ਆਸਾਨ ਕਰਜ਼ਿਆਂ ਰਾਹੀਂ ਬੁਨਿਆਦੀ ਢਾਂਚੇ ਨਾਲ ਸਬੰਧਤ ਨਿਵੇਸ਼, ਸਰਹੱਦੀ ਖੇਤਰਾਂ ਅਤੇ ਅਸਲ ਕੰਟਰੋਲ ਰੇਖਾ 'ਤੇ ਮੁੱਦਿਆਂ ਨੂੰ ਭਖਾਈ ਰੱਖਣ ਜਿਹੇ ਕੁਝ ਹੱਥਕੰਡਿਆਂ ਦੀ ਅਸਰਦਾਰ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਇਸ 'ਚ ਕਿਹਾ ਗਿਆ ਹੈ ਕਿ ਪਿਛਲੇ ਕਰੀਬ ਢਾਈ ਦਹਾਕਿਆਂ 'ਚ ਚੀਨ ਦੀ ਆਰਥਿਕ ਅਤੇ ਫ਼ੌਜੀ ਤਾਕਤ 'ਚ ਵੱਡਾ ਵਾਧਾ ਦੇਖਿਆ ਗਿਆ ਹੈ। ਦਸਤਾਵੇਜ਼ਾਂ ਮੁਤਾਬਕ ਭਾਰਤ ਦੇ ਵਿਕਾਸ ਨੂੰ ਢਾਹ ਲਾਉਣ ਲਈ ਵੀ ਚੀਨ ਸਰਗਰਮ ਹੈ ਤਾਂ ਜੋ ਉਹ ਨਾ ਸਿਰਫ਼ ਏਸ਼ੀਆ ਸਗੋਂ ਆਲਮੀ ਸੁਪਰ ਪਾਵਰ ਬਣਨ ਦੇ ਟੀਚੇ ਨੂੰ ਹਾਸਲ ਕਰ ਸਕੇ।

# ਹਾਕੀ ਵਿਸ਼ਵ ਕੱਪ ਵਿਚ ਭਾਰਤ ਨਿਊਜ਼ੀਲੈਂਡ ਹੱਥੋਂ ਹਾਰਿਆ



**ਨਵੀਂ ਦਿੱਲੀ–**ਹਾਕੀ ਵਿਸ਼ਵ ਕੱਪ ਦੇ ਪਹਿਲੇ ਕਰਾਸਓਵਰ ਮੈਚ ਵਿੱਚ ਭਾਰਤ ਦਾ ਨਿਊਜ਼ੀਲੈਂਡ ਨਾਲ ਰੋਮਾਂਚਕ ਮੁਕਾਬਲਾ ਹੋਇਆ। ਭਾਰਤ ਨੂੰ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰਨ ਲਈ ਇਹ ਮੈਚ ਜਿੱਤਣਾ ਜ਼ਰੂਰੀ ਸੀ ਪਰ ਭਾਰਤ ਸ਼ੂਟਆਊਟ 4-5 ਨਾਲ ਹਾਰ ਗਿਆ। ਇਸ ਨਾਲ ਭਾਰਤ ਦਾ 47 ਸਾਲ ਬਾਅਦ ਹਾਕੀ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਇਕ ਵਾਰ ਫਿਰ ਚਕਨਾਚੂਰ ਹੋ ਗਿਆ। ਕੀਵੀ ਟੀਮ ਅਤੇ ਭਾਰਤ ਵਿਚਾਲੇ ਪੂਰੇ ਸਮੇਂ ਤੱਕ ਸਕੋਰ 3-3 ਰਿਹਾ। ਪਹਿਲੇ ਸ਼ੂਟਆਊਟ ਵਿੱਚ ਵੀ ਸਕੋਰ 3-3 ਰਿਹਾ। ਪੈਨਲਟੀ ਸ਼ੂਟਆਊਟ ਵਿੱਚ ਭਾਰਤ 5-4 ਨਾਲ ਪਛੜ ਗਿਆ, ਅਤੇ ਹੇਠਲੇ ਦਰਜੇ ਦੀ ਨਿਊਜ਼ੀਲੈਂਡ ਟੀਮ ਨੇ ਮੈਚ ਜਿੱਤ ਲਿਆ। ਭਾਰਤ ਨੇ ਹਾਰਦਿਕ ਸਿੰਘ ਦੀ ਗੈਰ-ਮੌਜੂਦਗੀ ਕਾਰਣ ਟੀਮ ਵਿਚ ਮਨਦੀਪ ਸਿੰਘ ਅਤੇ ਆਕਾਸ਼ਦੀਪ ਵਰਗੇ ਸੀਨੀਅਰ ਖਿਡਾਰੀਆਂ 'ਤੇ ਦਬਾਅ ਵਧ ਗਿਆ ਸੀ। ਭਾਰਤ ਬਿਨਾਂ ਸ਼ੱਕ ਨਿਊਜ਼ੀਲੈਂਡ ਖਿਲਾਫ ਮਜ਼ਬੂਤ ਦਾਅਵੇਦਾਰ ਸੀ ਪਰ ਇਸ ਮੈਚ ਵਿਚ ਨਿਊਜ਼ੀਲੈਂਡ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਵਿਖੇ

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 138ਵਾਂ ਜਨਮ ਦਿਨ ਮਨਾਇਆ ਗਿਆ





























**ਪਿਟਸਬਰਗ–** ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 138ਵਾਂ ਜਨਮ ਦਿਨ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਸੰਪੂਰਨ ਪਾਠ ਹੋਏ, ਉਪਰੰਤ ਗੁਰਦੁਆਰਾ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਦੇ ਸਮੂਹ ਕੀਰਤਨੀ ਜਥੇ ਨੇ ਗੁਰਬਾਣੀ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਉਸ ਤੋਂ ਉਪਰੰਤ ਸਤਿਕਾਰਯੋਗ ਓਮ ਪ੍ਰਕਾਸ਼ ਬਾਲੀ, ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਸ੍ਰੀਮਾਨ ਧਰਮਪਾਲ ਚੌਂਕੜੀਆ, ਰਮੇਸ਼ ਕੁਮਾਰ ਸੁੰਮਨ, ਸਤਪਾਲ ਸੋਢੀ, ਅਭੀਸ਼ੇਕ ਪਾਲ ਨਾਰਾਬੱਟ, ਬੀਬੀ ਕਸ਼ਮੀਰ ਕੌਰ ਅਤੇ ਪ੍ਰੇਮ ਕੁਮਾਰ ਚੁੰਬਰ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਨ ਤੇ ਉਹਨਾਂ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਦੇ ਨਾਲ ਹੀ ਅੱਜ ਦੀ ਵਿਸ਼ੇਸਤਾ ਇਹ ਰਹੀ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਦੱਸਿਆ ਕਿ ਹਰੇਕ ਸਾਲ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਜੀ ਦਾ ਜਨਮ ਦਿਵਸ ਜਨਵਰੀ ਦੇ ਤੀਸਰੇ ਹਫਤੇ ਹੋਰ ਵੀ ਧੂਮ-ਧਾਮ ਨਾਲ ਮਨਾਇਆ ਜਾਂਦਾ ਰਹੇਗਾ। ਜਨਰਲ ਸਕੱਤਰ ਸ੍ਰੀ ਧਰਮਪਾਲ ਚੌਂਕੜੀਆ ਨੇ ਬਾਖੂਬੀ ਨਾਲ ਸਟੇਜ ਦਾ ਸੰਚਾਲਨ ਕੀਤਾ ਅਤੇ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ 138ਵਾਂ ਜਨਮ ਦਿਨ ਮਨਾਇਆ ਗਿਆ








# ਜਾਗੀਰਦਾਰੀ ਸਿਸਟਮ ਨੂੰ ਵੰਗਾਰਨ ਵਾਲਾ ਬਾਗੀ ਸ਼ਾਇਰ-ਬਾਬਾ ਨਜ਼ਮੀ

**ਡਾ. ਰਵਿੰਦਰ ਸਿੰਘ**



ਬਾਬਾ ਨਜ਼ਮੀ ਦਾ ਨਾਂ ਪੰਜਾਬੀ ਸ਼ਾਇਰੀ ਤੇ ਖੇਤਰ ਵਿਚ ਵਿਸ਼ੇਸ਼ ਹੈ। ਉਸਨੇ ਆਪਣੀ ਬੇਬਾਕ ਲੇਖਣੀ ਕਰਕੇ ਜਿਹੜਾ ਮਾਣ, ਸਤਿਕਾਰ ਤੇ ਸਨਮਾਨ ਹਾਸਲ ਕੀਤਾ ਹੈ ਉਹ ਕਿਸੇ ਹੋਰ ਸਮਕਾਲੀ ਸ਼ਾਇਰ ਦੇ ਹਿੱਸੇ ਨਹੀਂ ਆਇਆ। ਉਸਦੀ ਸ਼ਾਇਰੀ ਮਨਪ੍ਰਚਾਵੇ ਦਾ ਸਾਧਨ ਨਹੀਂ ਹੈ। ਉਹ ਨਿਧੱੜਕ ਹੋ ਕੇ ਸਰਕਾਰ, ਜਗੀਰਦਾਰ ਤੇ ਠੇਕੇਦਾਰਾਂ ਨੂੰ ਵੰਗਾਰਨ ਵਾਲਾ ਕਵੀ ਹੈ। ਉਹ ਧਰਤੀ ਦਾ ਮੂੰਹ-ਮੱਥਾ ਸਵਾਰਨ ਵਾਲੇ ਕੰਮੀਆਂ, ਕਿਰਤੀਆਂ, ਔਰਤ ਨੂੰ ਹਲੂਣਾ ਦੇਣ ਵਾਲੀ ਸ਼ਾਇਰੀ ਕਰਦਾ ਹੈ। ਉਹ ਲਹਿੰਦੇ ਪੰਜਾਬ 'ਚੋਂ ਪੰਜਾਬੀ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪੁੱਜਦਾ ਕਰਨ ਵਾਲਾ ਸੰਜੀਦਾ ਲਿਖਾਰੀ ਹੈ। ਉਸਦੀ ਕਲਮ ਲੁਟੇਰੇ ਪ੍ਰਬੰਧ 'ਤੇ ਉਂਗਲ ਧਰਦੀ ਹੈ। ਅਣਮਨੁੱਖੀ ਵਰਤਾਰੇ ਨੂੰ ਤਹਿਸ-ਨਹਿਸ ਕਰਨਾ ਲੋਚਦੀ ਹੈ। ਉਸਦੀ ਕਲਮ ਵਿੱਚ ਜਾਨ ਹੈ। ਲੁੱਟ ਰਹਿਤ ਸਮਾਜ ਸਿਰਜਣ ਦੀ ਚਾਰਾਜੋਈ ਕਰਦੀ ਹੈ। ਸੰਸਾਰ ਭਰ ਵਿੱਚ ਵਸਦੇ ਪੰਜਾਬੀਆਂ ਨੇ ਉਸਨੂੰ 'ਲੋਕ ਸ਼ਾਇਰ' ਵਜੋਂ ਪ੍ਰਵਾਨਗੀ ਦਿੱਤੀ ਹੈ।

ਬਾਬਾ ਨਜ਼ਮੀ ਦਾ ਜਨਮ ਲਾਹੌਰ ਦੇ ਪਿੰਡ ਘੁਮਿਆਰਪਰਾ ਵਿੱਚ ਹੋਇਆ। ਉਨ੍ਹਾਂ ਦਾ ਦਾ ਅਸਲੀ ਨਾਂ ਬਸ਼ੀਰ ਹੁਸੈਨ ਹੈ। ਕਿਰਤੀ ਪਰਿਵਾਰ ਵਿੱਚ ਪੈਦਾ ਹੋਏ ਇਸ ਫ਼ਨਕਾਰ ਦੇ ਪਿਤਾ ਦਾ ਨਾਂ ਮੰਗਤੇ ਖ਼ਾਨ ਅਤੇ ਮਾਤਾ ਦਾ ਨਾਂ ਆਲਮ ਬੀਬੀ ਹੈ। ਬਾਬਾ ਨਜ਼ਮੀ ਦੇ ਪਿਤਾ ਸਾਈਕਲ ਸੰਵਾਰਨ ਦਾ ਕੰਮ ਕਰਦਾ ਸੀ। ਘਰ ਵਿੱਚ ਤੰਗਦਸਤੀ ਸੀ। ਇਸੇ ਕਰਕੇ ਉਸਦੀ ਕਲਮ ਦੋ ਢੰਗ ਦੀ ਰੋਟੀ ਲਈ ਆਤੁਰ ਨਿਮਾਣਿਆਂ ਦੀ ਪੀੜ ਨੂੰ ਬਿਆਨਦੀ ਹੈ। ਉਸਦੇ ਮਨ 'ਤੇ ਭਾਰਤ-ਪਾਕਿਸਤਾਨ ਦੀ ਵੰਡ ਦਾ ਡੂੰਘਾ ਅਸਰ ਹੈ। ਉਸਨੇ ਆਪਣੇ ਮਾਪਿਆਂ ਅਤੇ ਵੱਡੇਰਿਆਂ ਤੋਂ ਦੇਸ਼-ਵੰਡ ਦੀਆਂ ਦਰਦਨਾਕ ਘਟਨਾਵਾਂ ਸੁਣੀਆਂ ਹੋਈਆਂ ਹਨ। ਉਹਦੀ ਸ਼ਾਇਰੀ ਵਿੱਚੋਂ ਵੀ ਇਹ ਦਰਦ ਉਜਾਗਰ ਹੁੰਦਾ ਹੈ। ਦੇਸ਼-ਵੰਡ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਜਿੰਨਾ ਨੁਕਸਾਨ ਹੋਇਆ ਹੈ ਉਹ ਉਸਦੇ ਸੀਨੇ ਵਿੱਚ ਚਸਕਦਾ ਹੈ। ਉਹ ਸਿਰਫ਼ ਪਾਕਿਸਤਾਨ ਦੇ ਪੰਜਾਬੀਆਂ ਨੂੰ ਸੰਬੋਧਿਤ ਨਹੀਂ ਹੁੰਦਾ, ਸੰਸਾਰ ਦੇ ਹਰ ਕੋਨੇ ਵਿੱਚ ਵੱਸਦੇ ਪੰਜਾਬੀਆਂ ਨੂੰ ਹਲੂਣਾ ਦਿੰਦਾ ਹੈ।

ਮਜ਼ਦੂਰਾਂ ਦਾ ਜ਼ਿੰਦਗੀ ਜਿਉਣ ਲਈ ਕੀਤਾ ਜਾਂਦਾ ਸੰਘਰਸ਼ ਉਸਦੀ ਕਵਿਤਾ ਦਾ ਧੁਰਾ ਹੈ। ਉਹ ਇਸ ਸੰਘਰਸ਼ ਨੂੰ ਖ਼ੁਸ਼ੀ ਵਿੱਚ ਤਬਦੀਲ ਕਰਨ ਦੀ ਪ੍ਰਬਲ ਇੱਛਾ ਰੱਖਦਾ ਹੈ। ਉਸਨੇ ਆਪਣੇ ਵਿਆਹੁਤਾ ਜੀਵਨ ਵਿੱਚ ਗੁਰਬਤ ਨੂੰ ਹੱਡੀਂ ਹੰਢਾਇਆ ਹੈ। ਦਾਲ-ਰੋਟੀ ਦੇ ਆਹਰ ਲਈ ਉਸਨੇ ਬਹੁਤ ਸਾਰੇ ਕੰਮ ਕੀਤੇ ਹਨ। ਉਸਦਾ ਇਹ ਅਨੁਭਵ ਤੇ ਵਿਚਾਰਧਾਰਾ ਉਸਦੀਆਂ ਪੁਸਤਕਾਂ 'ਅੱਖਰ ਵਿੱਚ ਸਮੁੰਦਰ, ਸੋਚਾਂ ਵਿੱਚ ਜਹਾਨ, ਮੇਰਾ ਨਾਂ ਇਨਸਾਨ ਅਤੇ ਮੈਂ ਇਕਬਾਲ ਪੰਜਾਬੀ' ਦੇ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਬਾਬਾ ਨਜ਼ਮੀ ਲੋਕ-ਪੱਖੀ ਵਿਚਾਰਧਾਰਾ ਦਾ ਕਵੀ ਹੈ।

ਉਸ ਦੀ ਕਵਿਤਾ ਦੇ ਵਿਸ਼ੇ ਇਨਕਲਾਬੀ ਹਨ। ਜ਼ਿੰਦਗੀ ਜਿਉਣ ਲਈ ਤਰੱਦਦ ਕਰਦੇ ਮਨੁੱਖ ਦੇ ਹਿਰਦੇ ਨੂੰ ਟੁੰਬਦੇ ਹਨ। ਉਹ ਸਮਾਜਿਕ ਨਾ-ਬਰਾਬਰੀ, ਸਿਆਸੀ ਗੰਧਲੇਪਨ, ਆਰਥਿਕ ਪਾੜੇ ਅਤੇ ਭਾਸ਼ਾਈ ਮਸਲਿਆਂ ਦੀ ਰਾਜਨੀਤੀ ਨੂੰ ਕਾਂਟੇ ਹੇਠ ਲਿਆਉਂਦਾ ਹੈ। ਸੰਵੇਦਨਸ਼ੀਲ ਮਨੁੱਖ ਅੰਦਰ ਨਸਲੀ, ਕੌਮੀ ਅਤੇ ਜਾਤੀ ਵਿਤਕਰਿਆਂ ਤੋਂ ਪਾਰ ਜਾ ਕੇ ਸੱਚਮੁੱਚ ਦਾ ਇਨਸਾਨ ਬਣਕੇ ਵਿਚਰਨ ਦੀ ਚੇਤਨਾ ਜਗਾਉਂਦਾ ਹੈ।

ਬਾਬਾ ਨਜ਼ਮੀ ਸ਼ਾਇਰੀ ਦਾ ਨਾਇਕ ਨਿਰਾਸ਼ ਨਹੀਂ ਹੈ, ਬਗਾਵਤੀ ਹੈ, ਬੇਬਾਕ ਵਿਚਰਦਾ ਹੈ। ਜ਼ਿੰਦਗੀ ਦੇ ਔਖੇ ਤੋਂ ਔਖੇ ਮੁਕਾਮ 'ਤੇ ਵੀ ਹੱਥ ਨਹੀਂ ਜੋੜਦਾ, ਲੜਨ ਦਾ ਐਲਾਨ ਕਰਦਾ ਹੈ। ਪੱਥਰਾਂ ਦਾ ਪਾੜ ਕੇ ਉਗ ਆਉਣ ਦਾ ਜੇਰਾ ਰੱਖਦਾ ਹੈ। ਜ਼ਿੰਦਗੀ ਨੂੰ ਹੁਸੀਨ ਬਣਾਉਣ ਲਈ ਆਸਵੰਦ ਹੈ। ਉਸਦੇ ਨਾਇਕ ਦੁੱਲਾ, ਮਿਰਜ਼ਾ, ਵਰਿਆਮ, ਜਬਰੂ, ਭਗਤ ਸਿੰਘ ਤੇ ਊਧਮ ਸਿੰਘ ਜਿਹੇ ਮਰਜੀਵੜੇ ਹਨ। ਰਾਹ ਦਸੇਰੇ ਬਾਬਾ ਫਰੀਦ, ਸਤਿਗੁਰੂ ਨਾਨਕ, ਬੁੱਲ੍ਹਾ, ਵਾਰਸ, ਹਾਸ਼ਮ, ਸੱਚਲ ਅਤੇ ਭੱਟਾਈ ਹਨ। ਵਿਰਸੇ ਦਾ ਗਿਆਨ ਅਤੇ ਜਨੂੰਨ ਉਸਦੀ ਸ਼ਾਇਰੀ ਦਾ ਹਾਸਿਲ ਹੈ।

# ਗੰਧਰਵ ਸੈਨ ਕੋਛੜ ਦੇ 105ਵੇਂ ਜਨਮ ਦਿਹਾੜੇ ਸਮਾਗਮ 'ਤੇ ਇਤਿਹਾਸ ਅਤੇ ਅਜੋਕੇ ਸਰੋਕਾਰਾਂ 'ਤੇ ਵਿਚਾਰਾਂ





**ਜਲੰਧਰ: 23 ਜਨਵਰੀ-** ਗ਼ਦਰ ਲਹਿਰ ਦੀ ਅਗਲੀ ਕੜੀ ਕਿਰਤੀ ਲਹਿਰ ਤੋਂ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਤੱਕ ਇੱਕ ਸਦੀ ਲੰਮਾ ਸ਼ਾਨਦਾਰ ਦੇਸ਼ ਭਗਤ ਇਨਕਲਾਬੀ ਲਹਿਰ ਅਤੇ ਲੋਕ-ਪੱਖੀ ਸਮਾਜ ਦੀ ਸਿਰਜਣਾ ਨੂੰ ਸਮਰਪਤ ਸਫ਼ਰ ਤੈਅ ਕਰਨ ਵਾਲੇ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੰਧਰਵ ਸੈਨ ਕੋਛੜ ਦੇ ਅੱਜ 105ਵੇਂ ਜਨਮ ਦਿਹਾੜੇ 'ਤੇ ਸਮਾਜ ਦੇ ਮਹੱਤਵਪੂਰਣ ਸੁਆਲਾਂ ਉਪਰ ਗੰਭੀਰ ਵਿਚਾਰ-ਚਰਚਾ ਹੋਈ।

ਗੰਧਰਵ ਸੈਨ ਕੋਛੜ ਦੀ ਧੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਅਮੋਲਕ ਸਿੰਘ, ਪ੍ਰੋ. ਗੋਪਾਲ ਸਿੰਘ ਬੁੱਟਰ ਅਤੇ ਹਰਮੇਸ਼ ਮਾਲੜੀ ਨੇ ਗੰਧਰਵ ਸੈਨ ਕੋਛੜ ਦੀ ਤਸਵੀਰ ਅੱਗੇ ਸ਼ਮ੍ਹਾ ਰੌਸ਼ਨ ਕਰਦਿਆਂ ਸਮਾਜ ਅੰਦਰ ਗੂਹੜੇ ਫੈਲੇ ਹਰ ਤਰ੍ਹਾਂ ਦੇ ਹਨੇਰ ਨੂੰ ਦੂਰ ਕਰਨ ਲਈ ਸੂਝ-ਬੂਝ ਭਰੀ ਵਿਗਿਆਨਕ ਚੇਤਨਾ ਦਾ ਚਾਨਣ ਕਰਨ ਲਈ ਹਰ ਸੰਭਵ ਉੱਦਮ ਜੁਟਾਉਣ ਦਾ ਅਹਿਦ ਲਿਆ।

ਜ਼ਿਕਰਯੋਗ ਹੈ ਕਿ ਇਸ ਮੌਕੇ ਦੇਸ਼ ਭਗਤ ਯਾਦਗਾਰ ਹਾਲ ਦੀ 'ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ' ਨਾਲ ਜੁੜੇ ਵਿਦਿਆਰਥੀਆਂ ਨੇ ਵਿਸ਼ੇਸ਼ ਦਿਲਚਸਪੀ ਲੈਂਦਿਆਂ ਵਿਚਾਰ-ਚਰਚਾ 'ਚ ਸ਼ਿਰਕਤ ਕੀਤੀ।

ਵਿਚਾਰ-ਚਰਚਾ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਕਮੇਟੀ ਮੈਂਬਰ ਅਮੋਲਕ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਜੁਆਨੀ ਨੂੰ ਆਪਣੀ ਇਤਿਹਾਸਕ ਵਿਰਾਸਤ ਤੋਂ ਰੌਸ਼ਨੀ ਲੈਂਦਿਆਂ, ਸਮੇਂ ਦੇ ਹਾਣੀ ਅਤੇ ਚੰਗੇਰੇ ਭਵਿੱਖ਼ ਦੇ ਸਿਰਜਕ ਬਣਨ ਲਈ ਅਕਾਦਮਿਕ ਵਿੱਦਿਆ ਦੇ ਨਾਲ-ਨਾਲ ਸਮਾਜੀ ਗਿਆਨ ਗ੍ਰਹਿਣ ਕਰਦਿਆਂ ਖ਼ੂਬਸੂਰਤ ਸਮਾਜ ਬਾਰੇ ਚਿੰਤਨਸ਼ੀਲ ਅਤੇ ਸੰਘਰਸ਼ਸ਼ੀਲ ਬਣਨ ਦੀ ਲੋੜ ਹੈ।

ਕਮੇਟੀ ਦੀ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਆਪਣੇ ਪਿਤਾ ਦੀ ਸੰਗਰਾਮੀ ਜੀਵਨ-ਗਾਥਾ ਸਾਂਝੀ ਕਰਦਿਆਂ ਹਾਜ਼ਰੀਨ ਨੂੰ ਯਕੀਨ ਦੁਆਇਆ ਕਿ ਉਹ ਤਨ, ਮਨ ਅਤੇ ਧਨ ਨਾਲ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਥਾਪਤ ਮਾਣਮੱਤੀਆਂ ਰਵਾਇਤਾਂ ਨੂੰ ਆਖਰੀ ਦਮ ਤੱਕ ਬੁਲੰਦ ਰੱਖਣਗੇ।

ਇਸ ਮੌਕੇ ਸੁਰਿੰਦਰ ਕੁਮਾਰੀ ਕੋਛੜ ਦੇ ਪਰਿਵਾਰ, ਸਾਕ-ਸਬੰਧੀਆਂ ਤੇ ਦੋਸਤਾਂ-ਮਿੱਤਰਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਦੇ ਮੈਂਬਰਾਂ ਅਤੇ ਹਾਲ ਨਾਲ ਜੁੜੇ ਹੋਏ ਬਹੁਤ ਸਾਰੇ ਪਰਿਵਾਰਕ ਮੈਂਬਰਾਂ ਦੇ ਵਧਾਈ ਸੰਦੇਸ਼ ਪ੍ਰਾਪਤ ਹੋਏ।

*****

# ਧਾਰਮਿਕ ਗੀਤ 'ਗੁਰੂ ਰਵਿਦਾਸ ਮੇਰੇ' ਨਾਲ ਸੰਗਤਾਂ ਦੇ ਸਨਮੁੱਖ ਗਾਇਕ ਸਰਤਾਜ ਅਲੀ

**ਚੰਡੀਗੜ (ਪ੍ਰੀਤਮ ਲੁਧਿਆਣਵੀ), 21 ਜਨਵਰੀ, 2023:** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀ ਖੁਸ਼ੀ ਵਿੱਚ ਨਾਮਵਰ ਗਾਇਕ ਸਰਤਾਜ ਅਲੀ ਆਪਣੀ ਮਿੱਠੀ, ਸੁਰੀਲੀ ਤੇ ਦਿਲਕਸ਼ ਅਵਾਜ ਵਿਚ ਰਿਕਾਰਡ ਆਪਣਾ ਨਵਾਂ ਸ਼ਬਦ 'ਗੁਰੂ ਰਵਿਦਾਸ ਮੇਰੇ' ਲੈ ਕੇ ਆਪਣੇ ਪਿਆਰੇ ਸਰੋਤਿਆਂ ਦੇ ਸਨਮੁੱਖ ਹੋਇਆ ਹੈ। ਇਸ ਸ਼ਬਦ ਦੇ ਗੀਤਕਾਰ ਅਨੇਕਾਂ ਗੀਤਾਂ ਦੇ ਸਿਰਜਣਹਾਰੇ ਹਰਮੇਸ਼ ਲਿੱਦੜ ਜੱਗੀ ਜੀ ਹਨ, ਜਿਹੜੇ ਕਿ ਵਿਦੇਸ਼ ਵਿਚ ਹੁੰਦੇ ਹੋਇਆਂ ਵੀ ਆਪਣੇ ਵਤਨ ਦੇ ਸਾਹਿਤ ਤੇ ਸੱਭਿਆਚਾਰ ਨਾਲ ਤਾਰਾਂ ਜੋੜੀ ਬੈਠੇ ਆਪਣੇ ਵੱਡਮੁੱਲੇ ਵਿਰਸੇ ਨਾਲ ਲੰਬੇ ਅਰਸੇ ਤੋਂ ਮੋਹ ਪਾਲਦੇ ਆ ਰਹੇ ਹਨ। ਉਨਾਂ ਦੀ ਮਿਹਨਤ, ਸਾਧਨਾ ਤੇ ਮਾਂ-ਬੋਲੀ ਪ੍ਰਤੀ ਅਥਾਹ ਮੋਹ-ਪਿਆਰ ਸਦਕਾ ਉਨਾਂ ਦਾ ਗੀਤਕਾਰੀ ਖੇਤਰ ਵਿਚ ਅੱਜ ਦਿਨ ਚੰਗੇ ਗੀਤਕਾਰਾਂ ਵਿਚ ਨਾਂ ਬੋਲਦਾ ਹੈ।




ਜਾਣਕਾਰੀ ਦਿੰਦਿਆਂ ਹਰਮੇਸ਼ ਲਿੱਦੜ ਜੱਗੀ ਜੀ ਨੇ ਦੱਸਿਆ ਕਿ ਇਸ ਸ਼ਬਦ ਦਾ ਸੰਗੀਤ ਕਰਨ ਪਰਿੰਸ ਨੇ ਬਹੁਤ ਹੀ ਕਮਾਲ-ਮਈ ਸੰਗੀਤਕ ਛੋਹਾਂ ਦੇਕੇ ਤਿਆਰ ਕੀਤਾ ਹੈ ਅਤੇ ਇਸ ਦੀ ਵੀਡੀਓ ਅਕਸੈ ਵਰਮਾ ਨੇ ਬੜੀ ਰੂਹ ਨਾਲ ਪੂਰੀ ਦਿਲਚਸਪੀ ਲੈਕੇ ਤਿਆਰ ਕੀਤੀ ਹੈ। ਮਾਰਕੋ ਐਂਟਰਟੇਨਮੈਂਟ ਕੰਪਨੀ ਵੱਲੋਂ ਯੂ-ਟਿਊਬ 'ਤੇ ਰਿਲੀਜ਼ ਕੀਤੇ ਇਸ ਸ਼ਬਦ ਤੋਂ ਸਮੁੱਚੀ ਟੀਮ ਨੂੰ ਪੂਰਨ ਆਸਾਂ-ਉਮੀਦਾਂ ਤੇ ਸੰਭਾਵਨਾਵਾਂ ਹਨ ਕਿ ਇਹ ਨਵਾਂ ਸ਼ਬਦ ਜਿੱਥੇ ਧੰਨ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦੀਆਂ ਸ਼ਰਧਾਲੂ ਸੰਗਤਾਂ ਨੂੰ ਨਿਹਾਲ ਕਰਨ ਵਿਚ ਖੂਬ ਸਹਾਈ ਹੋਵੇਗਾ, ਉਥੇ ਟੀਮ ਨੂੰ ਵੀ ਬੁਲੰਦੀਆਂ ਵੱਲ ਲਿਜਾਣ ਵਿਚ ਮਦਦਗਾਰ ਸਿੱਧ ਹੋਵੇਗਾ।

# ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ 2023 ਦੁਸਾਂਝ ਜੋੜੀ ਨੂੰ ਮਿਲੇਗਾ

ਆਸਟਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸ਼ੋਸਲ ਅਕੈਡਮੀ ਆਫ ਆਸਟਰੇਲੀਆ (ਇਪਸਾ) ਵੱਲੋਂ ਸਾਹਿਤ ਕਲਾ ਕੇਂਦਰ ਜਲੰਧਰ ਦੇ ਸਹਿਯੋਗ ਨਾਲ ਹਰ ਸਾਲ ਦਿੱਤਾ ਜਾਣ ਵਾਲਾ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ ਇਸ ਵਰ੍ਹੇ ਪ੍ਰਤੀਬੱਧ ਪੱਤਰਕਾਰੀ, ਸੰਜੀਦਾ ਟੈਲੀ ਵਾਰਤਾਕਾਰੀ, ਲੋਕ ਸਾਹਿਤਕਾਰੀ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਲੀਕ ਤੋਂ ਵੱਖਰੇ ਮੈਗਜ਼ੀਨ (ਹੁਣ) ਦੀ ਸੰਪਾਦਕੀ ਲਈ ਅਦਬੀ ਹਲਕਿਆਂ ਵਿਚ ਜਾਣੀ, ਪਹਿਚਾਣੀ ਅਤੇ ਗੁਣਵੰਤੀ ਦੁਸਾਂਝ ਜੋੜੀ ਨੂੰ ਦਿੱਤਾ ਜਾਏਗਾ। ਸੁਸ਼ੀਲ ਦੁਸਾਂਝ ਅਤੇ ਕਮਲ ਦੁਸਾਂਝ



ਨੇ ਗ੍ਰਹਿਸਤ ਜੀਵਨ ਦੀਆਂ ਜ਼ਹਿਮਤਾਂ, ਜ਼ੁੰਮੇਵਾਰੀਆਂ ਨਾਲ ਸਿੱਝਦਿਆਂ ਅਤੇ ਸੱਤਾ ਸਥਾਪਤੀ ਦੇ ਖ਼ਿਲਾਫ਼ ਲੋਕ ਰੋਹ ਦੀ ਵੰਗਾਰ ਬਣਦਿਆਂ ਸਦਾ ਹੀ ਸਮੇਂ ਦੇ ਸੱਚ ਨੂੰ ਪੇਸ਼ ਕੀਤਾ ਹੈ। ਉਹਨਾਂ ਨੇ ਸਮਾਜਿਕ ਪ੍ਰਤੀਸਥਿਤੀਆਂ ਦਾ ਵਿਗਿਆਨਿਕ ਨਜ਼ਰੀਏ ਨਾਲ ਅਧਿਐਨ ਕਰਦਿਆਂ ਕਲਮ ਅਤੇ ਕਾਲਮ ਨੂੰ ਲੋਕ ਹਿੱਤਾਂ ਦੇ ਘੇਰੇ ਤੋਂ ਕਦੀ ਵੀ ਬਾਹਰਾ ਨਹੀਂ ਹੋਣ ਦਿੱਤਾ। ਜਿੱਥੇ ਸੁਸ਼ੀਲ ਦੁਸਾਂਝ ਨੇ ਸ਼ਾਇਰੀ ਸੰਪਾਦਕੀ ਅਤੇ ਪੱਤਰਕਾਰੀ ਦੇ ਖੇਤਰ ਆਪਣੇ ਦਾਇਤਵ ਨੂੰ ਨਿਭਾਉਂਦਿਆਂ ਸਦਾ ਹੀ ਨਜ਼ਰ ਅੰਦਾਜ਼ ਹੋ ਰਹੀਆਂ ਧਿਰਾਂ ਅਤੇ ਜਾਗਦੇ ਸਿਰਾਂ ਦੀ ਪ੍ਰਤਿਨਿਧਤਾ ਕੀਤੀ ਹੈ, ਉੱਥੇ ਕਮਲ ਦੁਸਾਂਝ ਨੇ ਵੀ ਇਸੇ ਹੀ ਪੈੜ੍ਹ ਵਿਚ ਪੈਰ ਧਰਦਿਆਂ ਲੋਕ ਹਿਤੈਸ਼ੀ ਪੱਤਰਕਾਰੀ ਦੀ ਅਸਲ ਭੂਮਿਕਾ ਅਤੇ ਦਾਇਰੇ ਨੂੰ ਹੋਰ ਵੀ ਵਸੀਹ ਕੀਤਾ ਹੈ। ਇਪਸਾ ਇਸ ਜੋੜੀ ਦੇ ਸਮੁੱਚੇ ਕਾਰਜਾਂ ਦੀ ਸਨਦ ਅਤੇ ਸ਼ਲਾਘਾ ਕਰਦਿਆਂ ਸੁਸ਼ੀਲ ਦੁਸਾਂਝ ਅਤੇ ਕਮਲ ਦੁਸਾਂਝ ਦੇ ਨਾਮ ਸਾਲ 2023 ਲਈ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰਾਂ ਲਈ ਨਾਮਜ਼ਦ ਕਰਦੀ ਹੋਈ ਬਹੁਤ ਮਾਣ ਮਹਿਸੂਸ ਕਰਦੀ ਹੈ।

ਸਾਹਿਤ ਕਲਾ ਕੇਂਦਰ ਜਲੰਧਰ ਦੀ ਦੇਖ ਰੇਖ ਤਹਿਤ ਦਿੱਤਾ ਜਾਣ ਵਾਲਾ ਇਹ ਵੱਕਾਰੀ ਪੁਰਸਕਾਰ ਗਦਰੀ ਬਾਬਿਆਂ ਦੀ ਇਨਕਲਾਬੀ ਸੋਚ ਅਤੇ ਦੇਸ਼ ਪ੍ਰਤੀ ਕੁਰਬਾਨੀ ਦੀ ਅਡੋਲ ਭਾਵਨਾ ਨੂੰ ਸਮਰਪਿਤ ਹੈ। ਇਸ ਪੁਰਸਕਾਰ ਲਈ ਰੱਖੀ ਗਈ ਚੋਣ ਕਸੌਟੀ ਹੀ ਨਹੀਂ, ਇਸ ਦਾ ਨਾਮ ਵੀ ਇਸ ਦੀ ਹੋਰਨਾਂ ਪੁਰਸਕਾਰਾਂ ਦੀ ਕਤਾਰ ਵਿੱਚੋਂ ਅਲੱਗ ਹੋਂਦ ਨੂੰ ਤਸਦੀਕ ਕਰਦਾ ਹੈ। ਇਸ ਐਵਾਰਡ ਵਿਚ ਦੋਵਾਂ ਹਸਤੀਆਂ ਨੂੰ ਦੋ ਦੁਸ਼ਾਲੇ, ਦੋ ਸੋਵੀਨਾਰ ਅਤੇ 21-21 ਹਜ਼ਾਰ ਰੁਪੈ ਦੀ ਰਾਸ਼ੀ ਨਾਲ ਨਿਵਾਜਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਹ ਪੁਰਸਕਾਰ ਸਮਰੱਥ ਗ਼ਜ਼ਲਗੋ ਪ੍ਰੋ। ਜਸਪਾਲ ਘਈ, ਦੂਰਦਰਸ਼ਨ ਦੀ ਸਾਬਕਾ ਡਾਇਰੈਕਟਰ ਕੁਲਵਿੰਦਰ ਬੁੱਟਰ, ਨਾਮਵਰ ਆਲੋਚਕ ਅਤੇ ਚਿੰਤਕ ਡਾ। ਭੀਮਇੰਦਰ ਸਿੰਘ, ਗੁਰਮਤਿ ਸੰਗੀਤ ਮਾਹਰ ਡਾ। ਨਿਵੇਦਿਤਾ ਸਿੰਘ ਜੀ ਨੂੰ ਦਿੱਤਾ ਜਾ ਚੁੱਕਾ ਹੈ। ਇਹ ਸਨਮਾਨ ਸਮਾਰੋਹ ਮਿਤੀ 29 ਜਨਵਰੀ, ਦਿਨ ਐਤਵਾਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਯੋਜਿਤ ਹੋਵੇਗਾ।

# ਬਣ ਗਏ ਨਵੇਂ ਪ੍ਰਧਾਨ ਮੰਤਰੀ ਤੇ ਉਪ ਪ੍ਰਧਾਨ ਮੰਤਰੀ

## ਦੇਸ਼ ਦੀ ਗਵਰਨਰ ਜਨਰਲ ਨੇ ਸ੍ਰੀ ਕ੍ਰਿਸ ਹਿਪਕੰਸ ਨੂੰ ਪ੍ਰਧਾਨ ਮੰਤਰੀ ਤੇ ਸ੍ਰੀਮਤੀ ਸੀਪੂਲੋਨੀ ਨੂੰ ਉਪ ਪ੍ਰਧਾਨ ਮੰਤਰੀ ਦੀ ਸਹੁੰ ਚੁਕਾਈ








**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** 25 ਜਨਵਰੀ 1974 ਨਿਊਜ਼ੀਲੈਂਡ ਦੇ ਲਈ ਇਕ ਇਤਿਹਾਸਕ ਦਿਨ ਰਿਹਾ ਹੈ, ਇਸ ਦਿਨ ਕਾਮਨਵੈਲਥ ਖੇਡਾਂ ਦੋਸਤਾਨਾ ਮੈਚ ਦੇ ਨਾਲ ਸ਼ੁਰੂ ਹੋਏ ਸਨ ਅਤੇ ਅੱਜ 25 ਜਨਵਰੀ 2023 ਨੂੰ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਸ੍ਰੀ ਕ੍ਰਿਸ ਹਿੱਪਕਿੰਸ (45) ਨੇ 41ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਕੇ ਦੇਸ਼ ਦੀ ਵਾਗਡੋਰ ਸੰਭਾਲ ਲਈ ਹੈ। ਇਸਦੇ ਨਾਲ ਹੀ ਉਪ ਪ੍ਰਧਾਨ ਮੰਤਰੀ ਸ੍ਰੀਮਤੀ ਕੈਰਮਲ ਸੀਪੂਲੋਨੀ ਵੀ ਅੱਜ ਸਹੁੰ ਚੁੱਕ ਕੇ ਉਪ ਪ੍ਰਧਾਨ ਮੰਤਰੀ ਬਣ ਗਈ ਹੈ। ਦੋਹਾਂ ਨੂੰ ਗਵਨਰ ਜਨਰਲ ਨੇ ਸਾਹਮਣੇ ਬਿਠਾ ਕੇ ਕਿਹਾ ਕਿ ਸਭ ਤੋਂ ਪਹਿਲਾਂ ਸ੍ਰੀ ਕ੍ਰਿਸ ਹਿੱਪਕਿੰਸ ਨੂੰ ਕਿਹਾ ਕਿ ''ਤੁਸੀਂ ਮੈਨੂੰ ਇਸ ਗੱਲ ਦੀ ਦਿਲਚਸਪੀ ਵਿਖਾਈ ਹੈ ਕਿ ਤੁਸੀਂ ਸਰਕਾਰ ਦੀ ਅਗਵਾਈ ਕਰ ਸਕਦੇ ਹੋ। ਮੈਂ ਹੁਣ ਤੁਹਾਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਸ ਗੱਲ ਦੀ ਤਸੱਲੀ ਦਿਓ ਕਿ ਤੁਸੀਂ ਸਰਕਾਰ ਦੀ ਅਗਵਾਈ ਕਰ ਸਕਦੇ ਹੋ?'' ਇਸਦੇ ਜਵਾਬ ਵਿਚ ਸ੍ਰੀ ਕ੍ਰਿਸ ਹਿਪਕਿੰਸ ਨੇ 'ਹਾਂ' ਵਿਚ ਜਵਾਬ ਦਿੱਤਾ। ਗਵਰਨਰ ਨੇ ਅੱਗੇ ਕਿਹਾ ਕਿ 'ਹੁਣ ਮੈਂ ਅਗਲੀ ਕਾਰਵਾਈ ਕਰ ਸਕਦੀ ਹਾਂ।''

ਗਵਰਨਰ ਜਨਰਲ ਸਿੰਡੀ ਕਿਰੋ ਨੇ ਦੋਵਾਂ ਨੂੰ ਨਿੱਘੀ ਵਧਾਈ ਦਿੰਦਿਆ ਕਿਹਾ ਕਿ ਸਾਰੇ ਮੰਤਰਾਲਿਆਂ ਦੇ ਨਾਲ ਰਾਬਤਾ ਰੱਖਣ ਲਈ ਤੁਸੀਂ ਮੇਰੇ ਪ੍ਰਮੁੱਖ ਸਲਾਹਕਾਰ ਹੋ। ਦੇਸ਼ ਦੀ ਮੌਜੂਦਾ ਪ੍ਰਧਾਨ ਮੰਤਰੀ ਇਸ ਤੋਂ ਪਹਿਲਾਂ ਆਪਣਾ ਅਸਤੀਫਾ ਦੇਸ਼ ਦੀ ਗਵਰਨਰ ਜਨਰਲ ਮਾਣਯੋਗ ਸਿੰਡੀ ਕਿਰੋ ਨੂੰ ਸੌਂਪ ਦਿੱਤਾ ਸੀ। ਸਹੁੰ ਚੁੱਕ ਸਮਾਗਮ 11।20 ਮਿੰਟ ਉਤੇ ਸ਼ੁਰੂ ਹੋ ਗਿਆ। ਨਵੇਂ ਬਣੇ ਪ੍ਰਧਾਨ ਮੰਤਰੀ ਨੇ ਗਵਰਨਰ ਜਨਰਲ ਦਾ ਧੰਨਵਾਦ ਕਰਦਿਆਂ ਕਿਹਾ ਕਿ ''ਇਹ ਮੇਰੇ ਜੀਵਨ ਦੀ ਇਹ ਮੇਰੇ ਜੀਵਨ ਦਾ ਸਭ ਤੋਂ ਵੱਡਾ ਸਨਮਾਨ ਅਤੇ ਜ਼ਿੰਮੇਵਾਰੀ ਹੈ। ਮੈਂ ਅੱਗੇ ਆਉਣ ਵਾਲੀਆਂ ਚੁਣੌਤੀਆਂ ਤੋਂ ਉਤਸ਼ਾਹਿਤ ਹਾਂ। ਉਪ ਪ੍ਰਧਾਨ ਮੰਤਰੀ ਅਤੇ ਮੈਂ ਦੋਵੇਂ ਅੱਜ ਦੀਆਂ ਨਿਯੁਕਤੀਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ। ਪ੍ਰਧਾਨ ਮੰਤਰੀ ਹੋਣ ਦੇ ਨਾਤੇ, ਮੈਂ ਪ੍ਰਭੂਸੱਤਾ ਅਤੇ ਗਵਰਨਰ-ਜਨਰਲ ਨੂੰ ਸਲਾਹ ਦੇਣ ਵਿੱਚ ਆਪਣੀ ਭੂਮਿਕਾ ਦੇ ਮਹੱਤਵਪੂਰਨ ਸੁਭਾਅ ਨੂੰ ਸਵੀਕਾਰ ਕਰਦਾ ਹਾਂ। ਮੈਂ ਤੁਹਾਡਾ ਨਿੱਜੀ ਤੌਰ 'ਤੇ ਧੰਨਵਾਦ ਕਰਦਾ ਹਾਂ ਅਤੇ ਤੁਹਾਡੇ ਨਾਲ ਕੰਮ ਕਰਨ ਦੀ ਉਮੀਦ ਕਰਦਾ ਹਾਂ।'' ਪ੍ਰਧਾਨ ਮੰਤਰੀ ਆਪਣੇ ਇਸ ਅਹੁਦੇ ਦੇ ਨਾਲ ਰਾਸ਼ਟਰੀ ਸੁਰੱਖਿਆ ਅਤੇ ਇੰਟੈਲੀਜੈਂਸੀ ਵੀ ਵੇਖਣਗੇ।

ਕੋਈ ਵੱਡਾ ਸਮਾਗਮ ਨਹੀਂ: ਮਿੰਟਾਂ ਦੇ ਵਿਚ ਇਹ ਸਮਾਗਮ ਸੰਪੂਰਨ ਹੋ ਗਿਆ। ਕਿਸੀ ਪ੍ਰਕਾਰ ਦਾ ਕੋਈ ਬਾਹਰੀ ਇਕੱਠ ਨਹੀਂ ਕੀਤਾ ਗਿਆ, ਕੋਈ ਰਾਜਨੀਤਕ ਲੋਕ ਸ਼ੇਖੀਆਂ ਮਾਰਦੇ ਨਹੀਂ ਵੇਖੇ ਗਏ। ਬੱਸ ਗਵਰਨਰ ਜਨਰਲ ਦੇ ਸਾਰਥਿਕ ਸ਼ਬਦਾਂ ਦੀ ਸਲਾਹ ਨਾਲ ਦੇਸ਼ ਦੀ ਵਾਗਡੋਰ ਨਵੇਂ ਨੇਤਾਵਾਂ ਦੇ ਹੱਥਾਂ ਵਿਚ ਸੌਂਪ ਦਿੱਤੀ ਗਈ। ਇਸ ਤੋਂ ਬਾਅਦ ਕੈਬਨਿਟ ਦੀ ਮੀਟਿੰਗ ਹੋਈ।

ਸ੍ਰੀਮਤੀ ਕੈਰਮਲ ਸੀਪੂਲੋਨੀ: ਮਾਣਯੋਗ ਸ੍ਰੀਮਤੀ ਕੈਰਮਲ ਸੀਪੂਲੋਨੀ (46) ਇਸ ਵੇਲੇ ਕੈਲਸਟਨ ਜੋ ਕਿ ਪੱਛਮੀ ਔਕਲੈਂਡ ਦਾ ਇਕ ਹਲਕਾ ਹੈ, ਤੋਂ ਸਾਂਦਾ ਹੈ। ਉਹ ਸਾਮੋਅਨ, ਟੌਂਗਲ ਅਤੇ ਯੂਰੀਪੀਅਨ ਪਰਿਵਾਰ ਨਾਲ ਸਬੰਧਿਤ ਹੈ। ਇਹ ਸਾਮੋਆ ਵਿਖੇ ਪੜ੍ਹਾਉਂਦੀ ਵੀ ਰਹੀ ਹੈ। ਯੂਨੀਵਰਸਿਟੀ ਆਫ ਔਕਲੈਂਡ ਵਿਖੇ ਉਹ ਇਕੁਟੀ ਪ੍ਰੋਗਰਾਮ ਮੈਨੇਜਮੈਂਟ ਦੀ ਪ੍ਰਬੰਧਕ ਰਹੀ ਹੈ। ਲੇਬਰ ਸਰਕਾਰ ਵਿਚ ਉਹ ਸੋਸ਼ਲ ਡਿਵੈਲਪਮੈਂਟ ਅਤੇ ਇੰਪਲਾਇਮੈਂਟ ਮੰਤਰੀ ਹੈ, ਏਸੀਸੀ ਮੰਤਰੀ ਹੈ, ਅਪੰਗਾਂ ਦੀ ਮੰਤਰੀ ਹੈ ਅਤੇ ਆਰਟ, ਕਲਚਰ ਅਤੇ ਹੈਰੀਟੇਜ ਦੀ ਮੰਤਰੀ ਹੈ। ਪ੍ਰਧਾਨ ਮੰਤਰੀਆਂ ਦੀ ਸਹੁੰ ਚੁੱਕ ਅਤੇ ਦਫਤਰ ਛੱਡਣ ਦੇ ਵਿਚ ਜਨਵਰੀ ਮਹੀਨਾ ਕਈ ਵਾਰ ਇਤਿਹਾਸ ਦੁਹਰਾ ਚੁੱਕਾ ਹੈ।

ਸੀਪੂਲੋਨੀ ਦੇਸ਼ ਦੀ ਪਹਿਲੀ ਪੈਸੇਫਿਕ ਦੇਸ਼ਾਂ ਦੀ ਮਹਿਲਾ ਹੈ ਜੋ ਦੇਸ਼ ਦੀ ਉਪ ਪ੍ਰਧਾਨ ਮੰਤਰੀ ਬਣੀ ਹੈ। ਸਹੁੰ ਚੁਕੱਣ ਵੇਲੇ ਉਨ੍ਹਾਂ ਸੰਬੋਧਨ ਹੁੰਦਿਆ ਕਿਹਾ ਕਿ ''ਤੁਹਾਡੇ ਨਿੱਘੇ ਸ਼ਬਦਾਂ ਲਈ ਤੁਹਾਡਾ ਧੰਨਵਾਦ। ਪ੍ਰਧਾਨ ਮੰਤਰੀ ਜੀ, ਤੁਹਾਡੀ ਯੋਗ ਨਿਯੁਕਤੀ 'ਤੇ ਵਧਾਈ, ਤੁਹਾਡੇ ਦੁਆਰਾ ਮੇਰੇ ਵਿੱਚ ਰੱਖੇ ਗਏ ਵਿਸ਼ਵਾਸ ਲਈ ਤੁਹਾਡਾ ਧੰਨਵਾਦ, ਇਸ ਨਿਯੁਕਤੀ ਦੁਆਰਾ ਮੈਨੂੰ, ਮੇਰੇ ਪਰਿਵਾਰ ਅਤੇ ਸਾਡੇ ਪੈਸੇਫਿਕ ਭਾਈਚਾਰੇ ਦਾ ਸਨਮਾਨ ਕਰਨ ਲਈ ਤੁਹਾਡਾ ਧੰਨਵਾਦ। ਤੁਹਾਡੇ ਨਾਲ ਕੰਮ ਕਰਨ ਅਤੇ ਇਸ ਬਹੁਤ ਮਹੱਤਵਪੂਰਨ ਭੂਮਿਕਾ ਵਿੱਚ ਤੁਹਾਡਾ ਸਮਰਥਨ ਕਰਨ ਦੀ ਉਮੀਦ ਹੈ।''

ਭਰਿਆ ਮੇਲਾ ਛੱਡਿਆ ਜੈਸਿੰਡਾ ਆਰਡਨ ਨੇ: ਵਰਨਣਯੋਗ ਹੈ ਕਿ ਹੁਣ ਸਾਬਕਾ ਪ੍ਰਧਾਨ ਮੰਤਰੀ ਬਣ ਚੁੱਕੀ ਮਾਣਯੋਗ ਜੈਸਿੰਡਾ ਆਰਡਨ ਨੇ ਲਗਪਗ ਸਵਾ 5 ਸਾਲ ਪ੍ਰਧਾਨ ਮੰਤਰੀ ਰਹਿਣ ਤੋਂ ਬਾਅਦ ਇਹ ਅਹੁਦਾ ਆਪਣੇ ਆਪ ਤਿਆਗ ਦਿੱਤਾ ਹੈ ਕਿ ਦੇਸ਼ ਨੂੰ ਹੁਣ ਨਵੇਂ ਮੋਢਿਆਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੀ ਕਿ ਉਹ 7 ਫਰਵਰੀ ਤੱਕ ਸਾਰਾ ਕੁਝ ਕਰ ਲੈਣਗੇ, ਪਰ ਇਹ ਸਾਰਾ ਕੁਝ ਕਹਿਣ ਦੇ ਹਫਤੇ ਵਿਚ ਹੀ ਕਰ ਦਿੱਤਾ ਗਿਆ।

# ਦੋ ਗੁਜਰਾਤੀ ਵਿਅਕਤੀ ਨਿਊਜ਼ੀਲੈਂਡ ਦੇ ਪੀਹਾ ਬੀਚ 'ਤੇ ਡੁੱਬੇ-ਭਾਰਤੀ ਹਾਈ ਕਮਿਸ਼ਨ ਰਾਬਤੇ 'ਚ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਔਕਲੈਂਡ ਸ਼ਹਿਰ ਤੋਂ ਲਗਪਗ 40 ਕਿਲੋਮੀਟਰ ਦੂਰ ਬੀਤੀ ਕੱਲ੍ਹ ਸ਼ਾਮ 6 ਕੁ ਵਜੇ ਪੱਛਮੀ ਔਕਲੈਂਡ ਦੇ ਪ੍ਰਸਿੱਧ ਪੀਹਾ ਬੀਚ (ਸਮੁੰਦਰੀ ਕੰਢੇ) ਉਤੇ ਦੋ ਵਿਅਕਤੀ ਡੁੱਬ ਕੇ ਮਰ ਗਏ। ਜੀਵਨ ਬਚਾਓ ਦਸਤੇ ਨੇ ਭਾਵੇਂ ਉਨ੍ਹਾਂ ਨੂੰ ਵਾਰੋ-ਵਾਰੀ ਬਾਹਰ ਕੱਢ ਲਿਆ ਸੀ, ਤੇ ਇਨ੍ਹਾਂ ਨੂੰ ਬਚਾਉਣ ਖਾਤਿਰ ਹੈਲੀਕਾਪਟਰ, ਐਂਬੂਲੈਂਸ ਅਤੇ ਪੁਲਿਸ ਦਸਤਾ ਵੀ ਪਹੁੰਚ ਗਿਆ ਸੀ ਤਾਂ ਕਿ ਹਸਪਤਾਲ ਅਤੇ ਜਰੂਰੀ ਪ੍ਰਬੰਧ ਹੋ ਸਕਣ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਇਕ ਵਿਅਕਤੀ ਨੂੰ ਪਹਿਲਾਂ ਬਚਾਓ ਦਲ ਵੱਲੋਂ ਬੇਹੋਸ਼ੀ ਦੀ ਹਾਲਤ ਵਿਚ ਬਾਹਰ ਕੱਢਿਆ ਗਿਆ ਅਤੇ ਦੂਜੇ ਨੂੰ ਜੈਟ ਸਕਾਈ ਬੋਟ ਅਤੇ ਆਈ।ਆਰ। ਬੀ। (ਇਨਫਲੇਟਬਲ ਰੈਸਕਿਊ ਬੋਟ) ਰਾਹੀਂ ਲੱਭਿਆ ਗਿਆ, ਜੋ ਕਿ ਬੇਹੋਸ਼ੀ ਦੀ ਹਾਲਤ ਵਿਚ ਸੀ। ਇਨ੍ਹਾਂ ਦੀ ਪਛਾਣ ਗੁਜਰਾਤੀ ਮੂਲ ਦੇ ਦੋ ਵਿਅਕਤੀਆਂ ਸੁਰੇਨ ਨਾਇਨਕੁਮਾਰ ਪਟੇਲ (28) ਅਤੇ ਅੰਸ਼ਲ ਸ਼ਾਹ (31) ਵਜੋਂ ਹੋਈ ਹੈ। ਮੂਲ ਰੂਪ ਵਿਚ ਇਹ ਪੱਛਮੀ ਭਾਰਤ ਦੇ ਸ਼ਹਿਰ ਅਹਿਮਦਾਬਾਦ ਨਾਲ ਸਬੰਧਿਤ ਸਨ। ਸੁਰੇਨ ਪਟੇਲ ਪਿਛਲੇ ਸਾਲ ਅਗਸਤ ਮਹੀਨੇ ਆਇਆ ਸੀ ਅਤੇ ਇਲੈਕਟ੍ਰੀਕਲ ਇੰਜੀਨੀਅਰ ਸੀ ਜਦ ਕਿ ਅੰਸ਼ਲ ਸ਼ਾਹ ਇਕ ਗੈਸ ਸਟੇਸ਼ਨ ਉਤੇ ਕੈਸ਼ੀਅਰ ਦਾ ਕੰਮ ਕਰਦਾ ਸੀ ਤੇ ਨਵੰਬਰ ਮਹੀਨੇ ਆਇਆ ਸੀ। ਦੋਨੋਂ ਵਰਕ ਵੀਜ਼ੇ ਉਤੇ ਸਨ। ਸਮੁੰਦਰ ਦੇ ਵਿਚ ਨਹਾਉਣ ਵੇਲੇ ਇਹ ਜੀਵਨ ਬਚਾਓ ਦਸਤੇ ਦੀ ਨਿਗਰਾਨੀ ਵਾਲੇ ਖੇਤਰ ਤੋਂ ਪਰ੍ਹਾਂ ਦੱਸੇ ਜਾਂਦੇ ਹਨ। ਸ਼ਾਮ 6।02 ਵਜੇ ਐਮਰਜੈਂਸੀ ਵਾਲਿਆਂ ਨੂੰ ਬੁਲਾਇਆ ਗਿਆ ਸੀ ਅਤੇ ਇਸ ਵੇਲੇ ਬਚਾਓ ਦਲ ਵਾਲਿਆਂ ਦੀ ਡਿਊਟੀ ਵੀ ਖਤਮ ਹੋ ਚੁੱਕੀ ਸੀ। ਪਰ ਬਚਾਓ ਦੱਲ ਨੇ ਮਦਦ ਕੀਤੀ ਅਤੇ ਸਟਾਫ 8 ਵਜੇ ਤੱਕ ਉਥੇ ਰਿਹਾ। ਵਲਿੰਗਟਨ ਸਥਿਤ ਭਾਰਤੀ ਦੂਤਾਵਾਸ ਇਨ੍ਹਾਂ ਵਿਅਕਤੀਆਂ ਦੇ ਭਾਰਤ ਰਹਿੰਦੇ ਪਰਿਵਾਰਾਂ ਦੇ ਨਾਲ ਰਾਬਤੇ ਵਿਚ ਆ ਗਿਆ ਹੈ। ਪਰਿਵਾਰਾਂ ਦੀ ਬੇਨਤੀ ਉਤੇ ਮ੍ਰਿਤਕ ਸਰੀਰ ਵਾਪਿਸ ਇੰਡੀਆ ਭੇਜੇ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ।

### ਜਨਮ ਦਿਨ 'ਤੇ ਵਿਸ਼ੇਸ਼

# “ਜੈ ਹਿੰਦ” ਦਾ ਨਾਅਰਾ ਦੇਣ ਵਾਲੇ ਨੇਤਾ ਜੀ ਸੁਭਾਸ਼ ਚੰਦਰ ਬੋਸ ਮਹਾਨ ਦੇਸ਼-ਭਗਤ ਸਨ



ਪ੍ਰਮੋਦ ਧੀਰ
91-98550-31081

ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਕਟਕ (ਉੜੀਸਾ) ਵਿੱਚ ਉੱਘੇ ਵਕੀਲ ਪਿਤਾ ਜਾਨਕੀ ਨਾਥ ਬੋਸ ਅਤੇ ਮਾਤਾ ਪ੍ਰਭਾਵਤੀ ਬੋਸ ਦੇ ਘਰ ਹੋਇਆ। ਨੇਤਾ ਜੀ ਨੇ ਸ਼ੁਰੂਆਤੀ ਪੜ੍ਹਾਈ ਕਟਕ ਦੇ ਰੇਵੇਂਸੋਵ ਕਾਲਜੀਏਟ ਸਕੂਲ ਤੋਂ ਹਾਸਲ ਕੀਤੀ। ਉਹ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਬਹੁਤ



16 Herbert street,
Cambridge
22.4.'21

2701

Mr. Right Hon. E.S. Nconlique M.P.,
Secretary of state for India

Sir,
I desire to have my name removed from the list of probationers in the Indian Civil Services.
I may state in this connection that I was selected as a result of an open competitive examination held in August 1920.
I have received an allowance of £100 (one hundred pounds only) up till now. I shall remit the amount to the India Office as soon as my resignation is accepted.

I have the honour to be Sir,
Your most obedient servant

Subhas Chandra Bose

ਹੁਸ਼ਿਆਰ ਸਨ। ਇਸ ਤੋਂ ਬਾਅਦ ਉਹਨਾਂ ਨੇ ਕਲਕੱਤਾ ਦੇ ਪ੍ਰੈਜੀਡੈਂਸੀ ਕਾਲਜ ਅਤੇ ਸਕਾਟਿਸ਼ ਚਰਚ ਕਾਲਜ ਤੋਂ ਸਿੱਖਿਆ ਹਾਸਲ ਕੀਤੀ। 1919 ਵਿੱਚ ਉਹਨਾਂ ਨੇ ਫਿਲਾਸਫ਼ੀ ਵਿਸ਼ੇ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਬਾਅਦ ਵਿੱਚ ਭਾਰਤੀ ਪ੍ਰਸ਼ਾਸਨਿਕ ਸੇਵਾ (ਇੰਡੀਅਨ ਸਿਵਿਲ ਸਰਵਿਸ) ਦੀ ਤਿਆਰੀ ਲਈ ਉਨ੍ਹਾਂ ਦੇ ਮਾਤਾ ਪਿਤਾ ਨੇ ਬੋਸ ਨੂੰ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਭੇਜ ਦਿੱਤਾ। ਅੰਗਰੇਜਾਂ ਦੇ ਰਾਜ ਵਿੱਚ ਭਾਰਤੀਆਂ ਦੇ ਲਈ ਸਿਵਿਲ ਸਰਵਿਸ ਵਿੱਚ ਜਾਣਾ ਬਹੁਤ ਹੀ ਮੁਸ਼ਕਿਲ ਸੀ ਪਰ ਉਨ੍ਹਾਂ ਨੇ ਸਿਵਿਲ ਸਰਵਿਸ ਦੀ ਪ੍ਰੀਖਿਆ ਸਿਰਫ਼ 8 ਮਹੀਨਿਆਂ ਵਿੱਚ ਪਾਸ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ। ਸੰਨ 1919 ਵਿੱਚ ਜਲ੍ਹਿਆਂਵਾਲਾ ਬਾਗ ਸਾਕੇ ਤੋਂ ਬਾਅਦ ਮਹਾਤਮਾ ਗਾਧੀ ਜੀ ਵੱਲੋਂ ਸ਼ੁਰੂ ਕੀਤੇ "ਨਾਨ ਕੋਪਰੇਸ਼ਨ ਮੂਵਮੈਂਟ” ਵਿੱਚ ਲੱਖਾਂ ਲੋਕਾਂ ਨੇ ਰੋਸ ਵਜੋਂ ਨੌਕਰੀਆਂ ਤੋਂ ਅਸਤੀਫ਼ੇ ਦਿੱਤੇ, ਵਿਦੇਸ਼ੀ ਚੀਜਾਂ ਦਾ ਬਾਈਕਾਟ ਕੀਤਾ, ਉਸ ਸਮੇਂ ਸੁਭਾਸ਼ ਚੰਦਰ ਬੋਸ ਵੀ ਆਪਣੀ ਸਭ ਤੋਂ ਵੱਡੀ ਸਿਵਲ ਸਰਵਿਸ ਪੋਸਟ ਨੂੰ ਠੁਕਰਾ ਕੇ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਸ਼ਾਮਲ ਹੋ ਗਏ।

"ਜੈ ਹਿੰਦ” ਦਾ ਨਾਅਰਾ ਨੇਤਾ ਜੀ ਨੇ ਹੀ ਦਿੱਤਾ ਸੀ ਜੋ ਅੱਜ ਭਾਰਤ ਦਾ ਰਾਸ਼ਟਰੀ ਨਾਅਰਾ ਹੈ। ਸੁਭਾਸ਼ ਚੰਦਰ ਬੋਸ ਭਾਰਤੀ ਰਾਸ਼ਟਰਵਾਦੀ ਸਨ, ਜਿਨ੍ਹਾਂ





ਵਿੱਚ ਦੇਸ਼ ਭਗਤੀ ਕੁਟ ਕੁਟ ਕੇ ਭਰੀ ਹੋਈ ਸੀ ਜਿਸਦੇ ਸਿੱਟੇ ਵਜੋਂ ਉਹ ਭਾਰਤ ਵਿੱਚ ਨਾਇਕ ਬਣੇ। 1921 ਵਿੱਚ ਉਹ ਭਾਰਤ ਵਾਪਸ ਆ ਗਏ ਤੇ ਭਾਰਤੀ ਰਾਸ਼ਟਰ ਕਾਂਗਰਸ ਨਾਲ ਜੁੜ ਗਏ। 1929 ਵਿੱਚ ਉਹ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੇ ਪ੍ਰਧਾਨ ਚੁਣੇ ਗਏ। 1931 ਵਿੱਚ ਕਲਕੱਤਾ ਕਾਰਪੋਰੇਸ਼ਨ ਦੇ ਪ੍ਰਧਾਨ ਬਣੇ। ਫਿਰ 1938 ਵਿੱਚ ਉਹ 51ਵੇਂ ਇਜਲਾਸ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਚੁਣੇ ਗਏ ਅਤੇ ਉਨ੍ਹਾਂ ਨੇ ਰਾਸ਼ਟਰੀ ਯੋਜਨਾ ਆਯੋਗ ਦਾ ਗਠਨ ਕੀਤਾ। ਇਹ ਨੀਤੀ ਗਾਂਧੀਵਾਦੀ ਆਰਥਿਕ ਵਿਚਾਰਾਂ ਦੇ ਅਨੁਕੂਲ ਨਹੀਂ ਸੀ। 1939 ਵਿੱਚ ਬੋਸ ਦੁਬਾਰਾ ਫਿਰ ਇਕ ਗਾਂਧੀਵਾਦੀ ਵਿਰੋਧੀ ਨੂੰ ਹਰਾ ਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਵਜੋਂ ਜੇਤੂ ਬਣੇ ਪਰ ਉਹਨਾਂ ਨੇ ਇਹ ਪੋਸਟ ਠੁਕਰਾ ਦਿੱਤੀ ਕਿਉਂਕਿ ਉਹਨਾਂ ਦਾ ਮੰਨਣਾ ਸੀ ਕਿ ਅਹਿੰਸਾ ਦੇ ਨਾਲ ਆਜ਼ਾਦੀ ਹਾਸਲ ਨਹੀਂ ਕੀਤੀ ਜਾ ਸਕਦੀ। 20 ਜੂਨ 1940 ਵਿੱਚ ਉਹਨਾਂ ਨੇ ਵੀਰ ਸਾਵਰਕਰ ਨਾਲ ਮੁਲਾਕਾਤ ਕੀਤੀ। 16 ਜਨਵੀਰ 1941 ਨੂੰ ਨੇਤਾ ਜੀ ਨੇ ਭੇਸ ਬਦਲ ਕੇ ਕਲਕੱਤਾ ਤੋਂ ਪਿਸ਼ਾਵਰ ਚਲੇ ਗਏ। ਫਿਰ ਉਥੋਂ ਉਹ ਕਾਬਲ ਅਤੇ ਅੱਗੇ ਜਰਮਨੀ ਚਲੇ ਗਏ। 1921 ਤੋਂ 1941 ਦੌਰਾਨ ਉਹ ਕਈ ਵਾਰ ਜੇਲ੍ਹ ਵੀ ਗਏ। ਸਕ੍ਰਿਆ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਨੇਤਾਜੀ ਨੇ ਲਗਭਗ ਪੂਰੀ ਦੁਨੀਆ ਦੀ ਸੈਰ ਕੀਤੀ। ਉਹ 1933 ਤੋਂ 36 ਤੱਕ ਯੂਰਪ ਵਿੱਚ ਰਹੇ। ਯੂਰਪ ਵਿੱਚ ਇਹ ਦੌਰ ਹਿਟਲਰ ਦੇ ਨਾਜੀਵਾਦ



ਅਤੇ ਮੁਸੋਲਿਨੀ ਦੇ ਫਾਸੀਵਾਦ ਦਾ ਸੀ। ਨਾਜੀਵਾਦ ਅਤੇ ਫਾਸੀਵਾਦ ਦਾ ਨਿਸ਼ਾਨਾ ਇੰਗਲੈਂਡ ਸੀ, ਜਿਸਨੇ ਪਹਿਲੇ ਵਿਸ਼ਵ ਯੁੱਧ ਦੇ ਬਾਅਦ ਜਰਮਨੀ ਤੇ ਇਕਤਰਫ਼ਾ ਸਮਝੌਤੇ ਥੋਪੇ ਸੀ। ਉਹ ਉਸਦਾ ਬਦਲਾ ਇੰਗਲੈਂਡ ਤੋਂ ਲੈਣਾ ਚਾਹੁੰਦੇ ਸਨ। ਉਸ ਸਮੇਂ ਭਾਰਤ ਤੇ ਵੀ ਅੰਗਰੇਜਾਂ ਦਾ ਕਬਜ਼ਾ ਸੀ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਇੰਗਲੈਂਡ ਦੇ ਖਿਲਾਫ਼ ਲੜਾਈ ਵਿੱਚ ਨੇਤਾ ਜੀ ਨੂੰ ਹਿਟਲਰ ਅਤੇ ਮੁਸੋਲਿਨੀ ਵਿੱਚ ਭਵਿੱਖ ਦਾ ਮਿੱਤਰ ਦਿਖਾਈ ਦੇ ਰਿਹਾ ਸੀ ਕਿਉਂਕਿ ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਆਜ਼ਾਦੀ ਹਾਸਲ ਕਰਨ ਦੇ ਲਈ ਰਾਜਨੀਤਿਕ ਗਤੀਵਿਧੀਆਂ ਦੇ ਨਾਲ-ਨਾਲ ਕੂਟਨੀਤਿਕ ਅਤੇ ਸੈਨਾ ਦੇ ਸਹਿਯੋਗ ਦੀ ਵੀ ਜਰੂਰਤ ਪੈਂਦੀ ਹੈ। ਉਹਨਾਂ ਨੇ ਜਪਾਨ ਵਿੱਚ ਜਪਾਨ ਦੀ ਹੀ ਮਦਦ ਨਾਲ ਪਹਿਲਾਂ ਭਾਰਤੀ ਆਰਮਡ ਫੋਰਸ ਦੀ ਸਥਾਪਨਾ ਕੀਤੀ, ਜਿਸ ਦਾ ਨਾਮ 'ਆਜ਼ਾਦ ਹਿੰਦ ਫੌਜ' ਰੱਖਿਆ ਗਿਆ ਜਿਸ ਨੇ ਅੰਗਰੇਜੀ ਰਾਜ ਦੀਆਂ ਜੜ੍ਹਾਂ ਪੁੱਟਣ ਵਿੱਚ ਵੱਡੀ ਭੂਮਿਕਾ ਨਿਭਾਈ। ਔਰਤਾਂ ਦੇ ਲਈ 'ਰਾਣੀ ਝਾਂਸੀ ਰੈਜੀਮੈਂਟ' ਦਾ ਗਠਨ ਕੀਤਾ ਜਿਸਦੀ ਕੈਪਟਨ ਲੱਛਮੀ ਸਹਿਗਲ ਬਣੀ। ਨੇਤਾ ਜੀ ਦੇ ਨਾਮ ਨਾਲ ਮਸ਼ਹੂਰ ਸੁਭਾਸ਼ ਚੰਦਰ ਨੇ ਦ੍ਰਿੜ ਕ੍ਰਾਂਤੀ ਰਾਹੀਂ ਭਾਰਤ ਨੂੰ ਸੁਤੰਤਰ ਕਰਨ ਦੇ ਉਦੇਸ਼ ਨਾਲ 21 ਅਕਤੂਬਰ,1943 ਨੂੰ 'ਆਜ਼ਾਦ ਹਿੰਦ ਸਰਕਾਰ' ਦੀ ਸਥਾਪਨਾ ਕੀਤੀ । ਨੇਤਾ ਜੀ ਆਪਣੀ ਆਜ਼ਾਦ ਹਿੰਦ ਫੌਜ ਨਾਲ 4 ਜੁਲਾਈ 1944 ਨੂੰ ਬਰਮਾ ਪਹੁੰਚੇ। ਇੱਥੇ ਹੀ ਉਨ੍ਹਾਂ ਨੇ ਆਪਣਾ ਮਸ਼ਹੂਰ ਨਾਅਰਾ "ਤੁਸੀਂ ਮੈਨੂੰ ਖੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ” ਦਿੱਤਾ ਸੀ ਜੋ ਕਿ ਭਾਰਤੀਆਂ ਦੇ ਦਿਲ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਉਹਨਾਂ ਨੇ ਜਰਮਨ ਵਿੱਚ 'ਆਜ਼ਾਦ ਹਿੰਦ ਰੇਡੀਓ ਸਟੇਸ਼ਨ' ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਅੰਗਰੇਜੀ ਸਾਮਰਾਜ ਦੇ ਹੁੰਦਿਆਂ ਹੀ ਭਾਰਤ ਦੀ ਧਰਤੀ ਤੇ ਆਜ਼ਾਦ ਭਾਰਤ ਦਾ ਝੰਡਾ ਲਹਿਰਾ ਦਿੱਤਾ ਸੀ।

18 ਅਗਸਤ, 1945 ਨੂੰ ਟੋਕੀਓ (ਜਾਪਾਨ) ਜਾਂਦੇ ਸਮੇਂ ਤਾਈਵਾਨ ਦੇ ਕੋਲ ਤਾਈਹੋਕੂ ਹਵਾਈ ਅੱਡੇ ਤੇ ਹਵਾਈ ਜਹਾਜ਼ ਦੁਆਰਾ ਉਡਾਣ ਭਰਨ ਸਮੇਂ ਜਹਾਜ਼ ਨੂੰ ਅਚਾਨਕ ਅੱਗ ਲੱਗਣ ਕਾਰਨ ਦੁਰਘਟਨਾ ਵਿੱਚ ਸੁਭਾਸ਼ ਚੰਦਰ ਬੋਸ ਦੀ ਮੌਤ ਹੋਈ ਦੱਸੀ ਜਾਂਦੀ ਹੈ, ਲੇਕਿਨ ਉਨ੍ਹਾਂ ਦੀ ਮ੍ਰਿਤਕ-ਦੇਹ ਨਹੀਂ ਮਿਲ ਪਾਈ। ਨੇਤਾ ਜੀ ਦੀ ਮੌਤ ਦੇ ਕਾਰਨਾਂ ਤੇ ਅੱਜ ਵੀ ਵਿਵਾਦ ਬਣਿਆ ਹੋਇਆ ਹੈ। ਨੇਤਾ ਜੀ ਭਾਵੇਂ ਇਸ ਦੁਨੀਆਂ 'ਚ ਮੌਜੂਦ ਨਹੀਂ ਹਨ ਪਰ ਫਿਰ ਵੀ ਰਹਿੰਦੀ ਦੁਨੀਆਂ ਤੱਕ ਉਹਨਾਂ ਦੀ ਭਾਰਤ ਲਈ ਦੇਣ ਸਦਾ ਯਾਦ ਰਹੇਗੀ। ਉਹ ਸਾਡੇ ਸਭ ਦੇ ਆਦਰਸ਼ ਹਨ। ਆਓ ਅੱਜ ਨੇਤਾ ਜੀ ਦੇ ਜਨਮ ਦਿਨ ਤੇ ਵਾਅਦਾ ਕਰੀਏ ਦੇ ਅਸੀਂ ਵੀ ਉਹਨਾਂ ਵਾਂਗ ਆਪਣੇ ਭਾਰਤ ਦੇਸ਼ ਲਈ ਅਤੇ ਸਮਾਜ ਦੀ ਭਲਾਈ ਲਈ ਕੁਝ ਨਾ ਕੁਝ ਯੋਗਦਾਨ ਜਰੂਰ ਪਾਵਾਂਗੇ ਇਹੀ ਸਾਡੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**ਜੈ ਹਿੰਦ**

# ਤਰਕਸ਼ੀਲਾਂ ਨੇ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਲਈ ਵਿਧਾਇਕਾ ਨਰਿੰਦਰ ਭਰਾਜ ਨੂੰ ਸੌਂਪਿਆ ਮੰਗ ਪੱਤਰ

**ਸੰਗਰੂਰ, (ਦਲਜੀਤ ਕੌਰ )-** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਪੰਜਾਬ ਦੀਆਂ ਸਾਰੀਆਂ ਇਕਾਈਆਂ ਵੱਲੋਂ ਆਪਣੇ ਆਪਣੇ ਹਲਕੇ ਦੇ ਐਮ ਐਲ ਏਜ਼ ਸਾਹਿਬਾਨ ਨੂੰ "ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ-ਵਿਸ਼ਵਾਸ ਰੋਕੂ ਕਾਨੂੰਨ" ਬਣਾਉਣ ਸਬੰਧੀ ਮੰਗ ਪੱਤਰ ਦਿੱਤੇ ਜਾ ਰਹੇ ਹਨ। ਇਸੇ ਕੜੀ ਵਿੱਚ ਅੱਜ ਇਕਾਈ ਸੰਗਰੂਰ ਵੱਲੋਂ ਜੋਨ ਮੁਖੀ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰਪਾਲ ਉਪਲੀ ਦੀ ਅਗਵਾਈ ਵਿੱਚ ਤਰਕਸ਼ੀਲਾਂ ਦੇ ਵਫਦ ਨੇ ਹਲਕਾ ਸੰਗਰੂਰ ਦੀ ਵਿਧਾਇਕਾ ਸ੍ਰੀਮਤੀ ਨਰਿੰਦਰ ਕੌਰ ਭਰਾਜ ਨੂੰ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤਾ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਾਸਟਰ ਪਰਮਵੇਦ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਵੱਲੋਂ ਐਮ ਐਲ ਏ ਨਰਿੰਦਰ ਕੌਰ ਭਰਾਜ ਨੂੰ ਦੱਸਿਆ ਗਿਆ ਕਿ ਇਸ ਕਾਨੂੰਨ ਦਾ ਮੰਤਵ ਪੰਜਾਬ ਵਿੱਚ ਕਾਲਾ-ਇਲਮ, ਕਾਲ਼ਾ-ਜਾਦੂ, ਬੁਰੀਆਂ ਆਤਮਾਵਾਂ, ਝੂਠੀਆਂ ਭਵਿੱਖ-ਬਾਣੀਆਂ ਅਤੇ ਹੋਰ ਅੰਧਵਿਸ਼ਵਾਸ਼ੀ ਤਰੀਕਿਆਂ ਰਾਹੀਂ ਤਾਂਤਰਿਕਾਂ, ਚੌਂਕੀਆਂ ਲਾਉਣ ਵਾਲੇ ਪੁੱਛਾਂ ਦੇਣ ਵਾਲੇ ਢੌਂਗੀ ਬਾਬਿਆਂ ਆਦਿ ਵੱਲੋਂ ਭੋਲੇ-ਭਾਲੇ, ਦੁੱਖਾਂ ਮਾਰੇ ਲੋਕਾਂ ਦਾ ਕੀਤਾ ਜਾ ਰਿਹਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਬੰਦ ਕਰਵਾਉਣਾ ਹੈ। ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਕਿ ਮਹਾਂਰਾਸ਼ਟਰ, ਕਰਨਾਟਕਾ ਤੇ ਉਤਰ-ਖੰਡ ਵਿੱਚ ਇਹ ਕਾਨੂੰਨ ਬਣ ਚੁੱਕਿਆ ਹੈ ਤੇ ਪੰਜਾਬ ਵਿਧਾਨ ਸਭਾ ਵਿੱਚ ਵੀ ਇਸ ਸੰਬੰਧੀ 2018 ਤੇ2019 ਵਿੱਚ ਚਰਚਾ ਹੋ ਚੁੱਕੀ ਹੈ। ਵਿਧਾਇਕਾ ਭਰਾਜ ਨੇ ਸਾਰੀ ਗਲ ਨੂੰ ਧਿਆਨ ਨਾਲ ਸੁਣਿਆ ਤੇ ਹਾਂ ਪੱਖੀ ਹੁੰਗਾਰਾ ਭਰਿਆ। ਉਨ੍ਹਾਂ ਇਹ ਮੰਗ ਵਿਧਾਨ





ਸਭਾ ਸ਼ੈਸ਼ਨ ਵਿੱਚ ਰੱਖਣ ਦਾ ਵਿਸ਼ਵਾਸ ਦਵਾਇਆ ਅਤੇ ਕਿਹਾ ਕਿ ਇਹ ਕਾਨੂੰਨ ਬਣਨ ਨਾਲ ਲੋਕਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਬੰਦ ਹੋਵੇਗਾ।

ਇਸ ਮੌਕੇ ਮੌਕੇ ਮਾਸਟਰ ਪਰਮਵੇਦ ਤੇ ਸੁਰਿੰਦਰਪਾਲ ਨੇ ਕਿਹਾ ਕਿ ਅੰਧਵਿਸ਼ਵਾਸ ਵਹਿਮ ਭਰਮ, ਰੂੜ੍ਹੀਵਾਦੀ ਵਿਚਾਰ ਸਮਾਜ ਲਈ ਘੁਣ ਹਨ। ਅਖੌਤੀ ਬਾਬੇ ਆਪ ਤਾਂ ਅਜਿਹਾ ਕੋਈ ਕੰਮਕਾਰ ਕਰਦੇ ਨਹੀਂ ਜਿਸ ਨਾਲ ਦੇਸ਼ ਦੇ ਵਿਕਾਸ ਵਿੱਚ ਕੋਈ ਯੋਗਦਾਨ ਪੈਂਦਾ ਹੋਵੇ,ਉਲਟਾ ਕਿਰਤੀ ਲੋਕਾਂ ਦੀ ਕਮਾਈ ਲੁੱਟਣ ਲਈ ਜਾਦੂ, ਟੂਣੇ -ਟਾਮਣ ,ਧਾਗੇ ਤਵੀਤਾਂ, ਓਪਰੀਆਂ ਸ਼ੈਆਂ ਕਲਪਿਤ ਭੂਤਾਂ ਪਰੇਤਾਂ, ਕਸਰਾਂ ਆਦਿ ਦੇ ਭਰਮ ਜਾਲ ਤੇ ਅੰਧਵਿਸ਼ਵਾਸ਼ੀ ਕਰਮਕਾਂਡਾਂ ਦਾ ਪਸਾਰਾ ਕਰਕੇ ਦੇਸ਼ ਦੇ ਵਿਕਾਸ ਉੱਪਰ ਮਾੜਾ ਪ੍ਰਭਾਵ ਪਾ ਰਹੇ ਹਨ। ਅੰਧਵਿਸ਼ਵਾਸ ਰੋਕੂ ਕਨੂੰਨ ਬਣਾਉਣਾ ਵਕਤ ਦੀ ਮੁੱਖ ਲੋੜ ਹੈ।

ਤਰਕਸ਼ੀਲਾਂ ਨੇ ਲੋਕਾਂ ਨੂੰ ਦਿੱਤੇ ਸਨੇਹਾ ਵਿੱਚ ਕਿਹਾ ਕਿ ਲੁੱਟ ਰਹਿਤ ਤੇ ਬਰਾਬਰਤਾ ਵਾਲੇ ਸਮਾਜ ਲਈ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਦੀ ਥਾਂ ਵਿਗਿਆਨਕ ਵਿਚਾਰਾਂ ਦੇ ਚਾਨਣ ਦੀ ਮੁੱਖ ਲੋੜ ਹੈ, ਜਿਸ ਦੇ ਚਾਨਣ ਨਾਲ ਸਮਾਜ ਰੁਸ਼ਨਾਏਗਾ।

ਵਫਦ ਵਿੱਚ ਉਪਰੋਕਤ ਤੋਂ ਇਲਾਵਾ ਤਰਕਸ਼ੀਲ ਆਗੂ ਸਵਰਨਜੀਤ ਸਿੰਘ, ਚਰਨ ਕਮਲ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਗੁਰਦੀਪ ਲਹਿਰਾ, ਸੀਤਾ ਰਾਮ, ਰਘਵੀਰ ਸਿੰਘ, ਮਾਸਟਰ ਰਣਜੀਤ ਸਿੰਘ, ਤਰਸੇਮ ਅਲੀਸ਼ੇਰ, ਧਰਮਵੀਰ ਸਿੰਘ, ਮਾਸਟਰ ਗੁਰਜੰਟ ਸਿੰਘ, ਲੈਕਚਰਾਰ ਜਸਦੇਵ ਸਿੰਘ ਸ਼ਾਮਲ ਸਨ

# ਨਗਰ ਕੌਂਸਲ ਲੌਂਗੋਵਾਲ ਦੀ ਚੋਣ ਦੌਰਾਨ ਭਗਵੰਤ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ 'ਤੇ ਲੱਗੀ ਮੋਹਰ: ਅਮਨ ਅਰੋੜਾ

**ਲੌਂਗੋਵਾਲ, 21 ਜਨਵਰੀ, 2023 (ਦਲਜੀਤ ਕੌਰ)-** ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਨਗਰ ਕੌਂਸਲ ਲੌਂਗੋਵਾਲ ਦੀ ਹੋਈ ਚੋਣ ਦੌਰਾਨ ਨਵੀਂ ਚੁਣੀ ਗਈ ਪ੍ਰਧਾਨ ਪਰਮਿੰਦਰ ਕੌਰ ਬਰਾੜ ਅਤੇ ਮੀਤ ਪ੍ਰਧਾਨ ਰਣਜੀਤ ਸਿੰਘ ਨੂੰ ਮੁਬਾਰਕਬਾਦ ਭੇਟ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਪਸੰਦ ਕਰ ਰਹੇ ਹਨ ਅਤੇ ਇਹੀ ਵਜ੍ਹਾ ਹੈ ਕਿ ਅੱਜ ਹੋਈ ਇਸ ਚੋਣ ਦੌਰਾਨ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਨਵੀਂ ਟੀਮ ਚੁਣੀ ਗਈ ਹੈ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਸਮੇਤ



ਨਗਰ ਕੌਂਸਲ ਲੌਂਗੋਵਾਲ ਦੇ ਹਾਊਸ ਦੇ ਕੁਲ 16 ਮੈਂਬਰਾਂ ਵਿਚੋਂ 9 ਵੋਟਾਂ ਨਵੇਂ ਪ੍ਰਧਾਨ ਅਤੇ ਮੀਤ ਪ੍ਰਧਾਨ ਦੇ ਹੱਕ ਵਿੱਚ ਪਈਆਂ ਹਨ। ਉਨ੍ਹਾਂ ਚੋਣ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਪ੍ਰਸ਼ਾਸਨ ਦਾ ਵੀ ਧੰਨਵਾਦ ਕੀਤਾ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਬਹੁ ਪੱਖੀ ਵਿਕਾਸ ਵੱਲ ਵਧ ਰਿਹਾ ਹੈ ਅਤੇ ਵਿਕਾਸ ਦੀ ਇਹੀ ਰਫ਼ਤਾਰ ਨਗਰ ਕੌਂਸਲ ਦੀ ਇਸ ਟੀਮ ਦੀ ਅਗਵਾਈ ਹੇਠ ਲੌਂਗੋਵਾਲ ਵਿਖੇ ਹੋਵੇਗੀ।

ਇਸ ਮੌਕੇ ਐਸਡੀਐਮ ਸੁਨਾਮ ਊਧਮ ਸਿੰਘ ਵਾਲਾ ਜਸਪ੍ਰੀਤ ਸਿੰਘ, ਈਓ ਅੰਮ੍ਰਿਤ ਲਾਲ, ਕੌਂਸਲਰ ਸੁਸ਼ਮਾ ਰਾਣੀ, ਕੌਂਸਲਰ ਰੀਨਾ ਰਾਣੀ, ਕੌਂਸਲਰ ਗੁਰਮੀਤ ਸਿੰਘ ਫੌਜੀ, ਕੌਂਸਲਰ ਗੁਰਮੀਤ ਸਿੰਘ, ਕੌਂਸਲਰ ਬਲਵਿੰਦਰ ਸਿੰਘ, ਕੌਂਸਲਰ ਮੇਲਾ ਸਿੰਘ ਵੀ ਹਾਜ਼ਰ ਸਨ।

## ਗਣਤੰਤਰ ਦਿਵਸ ਸਬੰਧੀ ਵਿਸ਼ੇਸ਼

# ਹਰ ਸਾਲ 26 ਜਨਵਰੀ ਨੂੰ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਣਤੰਤਰ ਮਨਾਉਂਦੇ ਹਾਂ



ਕੁਲਦੀਪ ਚੰਦ
91-9417563054

26 ਜਨਵਰੀ ਦਾ ਦਿਨ ਸਮੂਹ ਭਾਰਤੀਆਂ ਲਈ ਬਹੁਤ ਹੀ ਮਹੱਤਵਪੂਰਨ ਹੈ ਅਤੇ ਹਰ ਸਾਲ 26 ਜਨਵਰੀ ਨੂੰ ਸਾਡਾ ਦੇਸ਼ ਨਿਆਂ ਅਤੇ ਬਰਾਬਰਤਾ ਦੇ ਸਿਧਾਂਤ ਅਤੇ ਵਿਚਾਰਧਾਰਾ ਤੇ ਆਧਾਰਿਤ ਆਜ਼ਾਦ ਭਾਰਤ ਗਣਰਾਜ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। 15 ਅਗਸਤ, 1947 ਨੂੰ ਆਜ਼ਾਦੀ ਮਿਲਣ ਤੋਂ ਬਾਅਦ, ਭਾਰਤ ਨੇ ਆਪਣੇ ਸੰਵਿਧਾਨ ਨੂੰ ਅਪਣਾਉਣ ਤੱਕ ਪੂਰਨ ਆਜ਼ਾਦੀ ਪ੍ਰਾਪਤ ਨਹੀਂ ਕੀਤੀ ਸੀ। ਇਸ ਤਰ੍ਹਾਂ ਭਾਰਤੀ ਗਣਤੰਤਰ ਦਿਵਸ ਸੰਪੂਰਨ ਸਵੈਰਾਜ ਦੇ ਟੀਚੇ ਦੀ ਸਫਲ ਪ੍ਰਾਪਤੀ ਦਾ ਚਿੰਨ੍ਹ ਹੈ। ਭਾਰਤੀ ਸੰਵਿਧਾਨ ਅਧਿਕਾਰਤ ਤੌਰ ਤੇ 26 ਜਨਵਰੀ 1950 ਨੂੰ ਹੀ ਲਾਗੂ ਹੋਇਆ ਸੀ। ਗਣਤੰਤਰ ਦਿਵਸ ਹਰ ਸਾਲ 26 ਜਨਵਰੀ ਨੂੰ ਭਾਰਤ ਦੇ ਇੱਕ ਪ੍ਰਭੂਸੱਤਾ ਸੰਪੰਨ ਗਣਰਾਜ ਬਣਨ ਦੀ ਸ਼ਾਨਦਾਰ ਘਟਨਾ ਨੂੰ ਦਰਸਾਉਣ ਲਈ ਮਨਾਇਆ ਜਾਂਦਾ ਹੈ। 26 ਜਨਵਰੀ ਨੂੰ ਰਾਸ਼ਟਰੀ ਛੁੱਟੀ ਦਾ ਫੈਸਲਾ ਕੀਤਾ ਗਿਆ ਅਤੇ ਭਾਰਤ ਦੇ ਗਣਤੰਤਰ ਦਿਵਸ ਵਜੋਂ ਮਾਨਤਾ ਦਿੱਤੀ ਗਈ। 29 ਜਨਵਰੀ ਦੀ ਸ਼ਾਮ ਨੂੰ ਬੀਟਿੰਗ ਰੀਟਰੀਟ ਸਮਾਰੋਹ ਦੇ ਰੂਪ ਵਿੱਚ ਇੱਕ ਰਸਮੀ ਸਮਾਰੋਹ ਗਣਤੰਤਰ ਦਿਵਸ ਦੇ ਜਸ਼ਨਾਂ ਦੀ ਸਮਾਪਤੀ ਨੂੰ ਦਰਸਾਉਂਦਾ ਹੈ। ਭਾਰਤੀ ਹਵਾਈ ਸੈਨਾ, ਭਾਰਤੀ ਜਲ ਸੈਨਾ ਅਤੇ ਭਾਰਤੀ ਸੈਨਾ ਦੇ ਬੈਂਡ ਦੁਆਰਾ ਨੁਮਾਇੰਦਗੀ ਕੀਤੀ ਜਾਂਦੀ ਹੈ, ਇਹ ਸਮਾਰੋਹ ਰਾਇਸੀਨਾ ਹਿੱਲਜ਼ ਨਵੀਂ ਦਿੱਲੀ ਵਿਖੇ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਭਾਰਤ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪਾਈਪ ਅਤੇ ਢੋਲ ਬੈਂਡ ਦੇਸ਼ ਭਗਤੀ ਦੀਆਂ ਧੁਨਾਂ ਜਿਵੇਂ ਕਿ ਸਾਰੇ ਜਹਾਂ ਸੇ ਅੱਛਾ ਵਜਾਉਂਦੇ ਹਨ । ਅਜ਼ਾਦੀ ਦਾ ਅੰਮ੍ਰਿਤ ਮਹੋਤਸਵ ਭਾਰਤ ਸਰਕਾਰ ਦੀ ਪ੍ਰਗਤੀਸ਼ੀਲ ਭਾਰਤ ਦੇ 75 ਸਾਲਾਂ ਅਤੇ ਸ਼ਾਨਦਾਰ ਇਤਿਹਾਸ ਨੂੰ ਮਨਾਉਣ ਅਤੇ ਮਨਾਉਣ ਲਈ ਇੱਕ ਪਹਿਲ ਹੈ। ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਦੀ ਅਧਿਕਾਰਤ ਯਾਤਰਾ 12 ਮਾਰਚ, 2021 ਨੂੰ ਇਸਦੀ 75 ਹਫ਼ਤਿਆਂ ਦੀ ਕਾਊਟਡਾਊਨ ਤੋ ਸ਼ੁਰੂ ਹੋਈ ਸੀ। ਅਜ਼ਾਦੀ ਦਾ ਅੰਮ੍ਰਿਤ ਮਹੋਤਸਵ ਮਨਾਉਣ ਲਈ ਗਣਤੰਤਰ ਦਿਵਸ ਸਮਾਰੋਹ 2022 ਤੱਕ ਵੱਖ-ਵੱਖ ਗਤੀਵਿਧੀਆਂ ਸ਼ੁਰੂ ਕੀਤੀਆਂ ਗਈਆਂ ਸਨ। ਜੇਕਰ 26 ਜਨਵਰੀ ਦਾ ਇਤਿਹਾਸ ਵੇਖੀਏ ਤਾਂ 26 ਜਨਵਰੀ ਦਾ ਹੀ ਦਿਨ ਸੀ ਜਦੋਂ 1930 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਸੰਪੂਰਨ ਸਵੈਰਾਜ ਅਤੇ ਅਜ਼ਾਦੀ ਦੀ ਘੋਸ਼ਣਾ ਕੀਤੀ ਸੀ।

15 ਅਗਸਤ 1947 ਨੂੰ ਦੇਸ਼ ਨੂੰ ਅਜ਼ਾਦੀ ਮਿਲੀ ਅਤੇ ਭਾਰਤੀ ਸੰਵਿਧਾਨ ਜੋਕਿ 26 ਨਵੰਬਰ 1949 ਨੂੰ ਸੰਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਉਸਤੋਂ ਬਾਦ ਹਰ ਸਾਲ 26 ਜਨਵਰੀ ਦੇ ਦਿਹਾੜੇ ਨੂੰ ਅਸੀਂ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਾਂ। ਵਿਦੇਸ਼ੀ ਹਕੂਮਤ ਦੀ ਗੁਲਾਮੀ ਖਤਮ ਕਰਨ ਮਗਰੋਂ ਜਦੋਂ ਆਜ਼ਾਦ ਭਾਰਤ ਨੇ 26 ਜਨਵਰੀ 1950 ਨੂੰ "ਪ੍ਰਭੂਸੱਤਾ ਸੰਪੰਨ, ਜਮਹੂਹੀ ਗਣਰਾਜ" ਦਾ ਨਾਮ ਗ੍ਰਹਿਣ ਕੀਤਾ ਸੀ ਤਾਂ ਵਾਇਸਰਾਏ ਦੇ ਨਾਮ ਤੇ ਬਣੇ ਇੱਕ ਸਟੇਡੀਅਮ ਵਿੱਚ ਜਸ਼ਨ ਹੋਏ ਸਨ। ਭਾਰਤ ਦੀ ਆਜ਼ਾਦੀ ਦੀ ਲਹਿਰ ਮਗਰੋਂ ਆਜ਼ਾਦ ਮੁਲਕ ਵਜੋਂ ਸਥਾਪਤ ਹੋਣ ਬਾਰੇ ਘਟਨਾਵਾਂ ਦੀ ਲੜੀ ਵੀ ਕਾਫੀ ਦਿਲਚਸਪ ਹੈ। ਗਵਰਨਮੈਂਟ ਹਾਊਸ ਦੇ ਰੌਸ਼ਨੀ ਨਾਲ ਚਮਚਮਾਉਂਦੇ ਗੁੰਬਦਾਂ ਵਾਲੇ ਦਰਬਾਰ ਹਾਲ ਵਿੱਚ 10 ਵੱਜ ਕੇ 18 ਮਿੰਟ ਤੇ ਭਾਰਤ ਨੂੰ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਐਲਾਨਿਆ ਗਿਆ। ਲੱਗਭੱਗ ਛੇ ਮਿੰਟ ਮਗਰੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਮੌਕੇ ਤੇ ਲੱਗਭੱਗ 10.30 ਵਜੇ 31 ਤੋਪਾਂ ਦੀ ਸਲਾਮੀ ਨਾਲ ਗਣਤੰਤਰ ਦਿਵਸ ਦਾ ਐਲਾਨ ਕੀਤਾ ਗਿਆ। ਸਹੁੰ ਚੁੱਕ ਰਸਮ ਮੌਕੇ ਸੇਵਾਮੁਕਤ ਹੋ ਰਹੇ ਗਵਰਨਰ ਜਨਰਲ ਸੀ ਰਾਜਾਗੋਪਾਲ ਨੇ ਰਿਪਬਲਿਕ ਆਫ ਇੰਡੀਆ ਭਾਰਤ ਦਾ ਐਲਾਨਨਾਮਾ ਪੜ੍ਹਿਆ।

ਫਿਰ ਰਾਸ਼ਟਰਪਤੀ ਨੇ ਆਪਣਾ ਸੰਖੇਪ ਜਿਹਾ ਭਾਸ਼ਣ ਪਹਿਲਾਂ ਹਿੰਦੀ ਵਿੱਚ ਅਤੇ ਫਿਰ ਅੰਗਰੇਜ਼ੀ ਵਿੱਚ ਦਿੱਤਾ। ਦੇਸ਼ ਦੇ ਉਤਰਾਅ-ਚੜ੍ਹਾਅ ਵਾਲੇ ਇਤਿਹਾਸ ਵਿੱਚ ਪਹਿਲੀ ਵਾਰ ਦੇਸ਼ ਦੀ ਧਰਤੀ ਉੱਤਰ ਵਿੱਚ ਕਸ਼ਮੀਰ ਤੋਂ ਦੱਖਣ ਵਿੱਚ ਕੇਪ ਕੋਮੋਰਿਨ ਤੱਕ ਪੱਛਮ ਵਿੱਚ ਕਠਿਆਵਾੜ ਕੱਛ ਤੋਂ ਪੂਰਬ ਦੇ ਕੋਕੋਨਾਡਾ ਤੇ ਕਾਮਰੂਪ ਤੱਕ ਸਮੁੱਚੇ ਰੂਪ ਵਿੱਚ ਇੱਕ ਨਜ਼ਰ ਆਈ ਸੀ ਅਤੇ ਇਹ ਇੱਕ ਸੰਵਿਧਾਨ ਅਤੇ ਇੱਕ ਯੂਨੀਅਨ ਅਧੀਨ ਹੋ ਗਈ ਸੀ ਜਿਸਨੇ ਉਸ ਵੇਲੇ ਦੇਸ਼ ਦੀ ਸਾਰੀ ਅਬਾਦੀ ਲੱਗਭੱਗ 32 ਕਰੋੜ ਲੋਕਾਂ ਦੀ ਭਲਾਈ ਦੀ ਜਿੰਮੇਵਾਰੀ ਲਈ ਸੀ। ਇਸਤੋਂ ਬਾਦ ਲੱਗਭੱਗ 2.30 ਵਜੇ ਬਾਅਦ ਦੁਪਹਿਰ ਰਾਸ਼ਟਰਪਤੀ, ਗਵਰਨਮੈਂਟ ਹਾਊਸ ਜਿਸਨੂੰ ਹੁਣ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਹੈ ਵਿੱਚੋਂ ਇੱਕ 35 ਸਾਲ ਪੁਰਾਣੀ ਸ਼ਿੰਗਾਰੀ ਹੋਈ ਵਿਸ਼ੇਸ਼ ਬੱਘੀ ਵਿੱਚ ਬਾਹਰ ਆਏ। ਇਸ ਬੱਘੀ ਨੂੰ ਛੇ ਆਸਟ੍ਰੇਲੀਆਈ ਘੋੜੇ ਖਿੱਚ ਰਹੇ ਸਨ ਅਤੇ ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਇਸ ਨੂੰ ਐਸਕਾਰਟ ਕਰ ਰਹੇ ਸਨ। ਇਸ ਮੌਕੇ ਇਰਵਿਨ ਸਟੇਡੀਅਮ ਹੁਣ ਨੈਸ਼ਨਲ ਸਟੇਡੀਅਮ ਜੈਕਾਰ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਰਾਸ਼ਟਰਪਤੀ ਡਾਕਟਰ ਰਜਿੰਦਰ ਪ੍ਰਸਾਦ ਲੋਕਾਂ ਦੇ ਜੈ ਕਾਰਿਆਂ ਦਾ ਜਬਾਵ ਦੇ ਰਹੇ ਸਨ। ਲੱਗਭੱਗ 3.45 ਵਜੇ ਇਹ ਬੱਘੀ ਇਰਵਿਨ ਸਟੇਡੀਅਮ ਵਿੱਚ ਪੁੱਜੀ ਜਿੱਥੇ 3000 ਅਫਸਰ ਤੇ ਤਿੰਨੇ ਭਾਰਤੀ ਸੈਨਾਵਾਂ ਦੇ ਦੋ ਜ਼ਰਨੈਲ ਤੇ ਪੁਲੀਸ ਰਸਮੀ ਪਰੇਡ ਲਈ ਤਿਆਰ ਸੀ ਸੱਤ ਮਾਸ ਬੈਂਡ ਵਾਲੇ ਪੁਲੀਸ ਤੇ ਫੌਜ਼ੀ ਬਲਾਂ ਨੇ ਉਸ ਸਮੇਂ ਕਮਾਲ ਦਾ ਦ੍ਰਿਸ਼ ਪੇਸ਼ ਕੀਤਾ ਸੀ। ਹਰ ਸਾਲ 26 ਜਨਵਰੀ ਨੂੰ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਂਉਦੇ ਹਾਂ। ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਹਰੇਕ ਰਾਜ ਅਤੇ ਵਿਦੇਸ਼ਾਂ ਵਿੱਚ ਭਾਰਤੀ ਰਾਜਦੂਤਵਾਸਾਂ ਵਿੱਚ ਵੀ ਇਹ ਤਿਉਹਾਰ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਜਾਂਦਾ ਹੈ। 26 ਜਨਵਰੀ ਦਾ ਮੁੱਖ ਸਮਾਰੋਹ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮਨਾਇਆ ਜਾਂਦਾ ਹੈ ਜਿਸ ਵਿੱਚ ਵੱਖ ਵੱਖ ਸੂਬਿੱਆਂ ਦੇ ਲੋਕ ਭਾਗ ਲੈਂਦੇ ਹਨ ਅਤੇ ਵੇਖਣ ਲਈ ਆਉਂਦੇ ਹਨ। ਪਰੇਡ ਵਿਜੇ ਚੌਂਕ ਤੋਂ ਸ਼ੁਰੂ ਹੋ ਕੇ ਰਾਜਪੱਥ ਅਤੇ ਦਿੱਲੀ ਦੇ ਅਨੇਕ ਖੇਤਰਾਂ ਤੋਂ ਗੁਜ਼ਰਦੀ ਹੋਈ ਲਾਲ ਕਿਲੇ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ। ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ 'ਅਮਰ ਜਵਾਨ ਜੋਤੀ' ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ। ਰਾਸ਼ਟਰਪਤੀ ਆਪਣੇ ਅੰਗਰੱਖਿਅਕਾਂ ਦੇ ਨਾਲ 14 ਘੋੜਿਆਂ ਦੀ ਬੱਘੀ ਵਿੱਚ ਬੈਠ ਕੇ ਇੰਡੀਆ ਗੇਟ ਤੇ ਆਉਂਦੇ ਹਨ, ਜਿੱਥੇ ਪ੍ਰਧਾਨਮੰਤਰੀ ਉਹਨਾਂ ਦਾ ਸਵਾਗਤ ਕਰਦੇ ਹਨ।

ਰਾਸ਼ਟਰੀ ਧੁੰਨ ਦੇ ਨਾਲ ਤਿਰੰਗਾ ਲਹਿਰਾਂਦੇ ਹਨ, ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ, ਹਵਾਈ ਜਹਾਜ਼ਾਂ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਅਕਾਸ਼ ਵਿੱਚ ਤਿਰੰਗੇ ਗੁਬਾਰੇ ਅਤੇ ਚਿੱਟੇ ਕਬੂਤਰ ਛੱਡੇ ਜਾਂਦੇ ਹਨ। ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ, ਬੈਂਡਾਂ ਦੀ ਧੁੰਨਾਂ ਤੇ ਮਾਰਚ ਕਰਦੀਆਂ ਹਨ। ਪੁਲਿਸ ਦੇ ਜਵਾਨ ਅਪਣੇ ਹਥਿਆਰਾਂ, ਮਿਜ਼ਾਈਲਾਂ, ਟੈਕਾਂ, ਹਵਾਈ ਜਹਾਜ਼ਾਂ ਆਦਿ ਦਾ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦੇ ਰਾਸ਼ਟਰਪਤੀ ਨੂੰ ਸਲਾਮੀ ਦਿੰਦੇ ਹਨ। ਇਸ ਆਲੀਸ਼ਾਨ ਦ੍ਰਿਸ਼ ਨੂੰ ਵੇਖਕੇ ਹਰ ਦੇਸ਼ਵਾਸੀ ਦੇ ਮਨ ਵਿੱਚ ਦੇਸ਼ ਭਗਤੀ ਅਤੇ ਦਿਲ ਵਿੱਚ ਉਤਸ਼ਾਹ ਵਧਦਾ ਹੈ। ਵਿਦਿਆਰਥੀ ਐਨ.ਸੀ.ਸੀ. ਦੀ ਵਰਦੀ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਇਹ ਵਿਸ਼ਵਾਸ਼ ਦਿਵਾਂਉਦੇ ਹਨ ਕਿ ਸਾਡੀ ਦੂਸਰੀ ਸੁਰੱਖਿਆ ਪੰਕਤੀ ਆਪਣੇ ਕਰਤੱਵ ਤੋਂ ਭਲੀਭਾਂਤ ਜਾਣੂ ਹੈ। ਮਿਲਟਰੀ ਅਤੇ ਸਕੂਲਾਂ ਦੇ ਬੈਂਡ ਦੇਸ਼ ਭਗਤੀ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਨਾਲ ਗੂੰਜਦੇ ਹਨ। ਵੱਖ ਵੱਖ ਰਾਜਾਂ ਦੀਆਂ ਝਾਂਕੀਆ ਉਥੋਂ ਦੇ ਸੰਸਕ੍ਰਿਤਕ ਜੀਵਨ, ਖਾਣ-ਪਾਣ, ਰੀਤੀ ਰਿਵਾਜਾਂ, ਉਦਯੋਗਿਕ ਅਤੇ ਸਮਾਜਿਕ ਖੇਤਰਾਂ ਵਿੱਚ ਆਏ ਪਰਿਵਰਤਨਾਂ ਦਾ ਚਿੱਤਰ ਪੇਸ਼ ਕਰਦੀਆਂ ਹਨ। ਰਾਸ਼ਟਰਪਤੀ ਭਵਨ, ਸੰਸਦ ਭਵਨ ਅਤੇ ਹੋਰ ਸਰਕਾਰੀ ਦਫਤਰਾਂ ਤੇ ਰੌਸ਼ਨੀ ਕੀਤੀ ਜਾਂਦੀ ਹੈ। ਦੂਜੇ ਦੇਸ਼ਾਂ ਦੇ ਆਗੂਆਂ ਨੂੰ ਅਧਿਕਾਰਤ ਤੌਰ ਤੇ ਗਣਤੰਤਰ ਦਿਵਸ ਸਮਾਰੋਹ ਦੇ ਮਹਿਮਾਨ ਵਜੋਂ ਬੁਲਾਇਆ ਜਾਂਦਾ ਹੈ। 1950 ਵਿੱਚ ਇੰਡੋਨੇਸ਼ੀਆਂ ਦੇ ਰਾਸ਼ਟਰਪਤੀ ਸੁਕਾਰਨੋ, 1955 ਵਿੱਚ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ, 1962 ਵਿੱਚ ਇੰਗਲੈਂਡ ਦੀ ਮਹਾਰਾਣੀ ਐਲੀਜ਼ਾਬੇਥ, 1965 ਵਿੱਚ ਪਾਕਿਸਤਾਨ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਰਾਣਾ ਅਬਦੁਲ ਹਮੀਦ, 1995 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ, 2014 ਵਿੱਚ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ, 2015 ਵਿੱਚ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, 2016 ਵਿੱਚ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਓਲਾਂਦ, 2017 ਵਿੱਚ ਆਬੂਧਾਬੀ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਿਆਦ ਅਲ ਨਿਹਾਨ, 2018 ਵਿੱਚ 10 ਏਸ਼ੀਅਨ ਮੁਲਕਾਂ ਦੇ ਆਗੂ ਜਿਨ੍ਹਾਂ ਵਿੱਚ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨਸੈਨ, ਮੀਆਂਮਾਰ ਦੇ ਰਾਸ਼ਟਰਪਤੀ ਹਤੀਨ ਕਿਆ, ਸਿੰਘਾਪੁਰ ਦੇ ਰਾਸ਼ਟਰਪਤੀ ਹਲਿਮਾ ਜੈਕਬ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨਜ਼ੀਬ ਰਜ਼ਾਕ, 2019 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਮਾਟਾਮੇਲਾ ਸਿਰਿਲ ਰਾਮਫੋਸਾ, 2020 ਨੂੰ ਗਣਤੰਤਰ ਦਿਵਸ ਮੌਕੇ ਬ੍ਰਾਜੀਲ ਦੇ ਰਾਸ਼ਟਰਪਤੀ ਜੇਯਰ ਮੇਸੀਅਸ ਵੋਲਸਨਾਰੋ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਨ। 2022 ਵਿੱਚ ਗਣਤੰਤਰ ਦਿਵਸ ਮੌਕੇ ਮੱਧ ਏਸ਼ੀਆ ਦੇ ਪੰਜ ਰਾਜਾਂ ਦੇ ਮੁੱਖੀ ਜਿਨ੍ਹਾਂ ਵਿੱਚ ਕਜ਼ਾਕਿਸਤਨ ਦੇ ਰਾਸ਼ਟਰਪਤੀ ਕਾਸਿਮ ਜੋਮਾਰਟ ਟੋਕਾਇਵ, ਕਿਰਗਿਸਤਾਨ ਦੇ ਰਾਸ਼ਟਰਪਤੀ ਸਾਦਰ ਜੋਪਰਾਵ, ਤਜਾਕਿਸਤਾਨ ਦੇ ਰਾਸ਼ਟਰਪਤੀ ਇਮੋਮਾਲੀ ਰਹਿਮੋਨ, ਤੁਰਕਮੇਨਿਸਤਾਨ ਦੇ ਰਾਸ਼ਟਰਪਤੀ ਗੁਰਬਾਂਗੁਲੀ ਬਰਦੀਮੁਹਮਦੋ ਅਤੇ ਉਜ਼ਵੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ਿਓਯੇਵ ਸ਼ਾਮਿਲ ਹੋਏ। 1952, 1953 ਅਤੇ 1966 ਵਿੱਚ ਗਣਤੰਤਰ ਦਿਵਸ ਦੇ ਜਸ਼ਨ ਵਿਦੇਸ਼ੀ ਨੇਤਾ ਤੋਂ ਬਿਨਾਂ ਹੀ ਆਯੋਜਿਤ ਕੀਤੇ ਗਏ ਸੀ। 2021 ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ ਪਰ ਬ੍ਰਿਟੇਨ ਵਿੱਚ ਵੱਧ ਰਹੇ ਕੋਵਿਡ -19 ਮਾਮਲਿਆਂ ਕਾਰਨ ਉਨ੍ਹਾਂ ਦਾ ਦੌਰਾ ਰੱਦ ਕਰਨਾ ਪਿਆ ਸੀ। ਇਸ ਸਾਲ 26 ਜਨਵਰੀ 2023 ਨੂੰ ਗਣਤੰਤਰ ਦਿਵਸ ਮੌਕੇ ਹੋਣ ਵਾਲੇ ਸਮਾਰੋਹ ਵਿੱਚ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਮੁੱਖ ਮਹਿਮਾਨ ਹੋਣਗੇ। ਇਹ ਪਹਿਲੀ ਵਾਰ ਹੈ ਜਦੋਂ ਮਿਸਰ ਦੇ ਅਰਬ ਗਣਰਾਜ ਦੇ ਰਾਸ਼ਟਰਪਤੀ ਸਾਡੇ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਲ-ਸੀਸੀ ਨੂੰ ਰਸਮੀ ਸੱਦਾ ਭੇਜਿਆ ਸੀ ਜੋ ਕਿ 16 ਅਕਤੂਬਰ ਨੂੰ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ ਮਿਸਰ ਦੇ ਰਾਸ਼ਟਰਪਤੀ ਨੂੰ ਸੌਂਪਿਆ ਸੀ। ਦੋਵੇਂ ਦੇਸ਼ ਇਸ ਸਾਲ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਨ। ਸਾਲ 2022-23 ਵਿੱਚ ਭਾਰਤ ਦੀ ਜੀ-20 ਦੀ ਪ੍ਰਧਾਨਗੀ ਦੌਰਾਨ ਮਿਸਰ ਨੂੰ ਮਹਿਮਾਨ ਦੇਸ਼ ਵਜੋਂ ਸੱਦਾ ਦਿੱਤਾ ਗਿਆ ਹੈ। ਭਾਰਤ ਅਤੇ ਮਿਸਰ ਸਭਿਅਤਾ ਅਤੇ ਡੂੰਘੇ ਲੋਕ-ਦਰ-ਲੋਕ ਸਬੰਧਾਂ ਤੇ ਆਧਾਰਿਤ ਨਿੱਘੇ ਅਤੇ ਦੋਸਤਾਨਾ ਸਬੰਧਾਂ ਦਾ ਆਨੰਦ ਮਾਣਦੇ ਹਨ। ਪਰੇਡ ਰਾਸ਼ਟਰਪਤੀ ਭਵਨ ਨੇੜੇ ਰਾਇਸੀਨਾ ਪਹਾੜੀਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਇੰਡੀਆ ਗੇਟ ਤੋਂ ਬਾਅਦ ਲਾਲ ਕਿਲੇ ਦੇ ਇਤਿਹਾਸਕ ਮੁਗਲ ਸਮਾਰਕ ਤੱਕ ਜਾਂਦੀ ਹੈ। ਪਰੇਡ ਦੀ ਅਗਵਾਈ ਆਰਮੀ, ਨੇਵੀ ਅਤੇ ਏਅਰ ਫੋਰਸ ਕਰਦੇ ਹਨ। ਭਾਰਤੀ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੀਆਂ ਰੈਜੀਮੈਂਟਾਂ ਨੇ ਸ਼ਾਨਦਾਰ ਢੰਗ ਨਾਲ ਆਪਣੀਆਂ ਸ਼ਾਨਦਾਰ ਵਰਦੀਆਂ ਵਿੱਚ ਮਾਰਚ ਪਾਸਟ ਕੀਤਾ। ਭਾਰਤ ਦੇ ਰਾਸ਼ਟਰਪਤੀ ਨੇ ਸਲਾਮੀ ਲਈ। ਭਾਰਤ ਦੇ ਨੀਮ ਫੌਜੀ ਬਲਾਂ, ਬੀ.ਐਸ.ਐਫ., ਐਨ.ਸੀ.ਸੀ., ਹੋਮ ਗਾਰਡਜ਼ ਦੀਆਂ ਟੁਕੜੀਆਂ ਵੀ ਪਰੇਡ ਵਿੱਚ ਹਿੱਸਾ ਲੈਂਦੀਆਂ ਹਨ। ਇਸ ਤੋਂ ਬਾਅਦ, ਦਰਸ਼ਕਾਂ ਨੂੰ ਭਾਰਤ ਦੀ ਰੱਖਿਆ ਸਮਰੱਥਾ ਦੀ ਝਲਕ ਮਿਲਦੀ ਹੈ ਕਿਉਂਕਿ ਫੌਜੀ ਬਲਾਂ ਦੁਆਰਾ ਵਰਤੇ ਜਾਂਦੇ ਵੱਖ-ਵੱਖ ਟੈਂਕਾਂ, ਮਿਜ਼ਾਈਲਾਂ ਅਤੇ ਨਵੀਨਤਮ ਉਪਕਰਣਾਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਫਿਰ ਇੱਕ ਖੁਸ਼ਹਾਲ ਭੀੜ ਨੂੰ ਪੂਰੀ ਤਰ੍ਹਾਂ ਨਾਲ ਪੇਸ਼ ਕੀਤਾ ਜਾਂਦਾ ਹੈ ਜੋ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦਾ ਹੈ। ਇਹ ਫਲੋਟਸ ਦੇ ਰੂਪ ਵਿੱਚ ਬਣਾਇਆ ਗਿਆ ਹੈ ਜੋ ਹਰੇਕ ਰਾਜ ਦੇ ਵੱਖਰੇ ਸੱਭਿਆਚਾਰਕ ਪਹਿਲੂ ਨੂੰ ਦਰਸਾਉਂਦਾ ਹੈ। ਇਸ ਵਿੱਚ ਵੱਖ-ਵੱਖ ਝਾਂਕੀ, ਨਾਚ ਅਤੇ ਹੋਰ ਦੇਸੀ ਕਲਾ ਦੇ ਰੂਪ ਸ਼ਾਮਲ ਹਨ। 30 ਤੋਂ ਵੱਧ ਫਲੋਟ ਕਰੂਜ਼ ਦਰਸ਼ਕਾਂ ਦੇ ਵਿਚਕਾਰੋਂ ਲੰਘਦੇ ਹਨ। ਇਹ ਫਲੋਟਸ ਸੰਯੁਕਤ ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੱਖ-ਵੱਖ ਸੱਭਿਆਚਾਰਕ ਪਹਿਲੂਆਂ ਨੂੰ ਦਰਸਾਉਂਦੇ ਹਨ। ਪਹੀਆਂ ਉੱਤੇ ਇਹ ਪ੍ਰਦਰਸ਼ਨੀਆਂ ਹਰ ਰਾਜ ਦੇ ਸੱਭਿਆਚਾਰ ਦੇ ਦ੍ਰਿਸ਼ਾਂ ਨੂੰ ਦਰਸਾਉਂਦੀਆਂ ਹਨ। ਭਾਰਤ ਦੇ ਰਾਸ਼ਟਰਪਤੀ ਗਣਤੰਤਰ ਦਿਵਸ ਸਮਾਰੋਹ ਦੀ ਪ੍ਰਧਾਨਗੀ ਕਰਦੇ ਹਨ। ਸਕੂਲੀ ਬੱਚੇ ਪੂਰੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਅਤੇ ਝਾਂਕੀ ਅਤੇ ਪਿਰਾਮਿਡ ਬਣਾਉਣ ਲਈ ਬਹੁਤ ਪਹਿਲਾਂ ਤੋਂ ਤਿਆਰੀ ਕਰਦੇ ਹਨ। ਹਵਾਈ ਸੈਨਾ ਦੇ ਜੈੱਟ ਜਹਾਜ਼ਾਂ ਦੁਆਰਾ ਸ਼ਾਨਦਾਰ ਫਲਾਈਪਾਸਟ ਦੇਸ਼ ਲਈ ਇੱਕ ਮਾਣ ਵਾਲਾ ਪਲ ਹੈ। ਜਨਤਕ ਦਫ਼ਤਰ ਅਤੇ ਸਕੂਲ ਇਸ ਦਿਨ ਦੀ ਮਹੱਤਤਾ ਨੂੰ ਮਨਾਉਣ ਲਈ ਬੰਦ ਰਹਿੰਦੇ ਹਨ।




ਗਣਤੰਤਰ ਦਿਵਸ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਮਨਾਇਆ ਜਾਂਦਾ ਹੈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੁਆਰਾ ਝੰਡਾ ਲਹਿਰਾਉਣ ਦੀਆਂ ਰਸਮਾਂ ਅਤੇ ਪਰੇਡਾਂ ਨਾਲ ਸ਼ੁਰੂ ਹੁੰਦਾ ਹੈ। ਲੋਕ ਤਿਰੰਗੇ ਵਾਲੀਆਂ ਟੀ-ਸ਼ਰਟਾਂ ਅਤੇ ਬੈਂਡ ਪਹਿਨਦੇ ਹਨ ਅਤੇ ਸਰਕਾਰੀ ਇਮਾਰਤਾਂ ਅਤੇ ਘਰਾਂ ਵਿੱਚ ਰਾਸ਼ਟਰੀ ਝੰਡਾ ਲਹਿਰਾਇਆ ਜਾਂਦਾ ਹੈ। ਇਸ ਦਿਨ ਲੋਕ ਪ੍ਰੇਰਣਾਦਾਇਕ ਕਵਿਤਾਵਾਂ ਅਤੇ ਦੇਸ਼ ਭਗਤੀ ਦੇ ਸੰਦੇਸ਼ ਭੇਜਦੇ ਹਨ। ਭਾਵੇਂ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਪਰ ਸਾਡੇ ਦੇਸ਼ ਦੇ ਕਈ ਭ੍ਰਿਸ਼ਟ ਰਾਜਨੀਤਿਕਾਂ ਅਤੇ ਨੌਕਰਸ਼ਾਹਾਂ ਨੇ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਘੋਟਾਲਿਆਂ ਦੇ ਦਾਗ ਲਗਾ ਦਿੱਤੇ ਹਨ। ਦੇਸ਼ ਵਿੱਚੋਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਜਾਤ-ਪਾਤ, ਮਹਿੰਗਾਈ, ਧਾਰਮਿਕ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ ਵਰਗੀਆਂ ਸਮੱਸਿਆਵਾਂ ਦੇਸ਼ ਸਾਹਮਣੇ ਚੁਣੌਤੀ ਬਣ ਕੇ ਖੜੀਆਂ ਹਨ। ਦੇਸ਼ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਵੱਧ ਰਿਹਾ ਹੈ।

ਅਜਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਨੇ ਇੱਕ ਅਜਿਹੇ ਅਜਾਦ ਭਾਰਤ ਦਾ ਸੁਪਨਾ ਵੇਖਿਆ ਸੀ ਜਿਸ ਵਿੱਚ ਕਿਸੇ ਨਾਲ ਕਿਸੇ ਵੀ ਅਧਾਰ ਤੇ ਵਿਤਕਰਾ ਅਤੇ ਸੋਸਣ ਨਹੀਂ ਹੋਵੇਗਾ।

ਸੰਵਿਧਾਨ ਅਨੁਸਾਰ ਵੀ ਹਰ ਭਾਰਤੀ ਨਾਗਰਿਕ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਬਰਾਬਰ ਦੇ ਅਧਿਕਾਰ ਹਨ ਅਤੇ ਕਨੂੰਨ ਦੇ ਸਾਹਮਣੇ ਬਰਾਬਰ ਹਨ ਪ੍ਰੰਤੂ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਰਾਜਨੀਤੀਵਾਨਾਂ ਦੀ ਸ਼ਹਿ ਤੇ ਪੱਖਪਾਤ ਅਤੇ ਅਤਿਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੋਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ। ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੌਰਟ ਦੇ ਜੱਜ, ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਅਧਿਆਪਕਾਂ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਅਤੇ ਕੁੱਝ ਵਲੋਂ ਮਾਨਸਿਕ ਦਬਾਓ ਵੱਧਣ ਕਾਰਨ ਆਤਮ ਹੱਤਿਆ ਵਰਗੇ ਕਦਮ ਚੁੱਕਣਾ ਗੰਭੀਰ ਚਿੰਤਾ ਦਾ ਵਿਸਾ ਹੈ। ਸਰਕਾਰ, ਰਾਜਨੀਤੀਵਾਨਾਂ, ਨੀਤੀ ਨਿਰਮਾਤਾਵਾਂ ਅਤੇ ਹੋਰ ਸੰਸਥਾਵਾਂ ਨੂੰ ਇਸ ਗੱਲ ਦਾ ਨਿਸਚਾ ਕਰਨਾ ਚਾਹੀਦਾ ਹੈ ਕਿ ਸੰਵਿਧਾਨ ਨੂੰ ਲਾਗੂ ਕਰਨ ਲਈ ਬਿਨਾਂ ਕਿਸੇ ਪੱਖਪਾਤ ਤੋਂ ਕੰਮ ਕਰਨ ਤਾਂ ਜੋ ਦੇਸ਼ ਦੇ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਹਾਲ ਰਹਿ ਸਕੇ ਅਤੇ ਸਾਡੇ ਦੇਸ਼ ਭਗਤਾਂ ਅਤੇ ਸਵਿੰਧਾਨ ਨਿਰਮਾਤਾਵਾਂ ਦੇ ਸੁਪਨਿਆਂ ਦਾ ਭਾਰਤ ਬਣ ਸਕੇ।

****

ਸੱਚੋ-ਸੱਚ

# ਪੰਜਾਬ ਸਿਆਂ ! ਸਰਬੱਤ ਦਾ ਭਲਾ ਮੰਗਣ ਵਾਲਿਆਂ 'ਚ ਵੀ ਵਿਤਕਰਾ ਕਿਉਂ?

## ਬੇ.ਗਮਪੁਰਾ ਸ਼ਹਿਰ ਦੇ ਸੰਕਲਪ ਲਈ ਬਹੁਜਨ ਏਕਤਾ ਜਰੂਰੀ

ਦੁਨੀਆਂ ਦੀ ਸੱਭ ਤੋਂ ਵੱਡੀ ਪੰਚਾਇਤ ਵਲੋਂ ਪ੍ਰਵਾਨਿਆਂ ਹੈ ਕਿ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ, ਜੀਵਨ ਪੱਧਰ ਸੁਧਾਰਨਾ, ਸ਼ਾਂਤੀ ਬਣਾਈ ਰੱਖਣਾ ਤੇ ਕੌਮਾਂਤਰੀ ਪੱਧਰ ਅਤੇ ਮਸਲਿਆਂ, ਸਮੱਸਿਆਵਾਂ ਨੂੰ ਆਪਸੀ ਸੰਵਾਦ-ਵਿਚਾਰ ਵਟਾਂਦਰੇ ਰਾਹੀਂ ਹੱਲ ਕੀਤਾ ਜਾਣਾ, ਮਨੁੱਖਤਾ ਨੂੰ ਜਿਊਂਦੇ ਰੱਖਣ ਲਈ ਸਮੇਂ ਦੀ ਅਹਿਮ ਲੋੜ ਹੈ।

ਅਜਿਹੀ ਹੀ ਵਿਚਾਰਧਾਰਾ ਦੇ ਹਾਮੀ ਭਾਰਤ ਦੀ ਧਰਤੀ 'ਤੇ ਕਈ ਸਦੀਆਂ ਪਹਿਲਾਂ ਮਹਾਂਪੁਰਸ਼ਾਂ, ਗੁਰੂਆਂ, ਸੰਤਾਂ ਆਦਿ ਨੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸ, ਝੂਠੀਆਂ ਪ੍ਰੰਪਰਾਵਾਂ, ਗ਼ੈਰ-ਬਰਾਬਰੀ, ਸਮਾਜਿਕ, ਧਾਰਮਿਕ, ਆਰਥਿਕ ਵਰਤਾਰੇ ਖਿਲਾਫ਼ ਇੱਕ ਤਰ੍ਹਾਂ ਖੁੱਲ੍ਹੀ ਬਗ਼ਾਵਤ ਕੀਤੀ। ਇਨ੍ਹਾਂ ਮਹਾਂਪੁਰਸ਼ਾਂ ਦੀ ਭਾਰਤ ਵਿੱਚ ਗਿਣਤੀ 100 ਦੇ ਕਰੀਬ ਹੈ। ਜਿਹਨਾਂ ਨਿੱਜ ਤੋਂ ਉੱਪਰ ਉੱਠ ਕੇ ਸਮੁੱਚਤਾ ਦੇ ਸੰਦਰਭ ਵਿੱਚ ਸਰਬੱਤ ਦੇ ਭਲੇ, ਮਾਨਵਤਾ, ਬਰਾਬਰਤਾ, ਜ਼ਬਰ-ਜ਼ੁਲਮ ਤੇ ਖੋਹੇ ਜਾਂਦੇ ਹੁੰਦੇ ਮਨੁੱਖੀ ਹੱਕਾਂ ਲਈ ਆਪੋ-ਆਪਣੇ ਢੰਗ ਤਰੀਕਿਆਂ ਨਾਲ ਆਪਣੀ ਜ਼ਿੰਦਗੀ ਦਾ ਪਲ-ਪਲ ਸਮਾਜ ਦੇ ਲੇਖੇ ਲਾਇਆ। ਜਿਸ ਵਿੱਚ ਤਥਾਗਤ ਬੁੱਧ ਤੋਂ ਲੈ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 35 ਮਹਾਂਪੁਰਸ਼ਾਂ ਦੀ ਬਾਣੀ ਅਤੇ ਦਿੱਤੀਆਂ ਸੇਧਾਂ ਉਪਦੇਸ਼ ਪ੍ਰਮੁੱਖਤਾ 'ਚ ਹਨ।

ਭਾਰਤ ਦੀ ਸੱਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ ਵੀ ਪ੍ਰਵਾਨ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਜਿਊਂਦੇ ਗੁਰੂ ਸਮਾਨ ਹੈ। ਸਾਰੇ ਮਹਾਂਪੁਰਸ਼ਾਂ ਨੇ ਸਥਾਪਿਤ ਹੁਕਮਰਾਨਾਂ ਨਾਲ ਸਮੇਂ-ਸਮੇਂ ਮੁਤਾਬਿਕ ਟੱਕਰ ਲਈ ਹੈ ਅਤੇ ਕਿਹਾ ਕਿ ਸਭ ਇੱਕ ਸਮਾਨ ਹਨ ਅਤੇ ਜਾਤ-ਪਾਤ ਦਾ ਉਨ੍ਹਾਂ ਰੱਜ ਕੇ ਖੰਡਨ ਕੀਤਾ। ਉਹਨਾਂ ਨੀਚ ਕਹੇ ਜਾਂਦੇ ਹਾਸ਼ੀਆਗ੍ਰਸਤ ਕੀਤੇ ਲੋਕਾਂ ਨਾਲ ਖੜ੍ਹਨ ਦਾ ਐਲਾਨ ਹੀ ਨਹੀਂ ਕੀਤਾ, ਸਗੋਂ ਪਾਤਿਸ਼ਾਹੀ ਦੇਣ ਦਾ ਸੰਦੇਸ਼ ਤੱਕ ਦਿੱਤਾ। ਪਰ ਜਦੋਂ ਅਸੀਂ ਮਾਰਗਦਾਤਾ ਅਤੇ ਗੁਰੂਆਂ ਦੇ ਪੈਰੋਕਾਰਾਂ ਨੂੰ ਵੇਖਦੇ ਹਾਂ ਤਾਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਅਸੀਂ ਗੁਰੂਆਂ ਨੂੰ ਤਾਂ ਆਪਣਾ ਸਮਝਦੇ ਹਾਂ, ਪ੍ਰੰਤੂ ਉਹਨਾਂ ਵਲੋਂ ਜੋ ਬਾਣੀ 'ਚ ਉਚਾਰਿਆ ਗਿਆ ਹੈ, ਸੰਵਾਦ 'ਚ ਕਿਹਾ ਹੈ ਕਿ ਉਸ ਨੂੰ 6 ਸਦੀਆਂ ਬੀਤਣ ਬਾਅਦ ਅੱਜ ਵੀ ਜਾਤੀ ਹਉਮੈ ਦਾ ਸ਼ਿਕਾਰ, ਵਰਨ-ਵਿਵਸਥਾ, ਜਾਤ-ਪਾਤ ਗਰੀਬੀ ਕਾਰਨ ਬਹੁਤ ਥਾਂਈ ਅੱਜ ਵੀ ਵਿਤਕਰਾ ਕੀਤਾ ਜਾਂਦਾ ਹੈ, ਨੂੰ ਵਿਚਾਰ ਨਹੀਂ ਸਕੇ। ਅਸੀਂ ਜਦੋਂ ਸੱਭ ਨੂੰ ਰੱਬ ਦੇ, ਕੁਦਰਤ ਦੇ ਬੰਦੇ ਸਮਝਦੇ ਹਾਂ ਅਤੇ ਸਵੇਰੇ-ਸ਼ਾਮ ਅਰਦਾਸ ਰਾਹੀਂ ਸਰਬੱਤ ਦਾ ਭਲਾ ਮੰਗਦੇ ਹਾਂ, ਫਿਰ ਅਮਲ ਕਰਨ ਵੇਲੇ ਅਸੀਂ ਕਿਉਂ ਮਹਾਨ ਵਿਚਾਰਧਾਰਾ ਨੂੰ ਵਿਸਾਰ ਦਿੰਦੇ ਹਾਂ ? ਜਦ ਕਿ ਸੱਭ ਤੋਂ ਆਧੁਨਿਕ ਸਿੱਖ ਧਰਮ ਹੈ। ਵਿਤਕਰਿਆਂ ਦੇ ਸਬੂਤ ਇੱਥੇ ਹਰ ਪਿੰਡ ਵਿੱਚ ਇੱਕ 'ਦੱਖਣੀ ਅਫਰੀਕਾ' ਹੈ, ਇੱਥੇ ਸ਼ਮਸ਼ਾਨਘਾਟਾਂ, ਗੁਰਦੁਆਰੇ ਅਜੇ ਤੱਕ ਕਿਸ ਗੱਲ ਦਾ ਸੰਕੇਤ ਦਿੰਦੇ ਹਨ? ਵਿਆਹ-ਸ਼ਾਦੀਆਂ ਅੱਜ ਵੀ ਆਪਣੀ ਜਾਤ ਵਿੱਚ ਹੀ ਕਿਉਂ ਹੁੰਦੀਆਂ ਹਨ? ਜਦ ਕਿ ਸਿੱਖ ਧਰਮ ਵਿੱਚ ਕੋਈ ਜਾਤ-ਪਾਤ ਹੈ ਹੀ ਨਹੀਂ। ਇੱਥੇ ਹੀ ਨਹੀਂ ਸੱਤ ਸਮੁੰਦਰੋਂ ਪਾਰ ਇੰਗਲੈਂਡ ਦੀ ਇੱਕ ਸੜਕ 'ਤੇ ਹੀ 7 ਗੁਰਦੁਆਰੇ ਵੱਖ-ਵੱਖ ਸੱਤ ਜਾਤਾਂ ਦੇ ਨਾਂ 'ਤੇ ਹਨ। ਇੱਥੇ 20-21 ਵੀਂ ਸਦੀ ਦੇ ਇੱਕ ਵੱਡੇ ਆਗੂ ਦਾ ਉਹ ਕਥਨ ਚੇਤੇ ਆਉਂਦਾ ਹੈ ਕਿ "ਭਾਰਤੀ/ਪੰਜਾਬੀ ਜਿੱਥੇ ਵੀ ਦੇਸ਼ ਵਿਦੇਸ਼ ਵਿੱਚ ਚਲੇ ਜਾਣ ਉਹ ਸੱਭ ਕੁੱਝ ਛੱਡ ਸਕਦੇ ਹਨ, ਪਰ ਉਹ ਜਾਤ ਦੇ ਕੋਹੜ ਨੂੰ ਛੱਡਣ ਲਈ ਤਿਆਰ ਨਹੀਂ ਹਨ। ਹਮੇਸ਼ਾਂ ਜਾਤ ਦੇ ਬੰਧਨ 'ਚ ਬੱਝੇ ਰਹਿੰਦੇ ਹਨ। ਕਿਤੇ-ਕਿਤੇ ਹਨੇਰੇ 'ਚ ਰੌਸ਼ਨੀ ਵੀ ਹੈ, ਪਰ ਉਸ ਦੇ ਪ੍ਰਕਾਸ਼ ਦਾ ਪ੍ਰਭਾਵ ਅਜੇ ਦੂਰ-ਦੂਰ ਤੱਕ ਪੈਂਦਾ ਨਜ਼ਰ ਨਹੀਂ ਆਉਂਦਾ। ਬਦਲਦੀਆਂ ਪ੍ਰਸਥਿਤੀਆਂ ਵਿੱਚ ਵੀ ਕਈ ' ਨਵੀਂ-ਨਵੀਂ ਜਾਤ ਵਾਲੇ ਸਰਟੀਫਿਕੇਟ ਵੀ ਬਣਾਉਣ ਲੱਗੇ ਹਨ।

ਭਾਰਤ ਵਿੱਚ ਖਾਸ ਕਰਕੇ ਭਾਰਤ ਦੀ ਖੜਗ ਭੁਜਾ ਕਹੇ ਜਾਂਦੇ ਪੰਜਾਬ 'ਚ 5 ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਉਸ ਦਿਹਾੜੇ ਨੂੰ ਕੌਣ ਮਨਾ ਰਿਹਾ ਹੈ, ਕੌਣ ਤਿਆਰੀਆਂ ਕਰ ਰਿਹਾ ਹੈ। ਇੱਥੋਂ ਸਾਡੇ ਜਾਤੀਵਾਦੀ ਹੋਣ ਦੇ ਸਬੂਤ 21ਵੀਂ ਸਦੀ 'ਚ ਪ੍ਰਤੱਖ ਅੱਜ ਵੀ ਸਾਡੇ ਸਾਹਮਣੇ ਹਨ। ਸਭ ਨੂੰ ਅੰਤਰ-ਝਾਤ ਮਾਰਨ ਦੀ ਲੋੜ ਹੈ, ਕਿ ਸਾਡੇ ਮਹਾਂਪੁਰਸ਼ਾਂ ਦੀ ਕੀ ਸਿੱਖਿਆ ਸੀ ਤੇ ਅਸੀਂ ਕੀ ਸਿੱਖਿਆ ਹੈ? ਦਰ ਤੇ ਆਏ ਕਰੋੜਾਂ ਲੋਕਾਂ ਦੇ ਆਗੂ ਨੂੰ ਸਿੱਖ ਧਰਮ 'ਚ ਪ੍ਰਵੇਸ਼ ਨਾ ਕਰਾਉਣ ਦੀ ਵੀ ਇਹੀ ਵਜ੍ਹਾ ਰਹੀ ਕਿ ਅਸੀਂ ਸਿੱਖ ਧਰਮ ਦੇ ਗੁਰੂਆਂ ਨੂੰ ਆਪਣਾ ਮੰਨਦੇ ਹਾਂ, ਪਰ ਉਹਨਾਂ ਦੀ ਮੰਨਦੇ ਨਹੀਂ। ਕਿੰਨੇ ਘਰਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਦੀ ਤਸਵੀਰ ਹੈ ? ਭਗਤ ਅਤੇ ਗੁਰੂ ਦਾ ਵਿਵਾਦ ਕਿਉਂ ? ਉਹ ਰੱਬ ਦੇ ਭਗਤ ਸਨ, ਜੇ ਕੌਮ ਗੁਰੂ ਮੰਨਦੀ ਹੈ ਤਾਂ ਫਿਰ ਵਿਰੋਧ ਕਿਉਂ ? ਹਜਾਰਾਂ ਸਾਲਾਂ ਤੋਂ ਖੁੱਸੇ ਹੋਏ ਰਾਜ ਲੈਣ (ਐਸਾ ਚਾਹੂੰ ਰਾਜ ਮੈਂ, ਬੇਗ਼ਮਪੁਰਾ ਸ਼ਹਿਰ ਕੋ ਨਾਓ, ਦੂਖ ਅੰਦੋਹ ਨਹੀਂ ਤਹਿ ਠਾਓ) ਦੇ ਸੰਦੇਸ਼ ਦੇਣ ਵਾਲੇ ਮਹਾਂਪੁਰਸ਼ ਨਾਲ ਕਦੋਂ ਇਨਸਾਫ਼ ਹੋਵੇਗਾ? ਕਦੋਂ ਹਾਸ਼ੀਏ 'ਤੇ ਕੀਤੇ ਸਾਰੇ ਵਰਗਾਂ ਦੇ ਆਪਣੇ ਮਕਾਨ, ਬਰਾਬਰ ਇਨਸਾਫ, ਧੀਆਂ-ਔਰਤਾਂ ਨਾਲ ਹੁੰਦੀ ਬੇਪਤੀ, ਦੂਜੇ ਦਰਜੇ ਦੇ ਸ਼ਹਿਰੀ, ਕਦੋਂ ਊਚ-ਨੀਚ ਖਤਮ ਹੋਵੇਗੀ ? ਸੀਰੀਪੁਣਾ, ਗ਼ੁਲਾਮ ਰੱਖਣਾ ਪੰਜਾਬ ਦੇ ਮੱਥੇ 'ਤੇ ਇੱਕ ਵੱਡਾ ਕਲੰਕ ਹੈ।

ਸ਼੍ਰੀ ਗੁਰੂ ਰਵਿਦਾਸ ਜੀ ਵੱਲ ਵਧਾਇਆ ਇੱਕ ਕਦਮ ਵੀ ਉਹਨਾਂ ਨੂੰ ਸੱਚੀ ਸਰਧਾਂਜਲੀ ਹੋਵੇਗੀ। ਪੰਜਾਬ ਦੇ ਕਰੀਬ 300 ਡੇਰਿਆਂ ਨੂੰ ਵੀ ਆਪਸੀ ਏਕਤਾ ਬਣਾਕੇ 'ਰਾਜ ਭਾਗ' ਵੱਲ ਟੇਕ ਰੱਖਣ ਦੀ ਬਹੁਤ ਵੱਡੀ ਲੋੜ ਹੈ, ਤੇ ਡੇਰਾ ਮੁਖੀਆਂ ਨੂੰ ਕੌਮ ਨੂੰ ਸੇਧ ਦੇਣ ਲਈ "ਘੱਟੋ-ਘੱਟ ਪ੍ਰੋਗਰਾਮ" ਤਹਿਤ ਦ੍ਰਿੜ੍ਹ ਫੈਸਲਾ ਲੈਣਾ ਸਮੇਂ ਦੀ ਅਤਿਅੰਤ ਲੋੜ ਹੈ।

ਸ਼੍ਰੀ ਗੁਰੂ ਰਵਿਦਾਸ ਵਾਰੇ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਬੜੀ ਉਪਮਾਂ ਕੀਤੀ ਹੈ। ਅਸੀਂ 20-21ਵੀਂ ਸਦੀ 'ਚ ਗੁਰੂ ਸਾਹਿਬ ਨੂੰ ਕਿਵੇਂ ਸਮਝਿਆ ਹੈ ਤੇ ਕੀ ਕੁੱਝ ਕਰਨ ਦੀ ਅੱਜ ਲੋੜ ਹੈ ? ਪੰਜਾਬ ਦੇ ਇੱਕ ਚੋਟੀ ਦੇ ਬੁੱਧੀਮਾਨ ਸੇਵਾਮੁਕਤ ਆਈ ਏ ਐਸ ਅਧਿਕਾਰੀ ਨੇ ਇੱਕ ਥਾਂ ਕਿਹਾ ਕਿ '20ਵੀਂ ਸਦੀ ਦੇ ਭਾਰਤ ਵਿੱਚ ਦੋ ਹੀ ਮੌਲਿਕ ਫਿਲਾਸਫਰ ਹੋਏ ਹਨ। ਇਹ ਦੋਵੇਂ ਮਾਨਵਤਾ ਪੱਖੀ ਅਤੇ ਯੁੱਗ ਪਲਟਾਊ ਹੋਏ ਹਨ। ਇੱਕ ਓਸ਼ੋ ਤੇ ਦੂਸਰੇ ਬਾਬਾ ਸਾਹਿਬ ਡਾਕਟਰ ਅੰਬੇਡਕਰ।' ਓਸ਼ੋ ਰਜਨੀਸ਼ ਨੇ ਆਪਣੀ ਪੁਸਤਕ "ਮਨ ਹੀ ਪੂਜਾ ਮਨ ਹੀ ਧੂਪ" (ਰਵਿਦਾਸ ਬਾਣੀ) ਲਿਖਦੇ ਹਨ,"ਕਿ ਭਾਰਤ ਦਾ ਅਕਾਸ਼ ਸੰਤਾਂ ਦੇ ਸਿਤਾਰਿਆਂ ਨਾਲ ਭਰਿਆ ਪਿਆ ਹੈ, ਸੰਤ ਰਵਿਦਾਸ ਸੱਭ ਸਿਤਾਰਿਆਂ ਵਿੱਚ ਧਰੂ ਤਾਰਾ ਹਨ।

ਇਸ ਲਈ ਸ਼ੂਦਰ ਦੇ ਘਰ ਪੈਦਾ ਹੋ ਕੇ ਵੀ ਕਾਂਸ਼ੀ ਦੇ ਪੰਡਤਾਂ ਨੂੰ ਮੰਨਣ ਲਈ ਮਜਬੂਰ ਕਰ ਦਿੱਤਾ। ਗੁਰੂ ਰਵਿਦਾਸ ਵਿੱਚ ਕੁੱਝ ਗੱਲ ਹੈ ਕਿ ਪੰਡਿਤ ਉਹਨਾਂ ਨੂੰ ਪੁੱਟ ਨਹੀਂ ਸਕੇ, ਸਗੋਂ ਸਵੀਕਾਰ ਕਰਨਾ ਹੀ ਪਿਆ। ਉਹਨਾਂ ਦੇ ਬਚਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨਾ।" ਕਰੋੜਾਂ ਲੋਕਾਂ ਦੇ ਮੁਕਤੀਦਾਤਾ ਤੇ ਸੰਵਿਧਾਨ ਦੇ ਮੁੱਖ ਕਰਤਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਆਪਣੀ ਪੁਸਤਕ ਦਾ ਅਨਟੱਚਏਬਲ (ਅਛੂਤਪਣ) ਗੁਰੂ ਰਵਿਦਾਸ ਸਮੇਤ ਤਿੰਨ ਮਹਾਂਪੁਰਸ਼ਾਂ ਨੂੰ ਸਮਰਪਿਤ ਕਰਦਿਆਂ ਲਿਖਿਆ ਹੈ ਕਿ "ਉਹ ਅਛੂਤਾਂ ਵਿੱਚ ਪੈਦਾ ਹੋਏ ਤੇ ਆਪਣੀ ਪਵਿੱਤਰਤਾ, ਸਦਾਚਾਰ ਸਦਕਾ ਸਭਨਾਂ ਦੇ ਸਤਿਕਾਰ ਯੋਗ ਬਣੇ"। ਬਾਬਾ ਸਾਹਿਬ ਨੇ ਇੱਕ ਵਾਰ ਫਿਲੌਰ ਦੇ ਇੱਕ ਡੇਰੇ 'ਚ ਕਿਹਾ ਸੀ ਕਿ ਗ਼ੁਲਾਮਾਂ ਦੀਆਂ ਜੰਜ਼ੀਰਾਂ ਤੋੜਨੀਆਂ ਸਭ ਤੋਂ ਵੱਡੀ ਭਗਤੀ ਹੈ। ਭਾਰਤ ਵਿੱਚ ਸੱਭ ਤੋਂ ਵੱਧ ਦੇਸ਼-ਵਿਦੇਸ਼ ਤੋਂ ਵੱਡੀਆਂ ਡਿਗਰੀਆਂ ਹਾਸਲ ਕਰਨ ਵਾਲੇ ਮਰਹੂਮ ਰਾਸ਼ਟਰਪਤੀ ਡਾਕਟਰ ਕੇ ਆਰ ਨਰਾਇਣਨ ਨੇ ਜਿੱਥੇ ਉੱਤਰ-ਪ੍ਰਦੇਸ਼ 'ਚ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਬਣੇ ਗੇਟ ਦਾ ਨੀਂਹ ਪੱਥਰ/ਉਦਘਾਟਨ ਕੀਤਾ। ਉੱਥੇ ਉਹਨਾਂ ਇੱਕ ਪੁਸਤਕ ਵਿੱਚ ਆਪਣੇ ਸੰਦੇਸ਼ 'ਚ ਕਿਹਾ ਕਿ "ਸਤਿਗੁਰੂ ਰਵਿਦਾਸ ਮੱਧਕਾਲੀਨ ਯੁੱਗ ਦੇ ਮਹਾਨ ਸਮਾਜ ਸੁਧਾਰਕ ਸਨ' ਜਿਹਨਾਂ ਨੇ ਅਧਿਆਤਮਕ ਏਕਤਾ, ਸਮਾਨਤਾ ਅਤੇ ਭਾਈਚਾਰੇ ਦਾ ਪ੍ਰਚਾਰ ਕੀਤਾ। ਉਹਨਾਂ ਦੀਆਂ ਸਿੱਖਿਆਵਾਂ ਅੱਜ ਵੀ ਵਧੇਰੇ ਪ੍ਰਸੰਗਿਕ ਹਨ।"



20ਵੀਂ ਅਤੇ 21ਵੀਂ ਸਦੀ ਦੇ ਸ਼ੁਰੂ 'ਚ " ਬਹੁਜਨ ਸਮਾਜ " ਬਣਾਉਣ ਲਈ ਸਾਰੀ ਜ਼ਿੰਦਗੀ ਲਗਾਉਣ ਵਾਲੇ ਮਹਾਂਤਿਆਗੀ ਪੁਰਸ਼ ਮਾਨਿਅਵਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਮਹਾਂਪੁਰਸ਼ਾਂ ਖਾਸ ਕਰਕੇ ਪੰਜਾਬ 'ਚ 'ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ' ਨੂੰ ਲੜੀ ਤਹਿਤ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਦੀ ਅਣਥੱਕ ਕੋਸ਼ਿਸ਼ ਕੀਤੀ। ਉੱਤਰ ਪ੍ਰਦੇਸ਼ ਵਿੱਚ ਇੱਕ ਜ਼ਿਲ੍ਹੇ ਦਾ ਨਾਮ ਅਤੇ ਕਈ ਯਾਦਗਾਰਾਂ ਮਾਇਆਵਤੀ ਸਰਕਾਰ ਵਲੋਂ ਬਣਾਈਆਂ ਜਾ ਚੁੱਕੀਆਂ ਹਨ, ਪਰ ਅਜੇ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ।

ਅਖੀਰ ਵਿੱਚ ਮਸ਼ਹੂਰ ਵਿਦਵਾਨ ਲੇਖਕ ਤੇ ਕਵੀ ਸ਼੍ਰੀ ਸੋਹਣ ਸਹਿਜਲ ਵਲੋਂ ਲਿਖੀ ਇੱਕ ਕਵਿਤਾ ਜ਼ਿਕਰਯੋਗ ਹੈ। ਜਿਨ੍ਹਾਂ ਨੇ ਇਹ ਕਵਿਤਾ ਰਾਹੀਂ ਬੇਮਿਸਾਲ ਗਿਆਨ ਦੀ ਜੋਤ, ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਸੰਬੰਧੀ ਆਪਣੇ ਜਜ਼ਬਾਤਾਂ ਨੂੰ ਆਪਣੀ ਕਲਮ ਰਾਹੀਂ ਇੰਝ ਰੂਪਮਾਨ ਕੀਤਾ ਹੈ:-

ਆਇਆ ਜਨਮ ਦਿਨ ਗੁਰੂ ਰਵਿਦਾਸ ਜੀ ਦਾ,
ਪਿੰਡ-ਸ਼ਹਿਰ ਦੇ ਵਿੱਚ ਇਕੱਠ ਹੋਇਆ।
ਭੋਗ ਪਾਇਆ ਲਾਇਆ ਅੰਨ ਪਾਣੀ,
ਪੁੰਨ ਖੱਟਿਆ, ਜਿੰਨਾ ਵੀ ਖੱਟ ਹੋਇਆ।
ਝਾਕੀ ਨਿੱਕਲੀ ਗੀਤ ਸੰਗੀਤ ਹੋਇਆ,
ਕਿਤੇ ਵੱਧ ਹੋਇਆ,
ਕਿਤੇ ਘੱਟ ਹੋਇਆ।
ਦੋ ਦਿਨ ਵਿੱਚ
ਰੌਣਕਾਂ ਮੁੱਕ
ਗਈਆਂ,
ਆਈ ਖੁਸ਼ੀ ਦਾ
ਖਾਤਮਾ ਝੱਟ
ਹੋਇਆ।
ਸਾਨੂੰ ਸੋਚਣਾ ਪਵੇਗਾ
ਮਿਲ ਬਹਿ ਕੇ ,
ਕਿਵੇਂ ਖੁਸ਼ੀ ਵਿੱਚ
ਹੋਰ ਸੁਧਾਰ ਕਰੀਏ।
ਕਿਵੇਂ ਗੁਰੂ ਮਹਾਰਾਜ
ਦੀ ਸਿੱਖਿਆ ਨੂੰ,
ਰੌਸ਼ਨ ਵਿੱਚ ਸਾਰੇ
ਸੰਸਾਰ ਕਰੀਏ।



ਸੰਤੋਖ ਸਿੰਘ ਜੱਸੀ
91-70876-19800

ਅਖੀਰ ਵਿੱਚ ਗੁਰੂ ਜੀ ਦੇ ਜੀਵਨ ਉਪਦੇਸ਼ ਨਾਲ ਜਾਤ ਦੇ ਕੋਹੜ ਵਾਲੀ ਤਸਵੀਰ ਅੱਜ ਵੀ ਧੁੰਦਲੀ ਨਜ਼ਰ ਆਉਂਦੀ ਹੈ। ਗੁਰੂ ਸਾਹਿਬ ਜੀ ਦੇ 40 ਸ਼ਬਦ ਇੱਕ ਸਲੋਕ ਤੋਂ ਇਲਾਵਾ ਅੰਮ੍ਰਿਤ ਬਾਣੀ ਵਿੱਚ ਵੀ ਗੁਰੂ ਰਵਿਦਾਸ ਜੀ ਦੀ ਬਾਣੀ ਦਰਜ ਕੀਤੀ ਗਈ ਹੈ। ਘਾਟ ਸਾਡੇ ਵਿੱਚ ਹੈ, ਸਾਡੀ ਕਹਿਣੀ ਕਰਨੀ ਵਿੱਚ ਹੈ, ਗੁਰੂ ਰਵਿਦਾਸ ਜੀ ਦੇ ਫਲਸਫ਼ੇ ਦੀ, ਗ਼ੈਰ ਕੁਦਰਤੀ ਕਰਾਮਾਤਾਂ ਰਹਿਤ ਜੀਵਨ ਗਾਥਾ ਹੈ। ਸੱਭ ਮਾਨਵਤਾ ਪ੍ਰੇਮੀਆਂ ਨੂੰ ਬੜੀ ਲਗਨ, ਦਲੇਰੀ ਅਤੇ ਨਿਪੁੰਨਤਾ ਨਾਲ ਉਹਨਾਂ ਦੇ ਮਿਸ਼ਨ ਨੂੰ ਮੰਜ਼ਿਲ-ਏ-ਮਕਸੂਦ ਤੱਕ ਪਹੁੰਚਾਉਣਾ ਜ਼ਿੰਦਗੀ ਦਾ ਮੁੱਖ ਮਕਸਦ ਹੋਣਾ ਚਾਹੀਦਾ ਹੈ।

ਸ਼੍ਰੀ ਗੁਰੂ ਰਵਿਦਾਸ ਪ੍ਰਕਾਸ਼ ਦਿਹਾੜੇ ਸਮੇਂ ਕੀ ਕਰਨਾ ਲੋੜੀਂਦਾ!

1- ਆਪਸੀ ਭਾਈਚਾਰਕ ਸਾਂਝ ਸਮੇਤ ਸਾਰੇ ਭਾਈਚਾਰਿਆਂ ਨੂੰ ਤਰਜੀਹ ਦਿੱਤੀ ਜਾਵੇ, ਅਤੇ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ।

2- ਸਮੂਹ ਪ੍ਰਬੰਧਕ ਕਮੇਟੀਆਂ, ਗੁਰੂ ਰਵਿਦਾਸ ਸਭਾਵਾਂ ਤੇ ਹਰ ਮਾਨਵਵਾਦੀ ਸੰਸਥਾਵਾਂ, ਸਰਕਾਰੀ ਸਕੂਲਾਂ, ਬੱਚਿਆਂ/ਵਿਦਿਆਰਥੀਆਂ, ਸ਼ਮਸ਼ਾਨਘਾਟਾਂ, ਲਾਇਬ੍ਰੇਰੀਆਂ ਤੇ ਸਾਂਝੀਆਂ ਥਾਵਾਂ ਦੀ ਬਿਹਤਰੀ ਲਈ ਬਣਦਾ ਯੋਗਦਾਨ ਪਾਉਣ ਲਈ ਯਤਨਸ਼ੀਲ ਹੋਣ।

3- ਪਿੰਡਾਂ/ਮੁਹੱਲਿਆਂ ਵਿੱਚ ਵੱਖ-ਵੱਖ ਪ੍ਰਕਾਰ ਦੇ ਮੈਡੀਕਲ ਕੈਂਪ, ਸਰਕਾਰ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਲੈਣ ਲਈ ਕੈਂਪ/ਸੈਮੀਨਾਰ ਕਰਵਾਏ ਜਾਣ।

4- ਬੀਤੇ ਸਮੇਂ ਕਰਵਾਏ ਗਏ ਸਮਾਗਮਾਂ ਦਾ ਮੁਲਾਂਕਣ ਕਰਕੇ ਮੌਜੂਦਾ ਪ੍ਰਸਥਿਤੀਆਂ ਮੁਤਾਬਿਕ ਗੁਰੂ ਸਾਹਿਬ ਦੇ ਜਨਮ ਦਿਹਾੜੇ ਤੋਂ ਪਹਿਲਾਂ ਪ੍ਰਭਾਤ ਫੇਰੀਆਂ, ਨਗਰ ਕੀਰਤਨ, ਮਰਿਆਦਾ/ਸਤਿਕਾਰ ਅਤੇ ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ।

5- ਸਰਕਾਰੀ ਮੁਲਾਜਮਾਂ, ਕੰਮ ਧੰਦੇ ਕਰ ਰਹੇ ਸਮਾਜੀ ਲੋਕ, ਦਾਨੀ ਸੱਜਣਾਂ, ਐਨ ਆਰ ਆਈ ਵੀਰਾਂ, ਹੋਰ ਭਰਾਤਰੀ ਸੰਸਥਾਵਾਂ ਦੇ ਸਹਿਯੋਗ ਲੈਣ ਲਈ ਆਪਸੀ ਮੀਟਿੰਗਾਂ/ਬੈਠਕਾਂ ਰਾਹੀਂ ਵਿਚਾਰ ਵਟਾਂਦਰੇ ਦਾ ਰਾਹ ਅਖਤਿਆਰ ਕੀਤਾ ਜਾਵੇ। ਸਭ ਨੂੰ ਮੀਟਿੰਗਾਂ ਵਿੱਚ ਹਾਜਰ ਹੋਣ ਦੀ ਬੇਨਤੀ ਕੀਤੀ ਜਾਵੇ।

6- ਮੁਹੱਲੇ/ਪਿੰਡਾਂ ਦੀਆਂ ਘਾਟਾਂ/ਸਮੱਸਿਆਵਾਂ ਦੇ ਹੱਲ ਲਈ ਸਮੂਹਿਕ ਯਤਨ ਕੀਤੇ ਜਾਣ।

7- ਵਿਦਿਆਰਥੀਆਂ, ਬੱਚਿਆਂ, ਨੌਜਵਾਨ ਧੀਆਂ-ਪੁੱਤਰਾਂ ਲਈ ਚੰਗੇ ਸੰਸਕਾਰ ਅਤੇ ਨੈਤਿਕ ਕਦਰਾਂ ਕੀਮਤਾਂ ਬਾਬਤ ਪ੍ਰੇਰਿਤ ਕੀਤਾ ਜਾਵੇ।

8- ਇੱਕ-ਦੂਜੇ ਨੂੰ ਪਿੱਛੇ ਧੱਕਣ ਦੀ ਥਾਂ ਸਗੋਂ ਮੱਦਦ ਕਰਕੇ ਅੱਗੇ ਵਧਾਏ ਜਾਣ ਨੂੰ ਤਰਜੀਹ ਦਿੱਤੀ ਜਾਵੇ।

9- ਧੜੇਬੰਦੀਆਂ, ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ "ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨੁ, ਛੋਟਿ ਬੜੇ ਸਭ ਸਮ ਬਸੇ, ਰਵਿਦਾਸ ਰਹੈ ਪ੍ਰਸੰਨ" ਦੇ ਮਹਾਨ ਸੰਕਲਪ ਦੇ ਇਸੇ ਜਨਮ ਵਿੱਚ ਪੂਰਤੀ ਲਈ ਹਰ ਪੱਖ ਤੋਂ ਸੁਚੇਤ ਹੋ ਕੇ ਸਮੂਹਿਕ ਯਤਨ ਇੱਕ ਮਹਾਨ ਤਿਆਗੀ ਵਾਂਗ ਅਤੇ ਸੇਵਾ ਭਾਵਨਾ ਨਾਲ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

10- ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲਿਆਂ ਨੂੰ ਅਤੇ ਮਾਨਵਤਾਵਾਦੀ ਸੋਚ ਦੇ ਧਾਰਕਾਂ ਨੂੰ ਸਨਿਮਰ ਸਹਿਤ ਅਪੀਲ ਹੈ ਕਿ ਚਰਿੱਤਰਵਾਨ ਹੋ ਕੇ ਅਤੇ 'ਬਿਨ੍ਹਾਂ ਪੱਖਪਾਤ ਤੋਂ ਪੰਜਾਬ ਦੀ ਧਰਤੀ ਤੋਂ "ਜਾਤ ਤੋੜੋ-ਸਮਾਜ ਜੋੜੋ" ਦੇ ਮਿਸ਼ਨ ਤੇ ਚੱਲਦੇ ਹੋਏ ਸਰਬੱਤ ਦੇ ਭਲੇ ਦੇ ਫਲਸਫ਼ੇ ਨੂੰ ਸਮਝਦੇ ਹੋਏ, ਇਕਮੁੱਠਤਾ ਦਾ ਪ੍ਰਗਟਾਵਾ ਕਰੀਏ। ਆਉਣ ਵਾਲੇ ਸਮੇਂ ਵਿੱਚ ਮਹਾਨ ਰਹਿਬਰਾਂ, ਦੇਸ਼ ਭਗਤਾਂ ਦੇ ਜਨਮ ਦਿਹਾੜੇ ਗਰੀਬ-ਗੁਰਬੇ, ਲਤਾੜੇ, ਦਬਾਏ, ਨਿਓਟਿਆਂ, ਨਿਆਸਰਿਆਂ ਸੰਗ ਮਨਾਉਣ ਲਈ ਸੱਚੇ ਦਿਲੋਂ ਪ੍ਰਤਿੱਗਿਆ ਕਰੀਏ।

ਇਸ ਤਰ੍ਹਾਂ ਪ੍ਰਕਾਸ਼ ਦਿਹਾੜੇ ਦੇ ਸਮਾਗਮਾਂ ਵਿੱਚ ਬੇਗ਼ਮਪੁਰਾ ਸ਼ਹਿਰ ਦੀ ਖੁਸ਼ਬੂ ਨਜ਼ਰ ਆਵੇ। ਕੁਦਰਤ ਮਾਂ ਵੀ ਕਹੇ ਕਿ ਵਾਹ! ਲੁਕਾਈ ਬਗ਼ਾਵਤ ਵੱਲ ਵਧ ਰਹੀ ਹੈ।

# ਬਾਬਾ ਦੀਪ ਸਿੰਘ ਜੀ ਸ਼ਹੀਦ (1682-1757)

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ-ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ੍ਹ ਨਿਸਚੈ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਿਹਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ-ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ-ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਹਨਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣ-ਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖਾਲਸਾ ਪੰਥ ਸਾਜ਼ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ-ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਆਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਿਹ ਕਰ ਲਿਆ। ਜੂਨ 9, 1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵੱਧ ਗਿਆ। ਪਰ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਨੇ ਨਿਸਚੈ ਰੱਖਿਆ। ਦ੍ਰਿੜ੍ਹ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰ ਲਿਆ।

ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ, 1682 ਈ: ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਦੇ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਆਪ ਜੀ ਦਾ ਨਾਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਆਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਹਨਾਂ ਦੇ ਮਾਪੇ ਤਾਂ ਪਿੰਡ ਪਰਤ ਗਏ, ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਹਨਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ, ਲਿਖਾਰੀ ਅਤੇ ਕੀਰਤਨੀਏ ਬਣ ਗਏ ਸਨ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉਥੇ ਉਹਨਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਆਪ ਜੀ ਦਾ ਬੜਾ ਪ੍ਰਭਾਵ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਤਾਂ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ



ਸਾਹਿਬ ਜੀ ਨੂੰ ਦੱਖਣ ਵਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ।

ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ 1738 ਵਿਚ ਜਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵੱਧ ਗਏ। ਇਸ ਤੋਂ ਬਾਅਦ ਹੋਈਆਂ ਝੜੱਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੂਨੀ ਚੰਦ ਮਾਰਿਆ ਗਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 11, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜ਼ੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ। ਅਹਿਮਦ ਸ਼ਾਹ ਅਬਦਾਲੀ ਨੇ 1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸਦੇ ਸੈਨਿਕ ਸੋਨਾ ਚਾਂਦੀ ਤੇ ਹੋਰ ਕੀਮਤੀ ਸਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਸਾਰਾ ਸਮਾਨ ਲੁੱਟ ਲਿਆ ਤੇ ਔਰਤਾਂ ਨੂੰ ਸੁਰੱਖਿਅਤ ਉਹਨਾਂ ਦੇ ਘਰਾਂ ਤੱਕ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਂ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ।ਉਸਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪੱਤੀ ਦੀ ਖ਼ਬਰ ਬਾਬਾ ਜੀ ਨੂੰ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਹਨਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵੱਲ ਵੱਧ ਗਿਆ। ਰਸਤੇ ਵਿਚ ਜਦੋਂ ਤਰਨਤਾਰਨ ਵਿਚ ਜੋ ਮਰ ਮਿਟਣ ਤੇ ਸ਼ਹੀਦ ਹੋਣ ਲਈ ਤਿਆਰ ਹਨ, ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20 ਹਜ਼ਾਰ ਦੀ ਫੌਜ ਨੇ ਕੇ ਤਰਨਤਾਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾੜ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ, ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਂ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਨੇ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ-ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ 'ਤੇ ਆ ਗਏ। ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਖੜਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਦ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਦੀ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ 'ਤੇ ਡੂੰਘਾ ਘੱਟ ਲੱਗਾ। ਉਹਨਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਹਨਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਹਨਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਿਆਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਹਨਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁੱਧ ਲੜਦੇ ਰਹਿਣ ਲਈ ਉਤਸ਼ਾਹਿਤ ਕੀਤਾ। ਉਹਨਾਂ ਦੀ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਹਨਾਂ ਨੇ ਆਪਣਾ ਸੀਸ ਭੇਂਟ ਕੀਤਾ ਗੁਰਦੁਆਰਾ ਹੈ। ਦੂਜਾ ਸ਼ਹੀਦਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ: ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ, ਤਾਂ ਆਪਣਾ ਸਿਰ ਤਲੀ ਉਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ।

ਪ੍ਰਭੂ ਪ੍ਰੀਤ ਦੇ ਇਸ ਰਸਤੇ ਉਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। - ਅੰਗ 1412

# ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ 108ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ !

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਇੱਕ ਅਣਖ਼ੀ ਯੋਧੇ ਅਤੇ ਗ਼ਦਰ ਪਾਰਟੀ ਵੈਨਕੂਵਰ (ਕੈਨੇਡਾ) ਦੇ ਮੈਂਬਰ ਸਨ। ਆਜ਼ਾਦੀ-ਏ-ਹਿੰਦੋਸਤਾਨ ਦੇ ਇਤਿਹਾਸਕ ਪੰਨ੍ਹਿਆਂ ਉੱਤੇ ਸਿਤਾਰਿਆਂ ਵਾਂਗ ਸਦਾ ਚਮਕਦੇ ਰਹਿਣਗੇ। ਉਨ੍ਹਾਂ ਦਾ ਜਨਮ 1880 ਈਸਵੀ ਵਿੱਚ, ਪਿੰਡ ਲੋਪੋਕੇ ਚੁਗਾਵਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿੱਚ ਹੋਇਆ। ਬਾਕੀ ਹਿੰਦੋਸਤਾਨੀਆਂ ਵਾਂਗ ਰੁਜ਼ਗਾਰ ਦੀ ਭਾਲ ਅਤੇ ਘਰ ਦੀ ਸੁਰੱਗੀ (ਹਾਲਾਤ ਬਿਹਤਰ ਬਣਾਉਣਾ) ਲਈ 1906 ਈ਼ ਨੂੰ ਕੈਨੇਡਾ ਦੀ ਧਰਤੀ ਵੈਨਕੂਵਰ ਪਹੁੰਚੇ ਅਤੇ ਵੈਸਟ ਮਿਨਸਟਰ ਦੀ ਫਰੇਜ਼ਰ ਮਿਲ ਵਿੱਚ ਕੰਮ ਕਰਨ ਲੱਗੇ।

ਵਾਹਿਗੁਰੂ ਦੀ ਰਜ਼ਾ 'ਚ ਰਹਿਕੇ ਹਮੇਸ਼ਾਂ ਕੰਮ ਤੋਂ ਵਿਹਲਾ ਸਮਾਂ ਵੈਨਕੂਵਰ ਗੁਰੂਘਰ ਦੀ ਸੇਵਾ ਕਰਦੇ ਅਤੇ ਇਸ ਗੁਰੂਘਰ 'ਚ ਹੀ 21 ਜੂਨ, 1908 ਨੂੰ ਉਨ੍ਹਾਂ ਨੇ ਅੰਮ੍ਰਿਤ ਛੱਕ ਲਿਆ। 23, ਮਈ 1914 ਨੂੰ ਮੁਸਾਫ਼ਰਾਂ ਨਾਲ ਭਰਿਆ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਪਹੁੰਚਿਆ। ਯਾਤਰੀਆਂ ਨਾਲ ਹੋਈ ਬੇਰਹਿਮੀ ਅਤੇ ਬੇਇੰਨਸਾਫੀ ਕਰਕੇ ਕੋਰਟ ਨੇ 6, ਜੁਲਾਈ 1914 ਨੂੰ ਵਾਪਿਸ ਜਾਣ ਦੇ ਆਰਡਰ ਕਰ ਦਿੱਤੇ । ਇਹ ਸਭ ਕੁੱਝ ਪਿੱਛੇ ਮੈਲਕਮ ਰੀਡ ਤੇ ਹੌਪਕਿਨਸਨ ਦਾ ਹੀ ਹੱਥ ਸੀ। ਮੇਵਾ ਸਿੰਘ ਨੂੰ ਚੰਗਾ ਨਹੀਂ ਸੀ ਲੱਗਿਆ।

16, ਜੂਨ 1880 ਨੂੰ ਦਿੱਲੀ 'ਚ ਪੈਦਾ ਹੋਇਆ ਹੌਪਕਿਨਸਨ ਕੈਨੇਡਾ ਦਾ ਇਮੀਗ੍ਰੇਸ਼ਨ ਇੰਸਪੈਕਟਰ ਲੱਗਭਗ ਵੀਹ ਸਾਲ ਦਿੱਲੀ 'ਚ ਰਿਹਾ । ਉਹ ਪੰਜਾਬੀ ਵੀ ਬੋਲਦਾ ਸੀ ਤੇ ਬਹੁਤਾ ਸਮਾਂ ਗ਼ਦਰ ਲਹਿਰ ਦੇ ਮੈਂਬਰਾਂ ਦੀਆਂ ਸੂਹਾਂ ਲੈਣਾ, ਹਿੰਦੋਸਤਾਨੀਆਂ 'ਚ ਫੁੱਟ ਪਾ ਕੇ ਆਪਿਸ ਵਿੱਚ ਵਿਰੋਧੀ ਬਣਾਉਣਾ ਅਤੇ ਗ਼ਦਰ ਲਹਿਰ ਨੂੰ ਕੁਰਾਹੇ ਪਾਉਣਾ ਆਦਿ ਉਸਦੇ ਕੰਮ ਕਰਨ ਦਾ ਢੰਗ ਸੀ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਉਹ ਅੰਗਰੇਜ ਸਾਮਰਾਜ ਦਾ ਹਮਦਰਦ ਤੇ ਆਜ਼ਾਦੀ-ਪਸੰਦ ਹਿੰਦੋਸਤਾਨੀਆਂ ਦਾ ਵਿਰੋਧੀ ਸੀ।

5 ਸਤੰਬਰ, 1914 ਨੂੰ ਕੈਨੇਡਾ ਦੀ ਗ਼ਦਰ ਪਾਰਟੀ ਦੇ ਯੋਧੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਵੈਨਕੂਵਰ ਦੇ ਗੁਰੂਘਰ ਵਿੱਚ ਬੇਲਾ ਸਿੰਘ ਜਿਆਣ (ਹੁਸ਼ਿਆਰਪੁਰ) ਕੋਲੋਂ ਗੋਲੀਆਂ ਮਰਵਾਕੇ ਸ਼ਹੀਦ ਕਰਨ ਪਿੱਛੇ ਵੀ ਹੌਪਕਿਨਸਨ ਦਾ ਹੱਥ ਸੀ। ਹੌਪਕਿਨਸਨ, ਬੇਲਾ ਸਿੰਘ ਨੂੰ ਬਰੀ ਕਰਾਉਣ ਲਈ ਮੇਵਾ ਸਿੰਘ ਨੂੰ ਗਵਾਹ ਦੇ ਤੌਰ ਤੇ ਵਰਤਣਾ ਚਾਹੁੰਦਾ ਸੀ ਜੋ ਸਫਲ ਨਾ ਹੋ ਸਕਣ ਕਾਰਨ ਮੇਵਾ ਸਿੰਘ ਨੂੰ ਤੰਗ ਕਰਦਾ ਸੀ ਕਿਉਂਕਿ ਇੱਕ ਤਾਂ ਮੇਵਾ ਸਿੰਘ ਵੈਨਕੂਵਰ ਗ਼ਦਰ ਪਾਰਟੀ ਦਾ ਮੈਂਬਰ ਸੀ ਦੂਜਾ 16 ਜੁਲਾਈ 1914 ਨੂੰ ਹੱਥਿਆਰ ਲਿਆਉਣ ਦੇ ਕੇਸ ਵਿੱਚ ਅਮਰੀਕਾ- ਕਨੇਡਾ ਦੇ ਬਾਰਡਰ ਤੇ ਫੜਿਆ ਗਿਆ ਤੇ ਹੌਪਕਿਨਸਨ ਨੇ ਵੱਢੀ (ਡਾਲਰ) ਲੈ / ਦੇ ਕੇ ਨਿਊ ਵੈਸਟਮਿਨਸਟਰ ਜੇਲ੍ਹ ਚੋਂ ਬਾਹਰ ਕੱਢਵਾਇਆ ਸੀ।

ਬੇਲਾ ਸਿੰਘ (ਜਿਆਣ) ਦੇ ਕੇਸ ਵਿੱਚ ਮੇਵਾ ਸਿੰਘ ਗੁਰੂ ਦਾ ਸੱਚਾ ਸਿੱਖ ਹੋਣ ਕਰਕੇ ਝੂਠੀ ਗਵਾਹੀ ਲਈ ਦਿਲੋਂ ਨਾਂਹ ਕਰ ਗਿਆ ਸੀ । ਹਾਂ, ਇਸ ਕੇਸ ਦੀ ਸੁਣਵਾਈ ਲਈ ਹਰ ਵਾਰ ਕੋਰਟ ਪਹੁੰਚਦਾ ਸੀ। ਅਕਤੂਬਰ, 21, 1914 ਦਾ ਦਿਨ ਸੀ ਜਦੋਂ ਹੌਪਕਿਨਸਨ ਜਿਊਰੀ ਅੱਗੇ ਪੇਸ਼ ਹੋਣ ਜਾ ਰਿਹਾ ਸੀ ਲੱਗ ਭਗ 10 ਵਜੇ ਸਵੇਰ ਦਾ ਸਮਾਂ ਸੀ ਤਾਂ ਉਡੀਕ ਕਰ ਰਹੇ ਮੇਵਾ ਸਿੰਘ ਨੇ ਗੋਲੀਆਂ ਮਾਰਕੇ ਗ਼ਦਰ ਪਾਰਟੀ ਦੇ ਕੱਟੜ ਵਿਰੋਧੀ ਅੰਗਰੇਜ ਸਾਮਰਾਜ ਦੇ ਜਸੂਸ ਨੂੰ ਢੇਰੀ ਕਰ ਦਿੱਤਾ। ਵਿਲੀਅਮ ਚਾਰਲਸ ਹੌਪਕਿਨਸਨ ਦੇ ਕਤਲ ਕੇਸ ਦੀ ਕਾਰਵਾਈ ਗੋਰੀ ਸਰਕਾਰ ਦੇ ਦਬਾਅ ਕਰਕੇ ਨੌ ਦਿਨ ਬਾਅਦ ਹੀ ਸ਼ੁਰੂ ਕਰ ਦਿੱਤੀ। ਜਦੋਂ ਕਿ ਕਸੂਰਵਾਰ ਬੇਲਾ ਸਿੰਘ (ਜਿਆਣ) ਨੂੰ ਬਿਨ੍ਹਾਂ ਸਜ਼ਾ ਦਿੱਤੇ ਸ਼ਰੇਆਮ ਖੁੱਲ੍ਹਾ ਘੁੰਮਣ ਦਿੱਤਾ ਜਾ ਰਿਹਾ ਸੀ । ਜਿਸ ਨੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਸ਼ਰੇਆਮ ਗੁਰੂਘਰ



ਵੈਨਕੂਵਰ ਅੰਦਰ ਗੋਲੀਆਂ ਮਾਰਕੇ ਬਦੋਸ਼ੇ ਗ਼ਦਰੀਆਂ ਨੂੰ ਮਾਰਿਆ ਸੀ ਅਤੇ ਗੁਰੂਘਰ ਦੀ ਬੇਅਦਬੀ ਕੀਤੀ ਸੀ । ਫਿਰ ਵੀ ਅਦਾਲਤ ਨੇ ਸਜ਼ਾ ਨਹੀਂ ਦਿੱਤੀ। ਮੇਵਾ ਸਿੰਘ ਦਾ ਦੋ ਮਹੀਨੇ ਦੇ ਲੱਗਭਗ ਅਦਾਲਤ ਵਿੱਚ ਕਤਲ ਕੇਸ ਚੱਲਿਆ। ਅੰਗਰੇਜ਼ ਰਾਜ ਕੋਲੋਂ ਛੁਟਕਾਰਾ ਦਿਵਾਉਣ ਵਾਲੇ ਗ਼ਦਰੀ ਯੋਧਿਆਂ ਦੀ ਜਸੂਸੀ ਕਰਨ ਵਾਲਾ ਵੱਢੀ-ਖ਼ੋਰ ਕਾਤਲ ਹੌਪਕਿਨਸਨ ਜੋ ਮਨੁੱਖਤਾ ਦੇ ਮੱਥੇ ਦਾ ਕਲੰਕ ਸੀ, ਨੂੰ ਮਾਰਨ ਦੇ ਦੋਸ਼ ਵਿੱਚ ਭਾਈ ਮੇਵਾ ਸਿੰਘ ਨੂੰ 11, ਜਨਵਰੀ, 1915 ਨੂੰ ਕੈਨੇਡਾ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਸ਼ਹੀਦ ਮੇਵਾ ਸਿੰਘ ਦੀ ਮਿਰਤਕ ਦੇਹ ਦਾ ਫ਼ਾਂਸੀ ਵਾਲੀ ਜੇਲ੍ਹ ਤੋਂ ਤਕਰੀਬਨ ਚਾਰ ਮੀਲ ਦੂਰ ਫਰੇਜ਼ਰ ਮਿੱਲ ਲਿਜਾਕੇ ਸਿੱਖ ਰੌਅ-ਰੀਤਾਂ ਨਾਲ ਸੰਸਕਾਰ ਕੀਤਾ ਗਿਆ। ਲੱਗਭੱਗ ਚਾਰ ਤੋਂ ਪੰਜ ਸੌ ਬੰਦਿਆਂ ਨੇ 'ਸ਼ਹੀਦ' ਮੇਵਾ ਸਿੰਘ ਲੋਪੋਕੇ ਦੇ ਸੰਸਕਾਰ ਵਿੱਚ ਚਾਰ ਮੀਲ ਦੀ ਦੂਰੀ ਪੈਦਲ ਸ਼ਮੂਲੀਅਤ ਕਰਕੇ ਸ਼ਰਧਾਂਜ਼ਲੀ ਭੇਂਟ ਕੀਤੀ । ਯਾਦ ਰਹੇ ਉਸ ਸਮੇਂ ਕੈਨੇਡਾ ਵਿੱਚ ਇੱਕ ਹਜ਼ਾਰ ਦੇ ਲਾਗੇ ਦੀ ਗਿਣਤੀ ਵਿੱਚ ਹਿੰਦੋਸਤਾਨੀ ਰਹਿ ਰਹੇ ਸਨ।

"ਸ਼ਹੀਦ ਕਦੇ ਵੀ ਮਰਦੇ ਨਹੀਂ,
ਹਮੇਸ਼ਾਂ ਹੀ ਅਮਰ ਰਹਿੰਦੇ ਹਨ।"

ਅੱਜ ਕੈਨੇਡਾ ਵਿੱਚ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਤਾਜ਼ਾ ਰੱਖਣ ਲਈ ਅਕਾਲੀ ਸਿੰਘ ਸਿੱਖ ਸੁਸਾਇਟੀ ਨੇ ਗੁਰੂਘਰ ਵਿੱਚ ਲਾਇਬ੍ਰੇਰੀ ਦਾ ਨਾਮ ਰੱਖਿਆ ਹੋਇਆ ਹੈ ਅਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ 'ਚ ਰੌਸ ਸਟਰੀਟ ਗੁਰੂਘਰ ਦੇ ਲੰਗਰ ਹਾਲ ਦਾ ਨਾਂਅ ਸ਼ਹੀਦ ਭਾਈ ਮੇਵਾ ਸਿੰਘ ਹਾਲ ਰੱਖਿਆ ਹੋਇਆ ਹੈ। ਆਜ਼ਾਦੀ-ਏ-ਹਿੰਦੋਸਤਾਨ ਦੇ ਹਿੰਦੋਸਤਾਨ ਤੋਂ ਬਾਹਰ ਕੈਨੇਡਾ ਵਿੱਚ ਪਹਿਲੇ ਸ਼ਹੀਦ ਭਾਈ ਮੇਵਾ ਸਿੰਘ ' ਲੋਪੋਕੇ' ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ। ਅਗਾਂਹ-ਵਧੂ ਲੋਕ, ਸ਼ਹੀਦਾਂ ਵੱਲੋਂ ਲੁੱਟ ਰਹਿਤ ਸਮਾਜ ਦੀ ਉਸਾਰੀ ਲਈ ਹੱਕ-ਸੱਚ ਅਤੇ ਸੰਘਰਸ਼ ਦੀ ਜਗਾਈ ਹੋਈ ਮਿਸ਼ਾਲ ਨੂੰ ਮੱਘਦੀ ਰੱਖਣ ਲਈ ਯਤਨਸ਼ੀਲ ਰਹਿਣਗੇ ।

**ਵਲੋਂ:-**
**ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**
**ਮਨਮੋਹਨ ਪੂਨੀ (ਨਿਊਯਾਰਕ)**

# ਬਸੰਤ ਪੰਚਮੀ ਬਨਾਮ ਬਸੰਤ ਰੁੱਤ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਚੰਦ ਦੇ ਮਾਘ ਮਹੀਨੇ ਦੀ ਸੁਦੀ ਪੰਚਮੀ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ। ਭਾਵੇ ਇਸ ਨੂੰ ਬਸੰਤ ਰੁੱਤ ਦੀ ਆਰੰਭ ਮੰਨਿਆ ਜਾਂਦਾ ਹੈ ਪਰ ਇਸ ਦਾ ਬਸੰਤ ਰੁੱਤ ਨਾਲ ਕੋਈ ਸਬੰਧ ਨਹੀਂ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਸਦਾ ਹੀ ਇਕ ਖਾਸ ਸਮੇਂ ਤੇ ਆਰੰਭ ਹੁੰਦੀ ਹੈ, ਪਰ ਬਸੰਤ ਪੰਚਮੀ ਹਰ ਸਾਲ ਵੱਖ-ਵੱਖ ਸਮੇਂ ਤੇ ਆਉਂਦੀ ਹੈ। ਜਿਵੇ ਪਿਛਲੇ ਸਾਲ (2022 ਈ:) 5 ਫਰਵਰੀ ਅਤੇ ਇਸ ਸਾਲ (2023 ਈ:) ਵਿਚ 26 ਜਨਵਰੀ ਨੂੰ ਅਤੇ ਅਗਲੇ ਸਾਲ ਭਾਵ 2024 ਵਿੱਚ 14 ਫਰਵਰੀ ਨੂੰ ਆਵੇਗੀ। ਬਸੰਤ ਪੰਚਮੀ ਆਮ ਤੌਰ ਤੇ 20 ਜਨਵਰੀ ਤੋਂ 17 ਫਰਵਰੀ ਦੇ ਦਰਮਿਆਨ ਆਉਂਦੀ ਹੈ।

ਬਸੰਤ ਪੰਚਮੀ, ਜਿਸ ਨੂੰ 'ਸ੍ਰੀ ਪੰਚਮੀ' ਜਾਂ 'ਸਰਸਵਤੀ ਪੂਜਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦੇਵੀ ਸਰਸਵਤੀ ਨਾਲ ਮੰਨਿਆ ਜਾਂਦਾ ਹੈ। ਸਰਸਵਤੀ ਹਿੰਦੂ ਮੱਤ ਵਿੱਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਬਸੰਤ ਪੰਚਮੀ ਨੂੰ ਦੇਵੀ ਸਰਸਵਤੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿੱਚ ਦਰਜ ਕਹਾਣੀ ਮੁਤਾਬਕ ਸਰਸਵਤੀ ਨੂੰ ਬ੍ਰਹਮਾ ਦੀ ਪਤਨੀ ਮੰਨਿਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ।ਇਸ ਦਿਨ ਦੇ ਇਸ਼ਨਾਨ ਅਤੇ ਦਾਨ ਦਾ ਹਿੰਦੂ ਧਰਮ ਵਿੱਚ ਬਹੁਤ ਮਹੱਤਵ ਮੰਨਿਆ ਜਾਂਦਾ ਹੈ।ਬਸੰਤ ਪੰਚਮੀ ਵਾਲੇ ਦਿਨ ਕਈ ਥਾਂਵਾਂ ਉੱਤੇ ਸੰਗੀਤ ਸੰਮੇਲਨ ਅਤੇ ਕਵੀ-ਦਰਬਾਰ ਵੀ ਕਰਵਾਏ ਜਾਂਦੇ ਹਨ। ਜਿਥੇ ਇਸ ਦਿਨ ਪਤੰਗ ਬਾਜ਼ੀ ਦੇ ਮੁਕਾਬਲੇ ਹੁੰਦੇ ਹਨ, ਉਥੇ ਹੀ ਅੱਜ-ਕੱਲ ਚੀਨੀ ਡੋਰ ਕਾਰਨ ਦਰਦਨਾਕ ਹਾਦਸੇ ਵੀ ਵਾਪਰਦੇ ਹਨ।

ਬਸੰਤ, ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿੱਚ ਚਾਰ ਰੁੱਤਾਂ ਵਿੱਚੋਂ ਸਭ ਤੋਂ ਸੁਹਾਵਣੀ ਰੁੱਤ। ਆਪਣੇ ਦੇਸ਼ ਵਿਚ ਮੰਨੀਆਂ ਜਾਂਦੀਆਂ 6 ਰੁੱਤਾਂ ਵਿੱਚੋਂ ਇਕ ਰੁੱਤ, ਜੋ ਨਵੇ ਸਾਲ ਦੇ ਆਰੰਭ ਵਿਚ ਆਉਂਦੀ ਹੈ। ਬਸੰਤ ਰੁੱਤ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਪ੍ਰਭਾਵ ਘਟ ਜਾਂਦਾ ਹੈ, ਦਰਖ਼ਤਾਂ ਦੀਆਂ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ। ਪੰਜਾਬੀ ਅਖਾਣ ਵੀ ਇਸ ਦੀ ਤਸਦੀਕ ਕਰਦਾ ਹੈ। "ਆਈ ਬਸੰਤ-ਪਾਲਾ ਉਡੰਤ"।

ਉੱਤਰੀ ਅਰਧ ਗੋਲੇ ਵਿੱਚ, ਜਦੋਂ ਦਿਨ ਅਤੇ ਰਾਤ ਬਰਾਬਰ (ਅਰਚਹ ੲਤੁਨਿੋਣ) ਹੁੰਦੇ ਹਨ, ਉਸ ਦਿਨਤੋਂ ਬਸੰਤ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।ਜੇ ਸਾਲ ਦੀ ਵੰਡ ਚਾਰ ਰੁੱਤਾਂ ਵਿੱਚ ਕੀਤੀ ਜਾਵੇ ਤਾਂ ਇਸ ਤਰ੍ਹਾਂ ਹੁੰਦੀ ਹੈ। ਬਸੰਤ 20 ਮਾਰਚ ਤੋਂ 20 ਜੂਨ, ਗਰਮੀ 21 ਜੂਨ ਤੋਂ 21 ਸਤੰਬਰ, ਪਤਝੜ 22 ਸਤੰਬਰ ਤੋਂ 20 ਦਸੰਬਰ ਅਤੇ ਸਿਆਲ 21 ਦਸੰਬਰ ਤੋਂ 19 ਮਾਰਚ।ਆਪਣੇ ਦੇਸ਼ ਵਿੱਚ ਸਾਲ ਵੀ ਵੰਡ 6 ਰੁੱਤਾਂ ਵਿੱਚ ਕੀਤੀ ਗਈ ਹੈ। ਗੁਰਬਾਣੀ ਵਿੱਚ ਵੀ 6 ਰੁੱਤਾਂ ਦਾ ਹੀ ਜਿਕਰ ਹੈ। ਉਸ ਮੁਤਾਬਕ ਚੇਤ-ਵੈਸਾਖ ਬਸੰਤ ਰੁੱਤ, ਜੇਠ- ਹਾੜ ਗ੍ਰੀਖਮ ਰੁੱਤ, ਸਾਵਣ-ਭਾਦੋਂ ਬਰਸੁ ਰੁੱਤ, ਅੱਸੂ-ਕੱਤਕ ਸਰਦ ਰੁੱਤ, ਮੱਘਰ-ਪੋਹ ਸਿਸੀਅਰ ਰੁੱਤ ਅਤੇ ਮਾਘ-ਫੱਗਣ ਹਿਮਕਰ ਰੁੱਤ।




ਇਕ ਹੋਰ ਵਸੀਲੇ ਮੁਤਾਬਕ 6 ਰੁੱਤਾਂ ਦੀ ਵੰਡ ਇਉਂ ਕੀਤੀ ਗਈ ਹੈ, ਬਸੰਤ ਰੁੱਤ (Spirng) 18 ਫਰਵਰੀ ਤੋਂ 20 ਅਪ੍ਰੈਲ, ਗਰਮੀ (Summer) 21 ਅਪ੍ਰੈਲ ਤੋਂ 20 ਜੂਨ, ਬਰਸਾਤ (Monsoon) 21 ਜੂਨ ਤੋਂ 22 ਅਗਸਤ, ਪੱਤਝੜ (Autumn) 23 ਅਗਸਤ ਤੋਂ 22 ਅਕਤੂਬਰ, ਸਰਦ ਰੁੱਤ (Preiwnter) 23 ਅਕਤੂਬਰ ਤੋਂ 20 ਦਸੰਬਰ ਅਤੇ ਹਿਮਕਰ ਭਾਵ ਅੰਤ ਦੀ ਸਰਦੀ (Winter) 21 ਦਸੰਬਰ ਤੋਂ 17 ਫਰਵਰੀ।

ਗਰੈਗੋਰੀਅਨ ਕੈਲੰਡਰ (Troipcal year) ਜਿਸ ਦੇ ਸਾਲ ਦੀ ਲੰਬਾਈ ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ ਦੇ ਸਮੇਂ ਬਰਾਬਰ ਹੈ, ਮੁਤਾਬਕ ਕੀਤੀ ਗਈ ਉਪ੍ਰੋਕਤ ਵੰਡ ਜਿਆਦਾ ਢੁਕਵੀਂ ਹੈ। ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ1108) ਵਿੱਚ"ਰਥੁ ਫਿਰੇ" ਦਾ ਭਾਵ ਸੂਰਜ ਦੇ ਰੱਥ ਤੋਂ ਹੈ। ਜਦੋਂ ਸੂਰਜ ਉਤਰਾਇਣ ਨੂੰ ਜਾ ਰਿਹਾ ਹੁੰਦਾ ਹੈ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡਾ ਹੋ ਰਿਹਾ ਹੁੰਦਾ ਹੈ, ਤਾਂ 21 ਜੂਨ ਨੂੰ ਦਿਨ ਵੱਧਣੋ ਰੁਕ ਜਾਂਦਾ ਹੈ ਅਤੇ ਸੂਰਜ ਦਖਰਾਇਣ ਨੂੰ ਮੁੜ ਪੈਂਦਾ ਹੈ। ਉਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਹ ਘਟਨਾ 16 ਹਾੜ ਨੂੰ ਵਾਪਰਦੀ ਸੀ। ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ, ਅਸਲ ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਹੁਣ ਇਹ ਘਟਨਾ 7 ਹਾੜ ਨੂੰ ਵਾਪਰਦੀ ਹੈ। ਜੇ ਅਜੇ ਵੀ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫਰਕ ਵੱਧਦਾ ਹੀ ਜਾਵੇਗਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਤਾਂ ਆਲਮ ਹੀ ਨਿਰਾਲਾ ਹੈ। ਬਾਣੀ ਵਿੱਚ ਦਰਜ ਬਸੰਤ ਰਾਗ ਤੇ ਅਧਾਰਿਤ 'ਬਸੰਤ ਦੀ ਚੌਕੀ' ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਤੋਂ ਕੀਤਾ ਜਾਂਦਾ ਹੈ, ਅਤੇ ਸਮਾਪਤੀ ਹੋਲੇ ਮਹੱਲੇ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਜਾਂਦੀ ਹੈ। ਇਸ ਮੁਤਾਬਕ ਤਾਂ ਬਸੰਤ ਰੁੱਤ ਦਾ ਆਰੰਭ ਸੂਰਜੀ ਪੋਹ ਦੇ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਅਤੇ ਸਮਾਪਤੀ ਚੇਤ ਵਦੀ ਏਕਮ, ਭਾਵ ਹੋਲੇ ਮਹੱਲੇ ਵਾਲੇ ਦਿਨ ਹੁੰਦੀ ਹੈ। ਚੰਦ ਦੀ ਤਾਰੀਖ ਹੋਣ ਕਾਰਨ ਹੋਲੇ ਦੀ ਤਾਰੀਖ ਵੀ ਹਰ ਸਾਲ ਬਦਲ ਜਾਂਦੀ ਹੈ। ਜੋ ਹਰ ਸਾਲ ਤਕਰੀਬਨ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਆਉਂਦੀ ਹੈ। ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਗ੍ਰੀਖਮ ਰੁੱਤ ਦਾ ਆਰੰਭ ਵੀ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਹੀ ਹੋਵੇਗਾ। ਜਿਵੇ ਕਿ ਉੱਪਰ ਵੇਖ ਆਏ ਹਾਂ, ਇਹ ਮੰਨਣ ਯੋਗ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ, ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਜੀ ਵੱਲੋਂ ਉਚਾਰੀ ਗਈ ਪਾਵਨ ਪੰਗਤੀ, "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ927) ਵਿੱਚ ਸਪੱਸ਼ਟ ਤੌਰ ਤੇ ਦਰਜ ਹੈ ਕਿ ਬਸੰਤ ਦੀ ਰੁਤ ਚੇਤ-ਵੈਸਾਖ ਦੇ ਮਹੀਨਿਆਂ ਵਿੱਚ ਹੁੰਦੀ ਹੈ। ਫੇਰ ਪਤਾ ਨਹੀਂ ਕਿਉ ਸ਼੍ਰੋਮਣੀ ਕਮੇਟੀ ਬਸੰਤ ਰਾਗ ਦਾ ਗਾਇਨ 30 ਪੋਹ ਜਾਂ ਇਕ ਮਾਘ ਤੋਂ ਆਰੰਭ ਕਰਦੀ ਹੈ ਅਤੇ ਸਮਾਪਤੀ 18 ਫੱਗਣ ਤੋਂ 15 ਚੇਤ ਦਰਮਿਆਨ ਕਰਦੀ ਹੈ। ਪਰ, ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ। "ਹਿਮਕਰ ਰੁਤਿਮਨਿਭਾਵਤੀਮਾਘੁਫਗਣੁ ਗੁਣਵੰਤ ਜੀਉ" (ਪੰਨਾ929)

"ਬਸੰਤ ਦੀ ਚੌਕੀ" ਮਾਘ-ਫੱਗਣ ਦੇ ਮਹੀਨੇ ਲਾਉਣ ਦੀ ਮਰਯਾਦਾ ਕਦੋਂ ਅਤੇ ਕਿਸ ਨੇ ਬਣਾਈ ਹੈ? ਇਹ ਸਵਾਲ, ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਕੱਤਰ ਧਰਮ ਪ੍ਰਚਾਰ ਕਮੇਟੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬਾਨ, ਕਈ ਹਜ਼ੂਰੀ ਰਾਗੀ ਜਥਿਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਨੂੰ ਪੁੱਛ ਚੁੱਕੇ ਹਾਂ। ਕਿਸੇ ਨੇ ਵੀ ਤਸੱਲੀ ਬਖ਼ਸ਼ ਜਵਾਬ ਨਹੀ ਦਿੱਤਾ। ਖੈਰ, ਉਪ੍ਰੋਕਤ ਚਰਚਾ ਤੋਂ ਸਹਿਜੇ ਹੀ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰੁੱਤਾਂ ਦਾ ਸਬੰਧ ਸੂਰਜ ਦੁਵਾਲੇ ਧਰਤੀ ਦੀ ਚਾਲ ਨਾਲ ਹੈ ਨਾ ਕਿ ਧਰਤੀ ਦੁਵਾਲੇ ਚੰਦ ਦੀ ਚਾਲ ਨਾਲ। ਧਰਤੀ ਤੇ ਰੁੱਤਾਂ ਦੀ ਅਦਲਾ ਬਦਲੀ ਰੁੱਤੀ ਸਾਲ (Troipcal Year) ਦੀ ਲੰਬਾਈ ਮੁਤਾਬਕ ਹੁੰਦੀ ਹੈ,ਨਾ ਕਿ ਬਿਕ੍ਰਮੀ ਸਾਲ (Sidereal Year) ਮੁਤਾਬਕ। ਬਸੰਤ ਪੰਚਮੀ, ਸਰਸਵਤੀ ਦੀ ਪੂਜਾ ਦਾ ਤਿਉਹਾਰ ਹੈ ਨਾ ਕਿ ਬਸੰਤ ਰੁੱਤ ਦਾ ਆਰੰਭ। ਗੁਰਬਾਣੀ ਮੁਤਾਬਕ ਬਸੰਤ ਰੁੱਤ ਚੇਤ ਅਤੇ ਵੈਸਾਖ ਦੇ ਮਹੀਨੇ ਵਿੱਚ ਹੁੰਦੀ ਹੈ ਨਾਕਿ ਮਾਘ-ਫੱਗਣ ਵਿੱਚ,ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ "ਬਸੰਤ ਦੀ ਚੌਕੀ" ਭਾਵ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ।

# ਵਾਤਾਵਰਨ ਦੀ ਸੰਭਾਲ ਮਨੁੱਖਤਾ ਦਾ ਮੁੱਖ ਟੀਚਾ



ਸੰਜੀਵ ਸਿੰਘ ਸੈਣੀ
91-78889-66168

ਹਾਲ ਹੀ ਵਿਚ ਜ਼ੀਰਾ ਦੇ ਪਿੰਡ ਮਨਸੂਰਵਾਲ ਕਲਾਂ ਵਿੱਚ ਮੁੱਖ ਮੰਤਰੀ ਵਲੋਂ ਸ਼ਰਾਬ ਫੈਕਟਰੀ ਬੰਦ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਤਕਰੀਬਨ ਇਹ ਧਰਨਾ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਿਹਾ ਸੀ। ਕਿਸਾਨੀ ਅੰਦੋਲਨ ਤੋਂ ਬਾਅਦ ਫੈਕਟਰੀ ਖ਼ਿਲਾਫ਼ ਧਰਨੇ ਨੇ ਸਿੱਧ ਕਰ ਦਿੱਤਾ ਹੈ ਕਿ ਲੋਕਾਂ ਦੇ ਏਕੇ ਦੀ ਜਿੱਤ ਹੋਈ ਹੈ। ਕਿਸਾਨਾਂ ਵੱਲੋਂ ਵੀ ਇਸ ਧਰਨੇ ਵਿੱਚ ਵੱਡੀ ਪੱਧਰ ਤੇ ਸ਼ਮੂਲੀਅਤ ਕੀਤੀ ਗਈ ਸੀ। ਲਾਗਲੇ ਪਿੰਡਾਂ ਦਾ ਕਹਿਣਾ ਸੀ ਕਿ ਸ਼ਰਾਬ ਫੈਕਟਰੀ ਕਾਰਨ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ। ਪੀਣ ਵਾਲਾ ਪਾਣੀ ਖ਼ਰਾਬ ਹੋ ਚੁੱਕਿਆ ਸੀ।ਸਿਹਤ ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸ ਤੋਂ ਪਹਿਲੇ ਲੁਧਿਆਣਾ ਵਿਖੇ ਮੱਤੇਵਾੜਾ ਜੰਗਲ ਨੂੰ ਟੈਕਸਟਾਈਲ ਪਾਰਕ ਵਿੱਚ ਤਬਦੀਲ ਕਰਨ ਦਾ ਫੈਸਲਾ ਵੀ ਮਾਨ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਸੀ। ਹੁਣ ਇਹ ਦੂਜਾ ਫ਼ੈਸਲਾ ਹੈ ।ਜੋ ਕਿ ਸ਼ਲਾਘਾਯੋਗ ਹੈ। ਜੋ ਉਦਯੋਗ ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ ,ਅਜਿਹੇ ਉਦਯੋਗਾਂ ਦਾ ਕੀ ਫਾਇਦਾ? ਕਾਰਖਾਨਿਆਂ ਦੀਆਂ ਖੁੱਲ੍ਹੀਆਂ ਚਿੰਮਨੀਆਂ ਵਿੱਚੋਂ ਜ਼ਹਿਰੀਲਾ ਧੂੰਆਂ ਨਿਕਲਨ ਕਾਰਨ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਦਰਿਆਵਾਂ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ।ਨਿਜੀ ਸੁਆਰਥਾਂ ਕਾਰਨ ਇਨਸਾਨ ਕੁਦਰਤ ਨਾਲ ਲਗਾਤਾਰ ਖਿਲਵਾੜ ਕਰ ਰਿਹਾ ਹੈ। ਉੱਤਰਾਖੰਡ ਦੇ ਜੋਸ਼ੀ ਮੱਠ ਵਿਚ ਵੀ ਇਹੀ ਕੁੱਝ ਦੇਖਣ ਨੂੰ ਮਿਲ ਰਿਹਾ ਹੈ। ਲੋਕਾਂ ਦੇ ਘਰਾਂ ਵਿਚ ਉੱਥੇ ਦਰਾਰਾਂ ਆ ਚੁੱਕਿਆ ਹਨ।

ਜ਼ਿੰਦਗੀ ਖੂਬਸੂਰਤ ਹੈ। ਦਾਤਾ ਨੇ ਕੁਦਰਤ ਦੀ ਬਹੁਤ ਸੋਹਣੀ ਸਿਰਜਣਾ ਕੀਤੀ ਹੈ। ਅਸੀਂ ਕੁਦਰਤ ਦੇ ਹਰ ਲੁਫ਼ਤ ਦਾ ਅਨੰਦ ਮਾਣਦੇ ਹਾਂ। ਬਹੁਤ ਹੀ ਖ਼ੂਬਸੂਰਤ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਜੇ ਪਿਛਲੇ 20ਕੁ ਸਾਲ ਪਹਿਲਾਂ ਝਾਤੀ ਮਾਰੀਏ ਤਾਂ ਵਾਤਾਵਰਣ ਬਿਲਕੁਲ ਸਾਫ਼-ਸੁਥਰਾ ਨਜ਼ਰ ਆਉਂਦਾ ਸੀ। ਚਾਰੇ ਪਾਸੇ ਹਰਿਆਲੀ ਸੀ। ਬਿਮਾਰੀਆਂ ਲੋਕਾਂ ਨੂੰ ਬਹੁਤ ਘੱਟ ਸਨ। ਖੇਤਾਂ ਵਿਚ ਹੱਥੀਂ ਕੰਮ ਨੂੰ ਤਰਜੀਹ ਦਿੱਤੀ ਜਾਂਦੀ ਸੀ। ਕਿਸੇ ਵੀ ਇਨਸਾਨ ਨੂੰ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਜਾਂ ਹਿਰਨੀਆਂ , ਪਥਰੀਆਂ ਦੀ ਕੋਈ ਦਿੱਕਤ ਨਹੀਂ ਸੀ। ਘਰ ਦੇ ਖਾਣੇ ਨੂੰ ਤਰਜੀਹ ਦਿੱਤੀ ਜਾਂਦੀ ਸੀ ।ਮਿਲਾਵਟ ਬਿਲਕੁੱਲ ਵੀ ਨਹੀਂ ਸੀ ।ਰੁੱਖ ਹੀ ਰੁੱਖ ਨਜ਼ਰ ਆਉਂਦੇ ਸਨ। ਸਾਉਣ ਮਹੀਨੇ ਵਿੱਚ ਤਾਂ ਬਹੁਤ ਜ਼ਿਆਦਾ ਮੀਂਹ ਪਿਆ ਕਰਦਾ ਸੀ। ਗਰਮੀ ਵੀ ਘੱਟ ਲੱਗਦੀ ਸੀ । ਲੋਕਾਂ ਵਿੱਚ ਪੈਸੇ ਦੀ ਹੋੜ ਬਿਲਕੁਲ ਵੀ ਨਹੀਂ ਸੀ। ਇਨਸਾਨ ਇਨਸਾਨ ਦੀ ਕਦਰ ਕਰਦਾ ਸੀ। ਜ਼ਮਾਨਾ ਬਦਲਿਆ। ਪੱਛਮੀ ਸੱਭਿਆਚਾਰ ਦਾ ਅਸਰ ਦਿਖਣਾ ਸ਼ੁਰੂ ਹੋਇਆ।ਜਿਸ ਕੰਮ ਲਈ ਦਾਤੇ ਨੇ ਇਨਸਾਨ ਨੂੰ ਧਰਤੀ ਤੇ ਭੇਜਿਆ ਸੀ, ਉਹ ਕੰਮ ਅੱਜ ਦਾ ਇਨਸਾਨ ਭੁਲਾ ਕੇ ਕੁਝ ਹੋਰ ਕਰ ਰਿਹਾ ਹੈ। ਨਿੱਜੀ ਸਵਾਰਥਾਂ ਲਈ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ। ਅੱਜ ਸਾਰਾ ਵਾਤਾਵਰਣ ਜ਼ਹਿਰੀਲਾ ਹੋ ਗਿਆ ਹੈ। ਖਾਣ ਪੀਣ ਦਾ ਕੁਝ ਵੀ ਸ਼ੁੱਧ ਨਹੀਂ ਰਿਹਾ ਹੈ। ਹਵਾ ਤੱਕ ਜ਼ਹਿਰੀਲੀ ਹੋ ਚੁੱਕੀ ਹੈ।ਕਹਿਣ ਦਾ ਮਤਲਬ ਹੈ ਕਿ ਪੌਣ, ਪਾਣੀ,ਖਾਣਾ ਸਭ ਦੂਸ਼ਿਤ ਹੋ ਚੁੱਕਿਆ ਹੈ।ਖਾਣ ਵਿੱਚ ਤਾਂ ਨਿਰਾ ਜ਼ਹਿਰ ਹੈ। ਫੈਕਟਰੀਆਂ ਦੀ ਖੁੱਲੀ ਚਿੰਮਨੀਆਂ ਚੋਂ ਨਿਕਲਣ ਵਾਲਾ ਧੂੰਆਂ ਵਾਤਾਵਰਣ ਨੂੰ ਪਲੀਤ ਕਰ ਰਿਹਾ ਹੈ।

ਸਾਡੀ ਸਿਹਤ ਹੀ ਅਸਲੀ ਧਨ ਦੌਲਤ ਹੈ । ਪਰ ਹੁਣ ਹਵਾ, ਪਾਣੀ , ਵਿੱਚ ਮਿਲਾਵਟ ਹੋ ਚੁੱਕੀ ਹੈ ।ਭਾਰਤ ਬੇਸ਼ੱਕ ਪ੍ਰਦੂਸ਼ਣ ਦੇ ਮਾਮਲੇ ਵਿੱਚ ਪੰਜਵੇਂ ਸਥਾਨ ਤੇ ਆਉਂਦਾ ਹੈ ਪਰ ਦਿੱਲੀ ਅਤੇ ਗਾਜ਼ੀਆਬਾਦ ਦੇ ਪ੍ਰਦੂਸ਼ਣ ਨੇ ਚਿੰਤਾਵਾਂ 'ਚ ਵਾਧਾ ਕੀਤਾ ਹੈ । ਦੀਵਾਲੀ ਨੂੰ ਦਿੱਲੀ ਦੀ ਆਬੋ-ਹਵਾ ਬਹੁਤ ਜ਼ਿਆਦਾ ਖਰਾਬ ਹੋ ਚੁੱਕੀ ਸੀ। ਪੰਜਾਬ ਵਿੱਚ ਵੀ ਪ੍ਰਦੂਸ਼ਣ ਦਾ ਪੱਧਰ ਬਹੁਤ ਵੱਧ ਗਿਆ ਸੀ। ਖੇਤਾਂ ਵਿਚ ਪਰਾਲੀ ਆਮ ਜਲਾਈ ਜਾਂਦੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਇਸ ਦਾ ਕੋਈ ਬਦਲ ਨਹੀਂ ਹੈ। ਪਰਾਲੀ ਜਲਾਉਣ ਨਾਲ ਸਾਰਾ ਵਾਤਾਵਰਣ ਪ੍ਰਦੂਸ਼ਿਤ ਹੋ ਜਾਂਦਾ ਹੈ। ਸੜਕਾਂ ਤੇ ਧੂੰਆਂ ਹੀ ਪਸਰ ਜਾਂਦਾ ਹੈ। ਜਿਸ ਕਾਰਨ ਰਾਹਗੀਰਾਂ ਨੂੰ ਬਹੁਤ ਮੁਸ਼ਕਿਲ ਆਉਂਦੀ ਹੈ। ਸੜਕ ਦੁਰਘਟਨਾਵਾਂ ਵਿੱਚ ਕਈ ਜਣਿਆਂ ਦੀ ਜਾਨ ਵੀ ਗਈ ਹੈ। ਕਿਉਂਕਿ ਸਾਰੇ ਪਾਸੇ ਧੂੰਆਂ ਹੀ ਧੂੰਆਂ ਪਸਰ ਜਾਂਦਾ ਹੈ। ਜਿਸ ਕਾਰਨ ਵਾਹਨ ਆਪਸ ਵਿੱਚ ਟਕਰਾ ਜਾਂਦੇ ਹਨ।



ਪ੍ਰਦੂਸ਼ਣ ਕੁਦਰਤੀ ਵਾਤਾਵਰਣ ਵਿੱਚ ਗੰਦਗੀ ਦੀ ਪਹਿਚਾਣ ਹੈ। ਤਾਜ਼ਾ ਸਰਵੇਖਣ ਮੁਤਾਬਕ ਪੰਜਾਬ ਦੇ 21 ਸ਼ਹਿਰੀ ਪ੍ਰਦੂਸ਼ਣ ਨਾਲ ਪ੍ਰਭਾਵਿਤ ਹਨ ।ਹਵਾ ਪ੍ਰਦੂਸ਼ਣ ਨਾਲ ਨਾ ਸਿਰਫ਼ ਮਨੁੱਖੀ ਸਗੋਂ ਕੁਦਰਤੀ ਬਨਸਪਤੀ, ਜਾਨਵਰ ਵੀ ਪ੍ਰਭਾਵਿਤ ਹੋਏ ਹਨ। ਕੈਂਸਰ, ਦਿਲ ਦੀਆਂ ਬਿਮਾਰੀਆਂ, ਚਮੜੀ ਦੇ ਰੋਗ, ਹਵਾ ਪ੍ਰਦੂਸ਼ਣ ਕਾਰਨ ਵੱਧ ਰਹੇ ਹਨ। ਵਾਤਾਵਰਨ ਦੇ ਪ੍ਰਦੂਸ਼ਣ ਨੂੰ ਵਧਾਉਣ ਵਿੱਚ ਗੈਰ ਕਾਨੂੰਨੀ ਮਾਈਨਿੰਗ, ਰੁੱਖਾਂ ਦੀ ਕਟਾਈ ਵੀ ਅਹਿਮ ਜ਼ਿੰਮੇਵਾਰ ਹੈ। ਸੂਬੇ ਦੇ ਤਾਪ ਬਿਜਲੀ ਉਤਪਾਦਨ ਵੀ ਪ੍ਰਦੂਸ਼ਣ ਫੈਲਾਉਣ 'ਚ ਅਹਿਮ ਭਾਗੀਦਾਰ ਹਨ। ਵਿਕਾਸ ਅਤੇ ਖੁਸ਼ਹਾਲੀ ਕਾਰਨ ਆਵਾਜਾਈ ਦੇ ਤਰੀਕਿਆਂ ਅਤੇ ਵਾਹਨਾਂ ਦੀ ਗਿਣਤੀ ਚ ਵੀ ਭਾਰੀ ਵਾਧਾ ਹੋਇਆ ਹੈ। ਅਤੇ ਦੇਸ਼ ਦੀ ਵਧਦੀ ਆਬਾਦੀ ਨੇ ਵੀ ਸਥਿਤੀ ਨੂੰ ਹੋਰ ਗੰਭੀਰ ਬਣਾਇਆ ਹੈ।ਹਾਲ ਹੀ ਵਿੱਚ ਭਾਰਤ ਦੀ ਜਨਸੰਖਿਆ 8 ਅਰਬ ਹੋਣ ਦੀ ਖ਼ਬਰ ਅਸੀਂ ਪੜੀ ਹੈ। ਚੀਨ ਆਬਾਦੀ ਪੱਖੋਂ ਮੁਲਕ ਦਾ ਸਭ ਤੋਂ ਪਹਿਲਾ ਦੇਸ਼ ਹੈ। ਆਉਣ ਵਾਲੇ ਕੁਝ ਵਰ੍ਹਿਆਂ ਵਿੱਚ ਭਾਰਤ ਨੰਬਰ ਵੰਨ ਮੁਲਕ ਬਣਨ ਜਾ ਰਿਹਾ ਹੈ । ਚੀਨ ਨੇ ਆਬਾਦੀ ਨੂੰ ਕੰਟਰੋਲ ਕਰਨ ਲਈ ਆਪਣਾ ਰਾਹ ਲੱਭ ਲਿਆ ਹੈ। ਹੁਣ ਭਾਰਤ ਨੂੰ ਵੀ ਆਬਾਦੀ ਨੂੰ ਕੰਟਰੋਲ ਕਰਨ ਲਈ ਕੋਈ ਰਣਨੀਤੀ ਉਲੀਕਣੀ ਚਾਹੀਦੀ ਹੈ।ਦਿਨੋ-ਦਿਨ ਆਬਾਦੀ ਵਧਦੀ ਜਾ ਰਹੀ ਹੈ। ਆਬਾਦੀ ਨੂੰ ਵਸਾਉਣ ਲਈ ਨਾਮੀ ਕੰਪਨੀਆਂ ਵੱਲੋਂ ਵੱਖ ਵੱਖ ਖੇਤਰਾਂ ਵਿਚ ਫਲੈਟ ਉਸਾਰੇ ਜਾ ਰਹੇ ਹਨ। ਜਿਸ ਕਾਰਨ ਜੰਗਲਾਂ ਦੀ ਕਟਾਈ ਹੋ ਰਹੀ ਹੈ। ਲਗਾਤਾਰ ਜੰਗਲਾਂ ਦੀ ਕਟਾਈ ਕਾਰਨ ਪ੍ਰਦੂਸ਼ਣ ਵੱਧ ਰਿਹਾ ਹੈ। ਜਿਸ ਕਾਰਨ ਲੋਕ ਜ਼ਹਿਰੀਲੀ ਹਵਾ ਚ ਜੀਅ ਰਹੇ ਹਨ।

ਹੁਣ ਤਾਂ ਹਾਲ ਹੀ ਵਿੱਚ ਨਸ਼ਰ ਹੋਈ ਇੱਕ ਰਿਪੋਰਟ ਮੁਤਾਬਕ ਪੰਜਾਬ ਦਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ।ਹਾਲ ਹੀ ਵਿੱਚ ਪਾਈਪਾਂ ਰਾਹੀਂ ਘਰਾਂ ਵਿੱਚ ਪਾਣੀ ਜਾਂਦਾ ਹੈ ਉਸ ਦੀ ਗੁਣਵੱਤਾ ਚੈਕ ਕਰਵਾਈ ਗਈ। ਦਿੱਲੀ ਸਮੇਤ ਅਨੇਕ ਸ਼ਹਿਰਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ ।ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵੀ ਅੱਠਵੇਂ ਨੰਬਰ ਤੇ ਆ ਗਿਆ ।40 ਫੀਸਦੀ ਪਾਣੀ ਖਰਾਬ ਹੋ ਚੁੱਕਾ ਹੈ। ਹਵਾ ਤਾਂ ਪਲੀਤ ਹੋਈ ਹੀ ਸੀ, ਹੁਣ ਪੀਣ ਵਾਲਾ ਪਾਣੀ ਵੀ ਪੀਣ ਯੋਗ ਨਹੀਂ ਰਿਹਾ ਹੈ। ਕਈ ਤੱਤਾਂ ਜਿਵੇਂ ਲੈਂਡ, ਕੈਡਮੀਅਮ, ਕ੍ਰੋਮੀਅਮ ਅਤੇ ਹੋਰ ਜਲਣਸ਼ੀਲ ਰਸਾਇਣ ਪਾਣੀ ਵਿੱਚ ਮਿਲ ਚੁੱਕੇ ਹਨ ।ਪਹਿਲਾਂ ਹੀ ਪੰਜਾਬ ਦੇ ਕਈ ਜ਼ਿਲ੍ਹੇ ਕੈਂਸਰ ਦੀ ਮਾਰ ਹੇਠ ਹਨ। ਪੰਜਾਬ ਸਰਕਾਰ ਨੇ ਮਾਲਵਾ ਖੇਤਰ ਵਿੱਚ ਅਜਿਹੇ ਪਲਾਂਟ ਲਗਾਏ ਹਨ ਜੋ ਸਾਫ਼ ਤੇ ਸੁਰੱਖਿਅਤ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ । ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਇਹ ਮੁੱਦਾ ਜ਼ੋਰ ਸ਼ੋਰ ਨਾਲ ਉਠਾਉਣਾ ਚਾਹੀਦਾ ਹੈ, ਤਾਂ ਕਿ ਸਮਾਂ ਰਹਿੰਦਿਆਂ ਠੋਸ ਨੀਤੀ ਬਣਾ ਕੇ ਉਸ ਤੇ ਅਮਲ ਦਰਾਮਦ ਹੋ ਸਕੇ ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਰੁੱਕ ਸਕੇ । ਪਿੱਛੇ ਜਿਹੇ ਖ਼ਬਰ ਵੀ ਪੜ੍ਹਨ ਨੂੰ ਮਿਲੀ ਕਿ ਕੈਮੀਕਲ ਫੈਕਟਰੀਆਂ ਰਾਹੀਂ ਧਰਤੀ ਦੇ ਅੰਦਰ ਬੋਰ ਕਰਕੇ ਜ਼ਹਿਰੀਲਾ ਪਾਣੀ ਛੱਡਿਆ ਜਾ ਰਿਹਾ ਹੈ। ਡੇਰਾਬਸੀ ਲਾਗੇ ਘੱਗਰ ਦੇ ਪਾਣੀ ਵਿੱਚ ਫੈਕਟਰੀਆਂ ਦਾ ਗੰਦਾ ਜ਼ਹਿਰੀਲਾ ਪਾਣੀ ਮਿਲਾਇਆ ਜਾ ਰਿਹਾ ਹੈ। ਜਿਸ ਕਾਰਨ ਕੁਦਰਤੀ ਜੀਵ ਜੰਤੂ ਵੀ ਪ੍ਰਭਾਵਿਤ ਹੋਏ ਹਨ। ਚੇਤੇ ਕਰਵਾ ਦੇਈਏ ਕਿ ਜਦੋਂ ਕੋਰੋਨਾ ਕਾਰਨ ਤਾਲਾਬੰਦੀ ਸੀ ਤਾਂ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਸਾਰਾ ਭਾਰਤ ਸਾਫ਼ ਸੁਥਰਾ ਹੋ ਚੁਕਿਆ ਸੀ। ਵਾਤਾਵਰਣ ਸ਼ੁੱਧ ਸੀ ।

ਪਿੱਛੇ ਜਿਹੇ ਖ਼ਬਰ ਵੀ ਪੜ੍ਹਨ ਨੂੰ ਮਿਲੀ ਸੀ ਕਿ ਕਿਸੇ ਫੈਕਟਰੀ ਨੇ ਜ਼ਹਿਰੀਲੇ ਪਾਣੀ ਨੂੰ ਧਰਤੀ ਹੇਠ ਛੱਡਿਆ ਸੀ। ਪੈਸੇ ਦੀ ਤਾਂ ਇੰਨੀ ਹੋੜ ਲੱਗ ਚੁੱਕੀ ਹੈ ਕਿ ਚਾਹੇ ਜੋ ਮਰਜ਼ੀ ਕਿਸੇ ਦੀ ਸਿਹਤ ਨਾਲ ਹੋਵੇ ,ਕਿਸੇ ਨੂੰ ਵੀ ਪਰਵਾਹ ਨਹੀਂ ਹੈ। ਕਈ ਸੂਬਿਆਂ ਵਿੱਚ ਸ਼ਰਾਬ ਤੇ ਪੂਰਨ ਪਾਬੰਦੀ ਹੈ। ਫ਼ਿਰ ਵੀ ਉਹ ਸੂਬੇ ਵਧੀਆ ਤਰੱਕੀ ਕਰ ਰਹੇ ਹਨ। ਅਜਿਹੀ ਸ਼ਰਾਬ ਫ਼ੈਕਟਰੀਆਂ ਜਿਨ੍ਹਾਂ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉਨ੍ਹਾਂ ਦਾ ਕੀ ਫ਼ਾਇਦਾ ? ਸੂਬੇ ਅੰਦਰ ਹੋਰ ਵੀ ਸੱਨਅਤਕਾਰਾਂ ਨੂੰ ਕੰਨ ਹੋ ਗਏ ਹੋਣੇ। ਸਾਰਿਆਂ ਨੂੰ ਪਤਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਨਾਜਾਇਜ਼ ਮਾਈਨਿੰਗ ਦਾ ਧੰਦਾ ਜ਼ੋਰਾਂ ਤੇ ਚਲ ਰਿਹਾ ਹੈ। ਜੇ ਨਾਜਾਇਜ਼ ਮਾਇਨਿੰਗ ਨੂੰ ਸਖਤੀ ਨਾਲ ਰੋਕਿਆ ਜਾਵੇ, ਤਾਂ ਸੂਬੇ ਦਾ ਖਜ਼ਾਨਾ ਪ੍ਰਫੁੱਲਿਤ ਹੋ ਜਾਵੇਗਾ। ਹੋਰ ਵੀ ਬਹੁਤ ਸਾਧਨ ਹਨ ,ਜਿਸ ਨਾਲ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁੰਗਾਰਾ ਮਿਲੇਗਾ। ਸਹੀ ਵੀ ਹੈ ਉਦਯੋਗ ਨੀਤੀ ਨਾਲ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ ਹੈ। ਜੋ ਸਨੱਅਤ ਗੈਰਕਾਨੂੰਨੀ ਤਰੀਕੇ ਨਾਲ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੇ ਹਨ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ । ਖੇਤਾਂ ਵਿਚੋਂ ਵਾਧੂ ਫਸਲ ਲਈ ਕਈ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਪ੍ਰਦੂਸ਼ਣ ਬਹੁਤ ਗੰਭੀਰ ਸਮੱਸਿਆ ਬਣ ਚੁੱਕੀ ਹੈ। ਇਹ ਮੁੱਦਾ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਸੂਬਾ ਸਰਕਾਰਾਂ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਵਧੀਆ ਉਦਯੋਗ ਨੀਤੀ ਉਲੀਕਣੀ ਚਾਹੀਦੀ ਹੈ ,ਜਿਸ ਕਾਰਨ ਵਾਤਾਵਰਣ ਵੀ ਪ੍ਰਦੂਸ਼ਿਤ ਨਾ ਹੋਵੇ।

# ਸ਼ੁੱਧ ਮਿਆਰੀ ਸੰਗੀਤ ਅਤੇ ਸੰਗੀਤਕਾਰ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਰਾਜ ਕਰਦੇ ਹਨ- ਪ੍ਰੋਫ਼ੈਸਰ ਅਰੁਣਾ ਰੰਦੇਵ

## ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਐਮ ਏ ਸੰਗੀਤ ਦੀ ਸ਼ੁਰੂਆਤ ਇਲਾਕੇ ਲਈ ਵਰਦਾਨ- ਡਾ ਰਾਜੇਸ਼ ਮੋਹਨ

**ਕੋਟਕਪੂਰਾ-** ਸ਼ੁੱਧ ਅਤੇ ਮਿਆਰੀ ਸੰਗੀਤ ਨੂੰ ਸਮਰਪਿਤ ਸੰਸਥਾ ਸੁਰ ਆਂਗਨ ਨੌਜਆਨਾਂ ਵਿਚ ਸੰਗੀਤ ਦੇ ਸਹੀ ਸਵਰੂਪ ਨੂੰ ਪਹੁੰਚਾਉਣ ਲਈ ਸਕੂਲਾਂ ਕਾਲਜਾਂ ਅਤੇ ਸਮਾਜਿਕ ਤੌਰ ਤੇ ਚੇਤੰਨ ਅਤੇ ਸਰਗਰਮ ਸਖਸ਼ੀਅਤਾਂ ਦੇ ਘਰਾਂ ਵਿੱਚ ਸੁਰੀਲੇ ਫ਼ਨਕਾਰ ਤਹਿਤ ਸੰਗੀਤਕ ਮਹਿਫ਼ਿਲਾਂ ਅਤੇ ਸਮਾਂਗਮ ਕਰਵਾ ਰਹੀ ਹੈ ।ਇਸੇ ਲੜ੍ਹੀ ਵਿਚ ਪ੍ਰਸਿੱਧ ਇਤਿਹਸਕਾਰ ਅਤੇ ਕਲਾਕਾਰ ਡਾ ਸੁਭਾਸ਼ ਪਰਿਹਾਰ ਦੀ ਮੇਜ਼ਬਾਨੀ ਵਿਚ ਇਕ




ਮਹਿਫ਼ਿਲ ਸਜਾਈ ਗਈ। ਜਿਸ ਦਾ ਮੁੱਖ ਆਕਰਸ਼ਨ ਸੰਗੀਤ ਵਿਭਾਗ ਬ੍ਰਿਜਿੰਦਰਾ ਕਾਲਜ ਦੀ ਯੁਵਾ ਕਲਾਕਾਰ ਅਮਨਪ੍ਰੀਤ ਕੌਰ ਰਹੀ। ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪ੍ਰਸਿੱਧ ਸੰਗੀਤਕਾਰ ਪ੍ਰੋਫ਼ੈਸਰ ਅਰੁਣਾ ਰਣਦੇਵ ਹਾਜ਼ਿਰ ਹੋਏ।

ਸੁਰ ਆਂਗਨ ਦੇ ਮੁੱਖ ਸੰਚਾਲਕ ਡਾ। ਰਾਜੇਸ਼ ਮੋਹਨ ਨੇ ਅਤੇ ਹੋਏ ਮਹਿਮਾਨਾਂ ਅਤੇ ਕਲਾਕਾਰਾਂ ਦਾ ਸੁਆਗਤ ਕੀਤਾ ਅਤੇ ਯੁਵਾ ਕਲਾਕਾਰ ਅਮਨਪ੍ਰੀਤ ਕੌਰ ਦੇ ਸੰਗੀਤਕ ਸਫ਼ਰ ਤੇ ਵਿਸਥਾਰ ਸਹਿਤ ਚਾਨਣਾ ਪਾਇਆ ਇਸ ਮਹਫ਼ਿਲ ਦੀ ਵਿਸ਼ੇਸ਼ ਮਹਿਮਾਨ ਪ੍ਰੋਫ਼ੈਸਰ ਅਰੁਣਾ ਰਣਦੇਵ ਨੇ ਸੁਰ ਆਂਗਨ ਵਲੋਂ ਡਾ ਰਾਜੇਸ਼ ਮੋਹਨ ਦੀ ਰਹਿਨੁਮਾਈ ਚ ਚਲਾਈ ਜਾ ਰਹੀ ਇਸ ਮੁਹਿੰਮ ਲਈ ਮੁਬਾਰਕਬਾਦ ਪੇਸ਼ ਕੀਤੀ ਅਤੇ ਨੌਜੁਆਨਾਂ ਵਿਚ ਨਸ਼ਿਆਂ ਹਥਿਆਰਾਂ ਅਤੇ ਅਸ਼ਲੀਲ ਗੀਤਾਂ ਪ੍ਰਤੀ ਜਾਗਰੂਕਤਾ ਫੈਲਾਉਣ ਨੂੰ ਅਤੀ ਜ਼ਰੂਰੀ ਸਮਝਣ ਦੀ ਇਸ ਕੋਸ਼ਿਸ਼ ਵਿਚ ਸੁਰ ਆਂਗਨ ਨੂੰ ਹਰ ਸੰਭਵ ਸਹਿਯੋਗ ਦੇਣ ਲਈ ਭਰੋਸਾ ਦਵਾਇਆ ਅਤੇ ਸਰਸਵਤੀ ਵੰਦਨਾ ਅਤੇ ਤਰਾਨਾ ਰਾਗ ਭੀਮਪਲਾਸੀ ਗਾ ਕੇ ਸੰਗੀਤਕ ਸ਼ੁਰੂਆਤ ਕੀਤੀ। ਇਸ ਉਪਰੰਤ ਮੰਚ ਸੰਚਾਲਨ ਸੁਰ ਆਂਗਨ ਦੀ ਯੁਵਾ ਸਯੋਜਕ ਮਨਪ੍ਰੀਤ ਕੌਰ ਨੇ ਕੀਤਾ ਅਤੇ ਯੁਵਾ ਕਲਾਕਾਰ ਸੰਦੀਪ ਸਿੰਘ ਵੱਲੋਂ "ਬਹਾਰੋਂ ਕੋ ਚਮਨ ਯਾਦ ਆਗਿਆ ਹੈ" ਗ਼ਜ਼ਲ ਪੇਸ਼ ਕੀਤੀ। ਸੁਰ ਆਂਗਨ ਦੀ ਸਟਾਰ ਕਲਾਕਾਰ ਕਿਰਨਦੀਪ ਵਲੋਂ "ਸੱਜਣਾ ਰਾਹ ਤੇਰਾ" ਤੇ "ਬੜੇ ਬੇ ਮੁਰਾਵਤ" ਗਾ ਕੇ ਗ਼ਜ਼ਲ ਗਾਇਕੀ ਲਈ ਸਾਜ਼ਗਾਰ ਮਾਹੌਲ ਤਿਆਰ ਕਰ ਦਿੱਤਾ ਪ੍ਰਸਿੱਧ ਪਾਕਿਸਤਾਨੀ ਗੁਲਕਾਰ ਮਹਨਾਜ਼ ਦੁਆਰਾ ਗਈ ਗਈ ਗ਼ਜ਼ਲ ਰੰਗ ਬਤੇ ਕਰੇ ਦੀ ਪੇਸ਼ਕਾਰੀ ਮਧੁਰ ਅਤੇ ਸੁਰੀਲੀ ਆਵਾਜ਼ ਦੀ ਮਾਲਕ ਮਨਪ੍ਰੀਤ ਨੇ ਕੀਤੀ ਅਤੇ ਉਭਰਦੇ ਹੋਏ ਗ਼ਜ਼ਲ ਗਾਇਕ ਦੁਸ਼ਯੰਤ ਕਬੀਆ ਨੇ ਪ੍ਰਸਿੱਧ ਪਾਕਿਸਤਾਨੀ ਗ਼ਜ਼ਲ "ਹੰਗਾਮਾ ਹੈ ਕਿਓ ਬਰਪਾ" ਗਾ ਕੇ ਇਸ ਮਹਫ਼ਿਲ ਨੂੰ ਰਾਗ ਦਰਬਾਰੀ ਦੇ ਰੰਗ ਵਿਚ ਸਰਗਮਾਂ ਆਲਾਪ ਅਤੇ ਤਾਨਾ ਨਾਲ ਰੰਗ ਦਿੱਤਾ ਇਸ ਤੋਂ ਬਾਅਦ ਨੇ ਗ਼ਜ਼ਲਾਂ ਗੀਤਾਂ ਅਤੇ ਨਜ਼ਮਾਂ ਗਾ ਕੇ ਅਦਬ ਅਤੇ ਸੰਗੀਤ ਦੀ ਸ਼ੰਮਾਂ ਨਾਲ ਮਹਫ਼ਿਲ ਨੂੰ ਪੁਰਨੂਰ ਕਰ ਦਿੱਤਾ। ਅਮਨਦੀਪ ਨੇ ਆਪਣੇ ਗਾਯਨ ਦੀ ਸ਼ੁਰੂਆਤ ਮੀਰ ਦੇ ਕਲਾਮ ਉਲਟੀ ਹੋ ਗਈ ਸਭ ਤੜਬੀਰੇਂ ਨਾਲ ਕੀਤਾ । ਇਸ ਉਪਰੰਤ ਉਸਨੇ ਸ਼ਕੀਲ ਦੀ ਗ਼ਜ਼ਲ ਦੂਰ ਹੈ ਮੰਜ਼ਿਲ ਦੀ ਪੇਸ਼ਕਾਰੀ ਕੀਤੀ । ਮਸ਼ਹੂਰ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਦੋ ਨਜ਼ਮਾਂ "ਲਾਜ਼ਿਮ ਹੈ ਕਿ ਹਮ ਭੀ ਦੇਖੇਗੇ" ਅਤੇ "ਸ਼ਾਮੇ ਤਨਹਾਈ" ਦੇ ਨਾਲ ਉਸਨੇ ਨਜ਼ਮ ਨੂੰ ਗਾਇਕੀ ਵਿੱਚ ਕਿਸ ਤਰ੍ਹਾਂ ਸਬਰ ਅਤੇ ਤਹਮੁਲ ਨਾਲ ਪੇਸ਼ ਕੀਤਾ ਜਾਂਦਾ ਹੈ ਇਸ ਦੀ ਉਦਾਹਰਨ ਪੇਸ਼ ਕੀਤੀ ਇਸ ਉਪਰੰਤ ਗੀਤ "ਪਾਯਲ ਮੇਂ ਗੀਤ ਹੈ ਛਮ ਛਮ ਕੇ" , ਠੁਮਰੀ "ਹਮਰੀ ਅਟਰੀਆ ਪੇ" ਅਤੇ ਡਾ।ਰਾਜੇਸ਼ ਮੋਹਨ ਦੀ ਗ਼ਜ਼ਲ "ਮੈਂ ਗੈਰ ਸੇ ਬੋਲੁ ਤੋ ਗਵਾਰਾ ਨਹੀਂ ਕਰਤੇ" ਪੇਸ਼ ਕੀਤੀ ਅਤੇ ਆਪਣੀ ਗ਼ਜ਼ਲ ਗਾਇਕੀ ਦੇ ਪ੍ਰਤੀ ਸਮਰਪਣ ਦੀ ਖ਼ੂਬਸੂਰਤ ਉਦਾਹਰਣ ਪੇਸ਼ ਕੀਤੀ ਇਕ਼ਬਾਲ ਬਾਨੂ, ਬੇਗ਼ਮ ਅਖ਼ਤਰ ਅਤੇ ਫ਼ਰੀਦਾ ਖੰਨੁਮ ਦੀਆਂ ਗਾਈਆਂ ਹੋਈਆਂ ਕਈ ਖ਼ੂਬ ਸੂਰਤ ਚੀਜ਼ਾਂ ਨੂੰ ਪੇਸ਼ ਕਰਕੇ ਇਸ ਮਹਫ਼ਿਲ ਵਿਚ ਆਪਣੀ ਆਵਾਜ਼ ਨਾਲ ਸੂਫ਼ੀਆਨਾ ਅਤੇ ਸ਼ਾਇਰਾਨਾ ਰੰਗ ਭਰੇ ਅੰਤ ਵਿਚ ਡਾ ਰਾਜੇਸ਼ ਮੋਹਨ ਨੇ ਸਰੋਤਿਆਂ ਦੀ ਫਰਮਾਇਸ਼ ਤੇ ਆਪਣੇ ਮਸ਼ਹੂਰ ਗੀਤ "ਸੱਜਣ ਦੇ ਰੰਗ ਬਿਰੰਗੇ ਬੋਲ" ਰਾਗ ਦੇਸ਼ ਤੇ ਅਧਾਰਿਤ ਧੁਨ ਵਿਚ ਪੇਸ਼ ਕੀਤਾ।ਇਸ ਮਹਫ਼ਿਲ ਦੇ ਮੇਜ਼ਬਾਨ ਡਾ ਸੁਭਾਸ਼ ਪਰਿਹਾਰ ਨੇ ਆਏ ਹੋਏ ਮਹਿਮਾਨਾਂ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ ਇਸ ਮਹਿਫ਼ਿਲ ਵਿਚ ਖਾਸ ਤੌਰ ਤੇ ਹਾਜ਼ਿਰ ਸਖਸ਼ੀਅਤਾਂ ਵਿਚ ਸ਼੍ਰੀ ਸਤੀਸ਼ ਰਣਦੇਵ, ਪ੍ਰੋਫ਼ੈਸਰ ਹਰਬੰਸ ਸਿੰਘ ਪਦਮ, ਇੰਜੀਨੀਅਰ ਮੱਖਣ ਸਿੰਘ , ਸੰਗੀਤ ਅਧਿਆਪਕ ਮਨਜੀਤ ਸਿੰਘ, ਨਟਵਰ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਤਬਲੇ ਤੇ ਸੰਗਤ ਯੁਵਾ ਤਬਲਾ ਵਾਦਕ ਸਾਹਿਲ ਤੈਗੋਰਿਆਂ ਨੇ ਕੀਤੀ।

## ਵਿਅੰਗਮਈ ਵਾਰਤਾ

# ਰੱਬ ਨਾਲ ਮੇਰੀ ਮੁਲਾਕਾਤ !

ਕੱਲ ਰੱਬ ਜੀ ਮਿਲੇ। ਮੈਂ ਬੇਨਤੀ ਕੀਤੀ ਕਿ ਰੱਬ ਜੀ, "ਮੇਰਾ ਬਚਪਨ ਵਾਪਿਸ ਕਰ ਦਿਓ।" ਆਖਣ ਲੱਗੇ," ਹਿਸਟਰੀ, ਅਲਜਬਰਾ, ਫਿਜ਼ੀਕਸ, ਕੈਮਿਸਟਰੀ, ਇੰਗਲਿਸ਼ ਪੜ੍ਹਨੀ ਏ ?" ...ਨਾ, ਨਾ ਰੱਬ ਜੀ ਮੈਂ ਤਾਂ ਮਜ਼ਾਕ ਕੀਤਾ ਸੀ। ਚਲੋ ਜੇ ਪੜ੍ਹਾਉਣਾ ਈ ਆ ਤਾਂ ਮੇਰਾ ਕਾਲਜ ਵਾਲਾ ਸਮਾਂ ਮੋੜ ਦਿਓਂ... ਮਸਤੀ ਕਰਨ ਨੂੰ ਜੀ ਕਰਦਾ... ਰੱਬ ਜੀ ਕਹਿੰਦੇ ਮੋੜ ਤਾਂ ਦੇਵਾਂ ਪਰ ਫੇਰ ਕਾਲਜ ਤੋਂ ਬਾਅਦ ਤੇਰੇ ਘਰਦਿਆਂ ਨੂੰ ਤੇਰਾ ਵਿਆਹ ਫੇਰ ਕਰਨਾ ਪੈਣਾ ! ਓਦੋਂ ਤਾਂ ਭਾਈ ਸਸਤੇ 'ਚ ਹੀ ਸਰ ਗਿਆ ਸੀ... ਹੁਣ ਤਾਂ ਮਹਿੰਗਾਈ ਬਹੁਤ ਆ... ਸੋਚ ਲੈ ਕੁੜੀਏ! ਮੈਂ ਫੇਰ ਕਿਹਾ, ਨਾ ਨਾ ਰੱਬ ਜੀ ਮੈਂ ਤਾਂ ਮਜ਼ਾਕ ਹੀ ਕੀਤਾ ਸੀ... ਰੱਬ ਜੀ ਵੀ ਖੁਸ਼ ਮੂਡ੍ਹ ਵਿੱਚ ਹੀ ਸੀ, ਕਹਿੰਦੇ, "ਬੁਢਾਪੇ 'ਚ ਜਾਣਾ ।?"... ਨਾ, ਨਾ ਏਨੀ ਜਲਦੀ ਨਾ ਅੱਗੇ ਨਾ ਭੇਜਿਓ... ਅਜੇ ਤਾਂ ਮੇਰੇ ਸਿਰ ਜ਼ਿੰਮੇਵਾਰੀਆਂ ਬਹੁਤ ਆ... ਅਜੇ ਤਾਂ ਮੈਂ...! ਏਨਾ ਹੀ ਕਹਿਣ ਦੀ ਦੇਰ ਸੀ ਕਿ ਸਰ੍ਹਾਣੇ ਅਲਾਰਮ ਵੱਜ ਗਿਆ ਤੇ ਮੇਰੀ ਜਾਗ ਖੁੱਲ੍ਹ ਗਈ ! ਉੱਠਦੇ ਸਾਰ ਕਈ ਕੰਮ ਚੇਤੇ ਆ ਗਏ। ਸੁੱਖ ਦਾ ਸਾਹ ਲਿਆ ਕਿ ਇਹ ਸੁਪਨਾ ਈ ਸੀ।

**– ਕੁਲਵਿੰਦਰ ਕੌਰ**
**91-98775-28792**

# ਬਹੁ-ਪੱਖੀ ਸਖਸ਼ੀਅਤ ਦਾ ਮਾਲਕ ਕਾਕਾ ਢੋਲੀ

ਅਜੋਕੇ ਰੁਝੇਵਿਆਂ ਭਰੀ ਜ਼ਿੰਦਗੀ ਸੰਗੀਤ ਹੀ ਇੱਕ ਅਜਿਹਾ ਮਾਧਿਅਮ ਹੈ, ਜਿਸ ਨੂੰ ਸੁਣ ਕੇ ਇਨਸਾਨ ਦੀ ਜ਼ਿੰਦਗੀ ਦੇ ਕੁਝ ਪਲ ਖੁਸ਼ਿਆ ਨਾਲ ਲੰਘ ਜਾਦੇ ਹਨ। ਸੰਗੀਤ ਤੇ ਇਨਸਾਨ ਦਾ ਰਿਸ਼ਤਾ ਸਦੀਆਂ ਤੋਂ ਜੁੜਿਆ ਹੋਇਆ ਹੈ। ਸੰਗੀਤ ਬੇਸ਼ੱਕ ਪੱਛਮੀ ਹੋਵੇ ਜਾ ਭਾਰਤੀ ਹੋਵੇ ਅਤੇ ਸੰਗੀਤ ਦੇ ਖੇਤਰ ਵਿੱਚ ਹਰ ਸਾਜ ਦੀ ਆਪੋ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ। ਇਸੇ ਤਰ੍ਹਾਂ ਸੰਗੀਤ ਖੇਤਰ ਵਿੱਚ ਪੰਜਾਬ ਦਾ ਲੋਕ ਸਾਜ ਢੋਲ ਵੀ ਆਉਦਾ ਹੈ। ਜਿਸ ਦਾ ਨਾਮ ਸੁਣਦੇ ਹੀ ਹਰ ਚੇਹਰੇ ਤੇ ਖੁਸ਼ੀ ਦੀ ਝਲਕ ਦੇਖਣ ਨੂੰ ਮਿਲਦੀ ਹੈ।

ਦੁਆਬੇ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੈਂਦੇ ਪਿੰਡ ਮੁਕੰਦਪੁਰ ਦੇ ਜੰਮਪਲ ਸੁਰੇਸ਼ ਕੁਮਾਰ ਜਿਸ ਨੂੰ (ਕਾਕਾ ਮੁਕੰਦਪੁਰੀ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕਾਕਾ ਮੁਕੰਦਪੁਰੀ ਨੇ ਢੋਲ ਦੇ ਜਰੀਏ ਦੇਸ਼ਾ ਵਿਦੇਸ਼ਾ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ।ਕਾਕਾ ਪੜਦੇ ਸਮੇਂ ਤੋਂ ਹੀ ਢੋਲਕ (ਮੰਦਲ) ਦੀ ਸਿਖਲਾਈ ਉਸਤਾਦ ਬੂਟਾ ਮੁਹੰਮਦ ਜੀ ਕੋਲੋਂ ਲੈਣ ਲੱਗ ਪਿਆ ਸੀ।

ਢੋਲਕ ਦੇ ਨਾਲ ਨਾਲ ਢੋਲ ਵਿੱਚ ਵਿਚ ਵੀ ਰੁਚੀ ਹੋਣ ਕਰਕੇ ਢੋਲ ਦੀ ਸਿੱਖਿਆ ਉਸਤਾਦ ਮਾਸਟਰ ਸੇਵਾ ਰਾਮ ਜੀ (ਲੁਧਿਆਣਾ) ਵਾਲਿਆਂ ਕੋਲੋਂ ਲੈਣੀ ਸ਼ੁਰੂ ਕੀਤੀ ਅਤੇ ਲਗਨ ਮਿਹਨਤ ਦੇ ਨਾਲ ਬਹੁਤ



ਕੁਝ ਸਿੱਖਿਆ।

ਪੰਜਾਬ ਦੇ ਨਾਮਵਰ ਕਲਾਕਾਰਾਂ ਦੇ ਨਾਲ ਦੇਸ਼ਾ ਵਿਦੇਸ਼ਾ ਦੀ ਧਰਤੀ ਤੇ ਟੂਰ ਲਗਾ ਚੁੱਕਾ ਹੈ। ਕਾਕਾ ਮੁਕੰਦਪੁਰੀ ਉਸਤਾਦ ਜੀ ਇੱਕ ਗੱਲ ਹਮੇਸ਼ਾ ਪੱਲੇ ਬੰਨ੍ਹ ਕੇ ਚਲਦਾ ਹੈ ਕਿ ਕਸਬ (ਕੰਮ) ਦੇ ਨਾਲ ਨਾਲ ਇਨਸਾਨ ਵਿੱਚ ਬਸਵ (ਰਹਿਣ-ਸਹਿਣ) ਬਹੁਤ ਜਰੂਰੀ ਹੈ ਜੋ ਅੱਜ ਤੱਕ ਨਹੀਂ ਭੁਲਿਆ। ਕਾਕਾ ਦੱਸਦਾ ਹੈ ਕਿ 2001 ਤੋ ਲੈ ਕੇ ਹੁਣ ਤੱਕ ਪੰਜਾਬ ਦੇ 60 ਕੁ ਕਰੀਬ ਨਾਮੀ ਗਾਇਕਾ ਦੇ ਨਾਲ ਅਮਰੀਕਾ, ਕਨੇਡਾ, ਇੰਗਲੈਂਡ, ਨਿਊਜ਼ੀਲੈਂਡ, ਦੁੱਬਈ ਆਦਿ ਵਿੱਚ ਟੂਰ ਲਾ ਚੁੱਕਾ ਹੈ।

ਜਿਸ ਵਿੱਚ ਸੁਰਿੰਦਰ ਲਾਡੀ, ਮੰਗੀ ਮਾਹਲ, ਫਿਰੋਜ਼ ਖਾਨ, ਬਖਸ਼ੀ ਬਿੱਲਾ, ਕਲੇਰ ਕੰਠ, ਬੈਨੀ ਏ, ਸਤਵਿੰਦਰ ਲਵਲੀ, ਰਾਣੀ ਰਣਦੀਪ, ਇੰਦਰਜੀਤ ਨਿੱਕੂ, ਜਸਵਿੰਦਰ ਬਰਾੜ, ਮੁੰਹਮਦ ਸਦੀਕ, ਸੁਰਿੰਦਰ ਸ਼ਿੰਦਾ, ਸੁਖਵਿੰਦਰ ਸੁੱਖੀ, ਭੁਪਿੰਦਰ ਮੋਹਾਲੀ, ਭੁਪਿੰਦਰ ਗਿੱਲ, ਗੁਰਮੀਤ ਮਾਨ ਮਿਸ ਪਾਇਲ, ਜੀਤਾ ਜੈਲਦਾਰ, ਕਮਲ ਕਟਾਣੀਆ, ਵਿਜੇ ਸ਼ਰਮਾ (ਫਗਵਾੜਾ) ਆਦਿ ਅਨੇਕਾਂ ਕਲਾਕਾਰਾਂ ਨਾਲ ਢੋਲ ਦੇ ਜਰੀਏ ਟੂਰ ਲਗਾਏ। ਕਾਕਾ ਹਮੇਸ਼ਾ ਹੀ ਪ੍ਰਮੋਟਰ ਵੀਰਾਂ ਜਿੰਮੀ, ਸ਼ੀਤਲ ਕਨੇਡਾ, ਪ੍ਰਵੀਨ, ਬਲਵਿੰਦਰ ਹੀਰ ਜੀ ਦਾ ਰਿਣੀ ਰਹੇਗਾ।

# ਕਾਫ਼ਲਾ



ਚੱਲ ਪਿਆ ਜੋ ਕਾਫ਼ਲਾ ਹੁਣ ਰੁਕ ਸਕਦਾ ਨਹੀਂ ।
ਉੱਠ ਗਿਆ ਜੋ ਸਿਰ ਹੁਣ ਝੁਕ ਸਕਦਾ ਨਹੀਂ।
ਹਰ ਤਰਫ਼ ਤੋਂ ਆਏਗੀ ਇੱਕੋ ਆਵਾਜ਼ ॥
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਜਿਸ ਕਾਫ਼ਲੇ ਨੂੰ ਸੀ ਤੂੰ, ਅੱਧ ਵਿਚ ਕਾਲੇ ਛੱਡ ਗਿਆ ।
ਉਸ ਨੂੰ ਇਕ ਮਸੀਹਾ (ਕਾਂਸੀ ਰਾਮ) ਤੁਫ਼ਾਨਾਂ ਦੇ ਵਿੱਚੋਂ ਕੱਢ ਰਿਹਾ ।
ਹੁਣ ਨਵੀਂ ਸਵੇਰ ਦਾ, ਇਕ ਦਿਨ ਹੋਏਗਾ ਆਗਾਜ਼ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਬਾਵਾ ਜੀ ਤੇਰਾ ਕਾਫ਼ਲਾ, ਸੈਂਟਰ ਦੇ ਵੱਲ ਨੂੰ ਜਾ ਰਿਹਾ ।
ਵੇਖ ਕੇ ਤੇ ਚੜ੍ਹਤ ਇਸ ਦੀ, ਜਾਲਮ ਹੁਣ ਘਬਰਾ ਰਿਹਾ ।
ਪਤਾ ਉਸ ਨੂੰ ਲੱਗ ਗਿਆ, ਕਿ ਨਹੀਂ ਹੁਣ ਸਾਡਾ ਰਾਜ ॥
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਸੁੱਤੇ ਹੋਏ ਸਦੀਆਂ ਤੋਂ ਤੂੰ, ਸ਼ੇਰਾਂ ਨੂੰ ਰਿਹਾ ਛੇੜਦਾ ।
ਸ਼ੇਰਾਂ ਨੇ ਹੁਣ ਜਦ ਮਾਰੀ ਬੁੱਬ, ਹੁਣ ਫਿਰਦਾ ਬੂਹੇ ਭੇੜਦਾ ।
ਇਹਨਾਂ ਦੇ ਮਾਰੇ ਪੰਜਿਆਂ ਦਾ, ਹੈ ਨਹੀਂ ਕੋਈ ਇਲਾਜ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਕਾਫ਼ਲੇ ਵਿੱਚ ਰਲਣ ਦੀ, ਸ਼ੇਰਾਂ ਨੇ ਲਾਉਣੀ ਦੌੜ ਹੈ ।
ਹੁਣ ਤੇ ਲੋਹਾ ਗਰਮ ਹੈ, ਸੱਟਾਂ ਦੀ ਇਸ ਨੂੰ ਲੋੜ ਹੈ।
ਹਨੇਰਿਆਂ ਵਿੱਚੋਂ ਨਿਕਲ ਕੇ, ਬਣ ਰੌਸ਼ਨੀ ਦਾ ਤਾਜ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਹਨੇਰਿਆਂ ਝੱਖੜਾਂ ਦੇ ਵਿੱਚੋਂ, ਕੱਢਣਾ ਹੈ ਕਾਫ਼ਲਾ ।
ਹਿੰਮਤ ਮਾਰੋ ਬੱਬਰ ਸ਼ੇਰੋ, ਥੋੜਾ ਰਹਿ ਗਿਆ ਫ਼ਾਸਲਾ ।
ਕੰਡਿਆਂ ਤੇ ਚੱਲਦੇ ਹੱਸ ਕੇ ਜੋ, ਉਹ ਹੀ ਨੇ ਹੁੰਦੇ ਜਾਂਬਾਜ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਚੱਲਦੇ ਜੋ ਸਮੇਂ ਦੇ ਨਾਲ , ਉਹ ਹੀ ਮੰਜ਼ਲ ਤੇ ਪਹੁੰਚ ਦੇ ।
ਰਸਤੇ ਦੇ ਵਿੱਚ ਰੁਕਣ ਦੀ, ਉਹ ਕਦੇ ਨਹੀਂ ਸੋਚਦੇ ।
ਬਣ ਕੇ ਰਹੇਗਾ ਇਕ ਦਿਨ, ਬਹੁਜਨ ਸਮਾਜ ਬਹੁਜਨ ਸਮਾਜ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਹੁਣ ਭੀਮ ਤੈਨੂੰ ਵੇਖਦਾ, ਗੁਲਾਮੀ ਦਾ ਫਾਹਾ ਵੱਡ ਦੇ ।
ਨੀਲੇ ਝੰਡੇ ਨੂੰ ਬੱਬਰ ਸ਼ੇਰਾਂ, ਸੈਂਟਰ ਉਤੇ ਵਿੱਚ ਗੱਡ ਦੇ ।
ਤੈਨੂੰ ਦਿੱਲੀ ਵਾਜਾ ਮਾਰਦੀ, ਆਜਾ ਮੇਰੇ ਸਿਰਤਾਜ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥
ਹੱਕ ਮੰਗਿਆਂ ਤੇ ਕੋਈ ਨਹੀਂ ਦਿੰਦਾ, ਇਹ ਖੋਹਣੇ ਪੈਣੈਂ ਆਂ ।
ਲੱਗੇ ਦਾਗ਼ ਗੁਲਾਮੀ ਦੇ, ਇਹ ਧੋਣੈਂ ਪੈਣੇ ਆ ।
ਇਹ ਗੱਲ ਕਹਿੰਦਾ "ਚਾਹਲ" ਦਾ ਉਹ ਗਰੀਬ ਨਿਵਾਜ ।
ਬਾਵਾ ਸਾਹਿਬ ਜ਼ਿੰਦਾ ਬਾਦ, ਬਾਵਾ ਸਾਹਿਬ ਜ਼ਿੰਦਾ ਬਾਦ ॥॥



**- ਬਿਹਾਰੀ ਲਾਲ 'ਚਾਹਲ' (ਸਵ.)**

# ਘਰ ਵਿਚ ਕਿਤਾਬਾਂ ਦਾ ਮਹੱਤਵ ...



ਕੇਹਰ ਸ਼ਰੀਫ
+49 173 3546050

ਮਨੁੱਖੀ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ, ਇਸ ਦੀ ਖੂਬਸੂਰਤੀ ਦੇ ਵਾਧੇ ਵਿਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਮਨੁੱਖ ਜੀਊਂਦਿਆਂ ਬਹੁਤ ਸਾਰੇ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਵਾਸਤੇ ਪੂਰੀ ਵਾਹ ਲਾਉਂਦਾ ਹੈ। ਕਿਤਾਬਾਂ ਪੜ੍ਹਦਿਆਂ ਸੋਚਣ ਦੇ ਨਵੇਂ ਢੰਗ-ਤਰੀਕੇ ਸਿੱਖਦਾ ਹੈ ਅਤੇ ਉਨ੍ਹਾਂ ਉੱਤੇ ਅਮਲ ਕਰਨ ਵਲ ਰੁਚਿਤ ਹੁੰਦਾ ਹੈ। ਜਦੋਂ ਸਮਾਜ ਦੀ ਵਰਤਮਾਨ ਅੰਦਰਲੀ ਦਸ਼ਾ ਬਾਰੇ ਸੋਝੀ ਹੁੰਦੀ ਹੈ ਤਾਂ ਨਵੇਂ ਰਾਹ ਭਾਲਦਾ ਅਤੇ ਉਨ੍ਹਾਂ 'ਤੇ ਤੁਰਨ ਦਾ ਜਤਨ ਕਰਦਾ ਹੈ। ਗਿਆਨ ਬੰਦੇ ਨੂੰ ਇਸ ਰਾਹੇ ਤੋਰਨ ਦਾ ਸਬੱਬ ਬਣਦਾ ਹੈ, ਜਿਸ ਦੇ ਆਸਰੇ ਮਨੁੱਖ ਜਗਿਆਸੂ ਬਿਰਤੀ ਨਾਲ ਆਪਣੀ ਮਿੱਥੀ ਹੋਈ ਮੰਜ਼ਿਲ ਵਲ ਸੌਖਿਆਂ ਵਧ ਸਕਦਾ ਹੈ।

ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਖਾਣ-ਪੀਣ ਅਤੇ ਰਹਿਣ ਆਦਿ ਦੀਆਂ ਸਹੂਲਤਾਂ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਜਿਨ੍ਹਾਂ ਲੋਕਾਂ ਨੇ ਬੌਧਿਕਤਾ ਵਲ ਤੁਰਨਾ ਹੁੰਦਾ ਹੈ ਉਨ੍ਹਾਂ ਨੂੰ ਕਿਤਾਬਾਂ ਦੀ ਉਂਗਲ ਫੜਨੀ ਹੀ ਪੈਂਦੀ ਹੈ ਤਾਂ ਜੋ ਗਿਆਨ/ਸੂਝ ਦੇ ਦਰ ਤੱਕ ਪਹੁੰਚ ਸਕਣ। ਅੱਜ ਉਹ ਵਕਤ ਹੈ ਜਦੋਂ ਕਿਤਾਬ ਬਹੁਤ ਸਾਰੇ ਲੋਕਾਂ ਦੇ ਵਸੋਂ ਬਾਹਰੀ 'ਸ਼ੈਅ' ਨਹੀਂ, ਲੋੜ ਤਾਂ ਇਸ ਪਾਸੇ ਰੁਖ ਕਰਕੇ ਤੁਰਨ ਦੀ ਹੈ। ਆਦਤ ਜਾਂ ਗੇਜ੍ਹ ਪਾਉਣ ਦੀ ਹੈ। ਇਸਦਾ ਸਬੰਧ ਮਨ ਦੀ ਜਗਿਆਸੂ ਬਿਰਤੀ ਨਾਲ ਹੈ। ਇਸ ਵਾਸਤੇ ਸੁੱਤੇ ਮਨ ਨੂੰ ਜਗਾਉਣਾ ਪੈਂਦਾ ਹੈ। ਉਂਜ ਵੀ ਅਕਲ ਦੇ ਵਿਹੜੇ ਪੈਰ ਰੱਖਣ ਤੋਂ ਝਿਜਕ/ਸ਼ਰਮ ਕਾਹਦੀ? ਹਰ ਜਗਿਆਸੂ ਮਨੁੱਖ ਕਿਤਾਬ ਨੂੰ ਆਪਣੀ ਲੋੜ ਸਮਝੇ ਤੇ ਇਸਦੇ ਸਿੱਟੇ ਵਜੋਂ ਸਮਾਜ ਜਾਂ ਸਮਾਜਾਂ ਅੰਦਰ ਨਿੱਤ ਪੈਦਾ ਹੁੰਦੇ ਬੇਲੋੜੇ ਤਣਾਵਾਂ/ਟਕਰਾਵਾਂ/ਝਗੜਿਆਂ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ। ਮੈਕਸਿਮ ਗੋਰਕੀ ਦੇ ਕਹਿਣ ਅਨੁਸਾਰ "ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿਚੋਂ ਹੋ ਕੇ ਜਾਂਦਾ ਹੈ।" ਅਜਿਹੇ ਮੁੱਲਵਾਨ ਕਥਨਾਂ ਨੂੰ ਪੱਲੇ ਬੰਨ੍ਹ ਲੈਣਾ ਚਹੀਦਾ ਹੈ।

ਹਰ ਮਨੁੱਖ ਹੀ ਆਪਣੇ ਘਰ ਦੀ ਖੂਬਸੂਰਤੀ ਵਾਸਤੇ ਲੋੜ ਦੀਆਂ ਚੀਜ਼ਾਂ ਆਪਣੇ ਵਸੋਂ ਬਾਹਰਾ ਹੋ ਕੇ ਖਰੀਦਦਾ ਹੈ, ਪਰ ਗਿਆਨ ਦਾ ਭਰਪੂਰ ਖਜ਼ਾਨਾ ਕਿਤਾਬਾਂ ਖਰੀਦਣ ਵੇਲੇ ਕੰਜੂਸੀ ਕਿਉਂ ਕਰਦਾ ਹੈ? ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਂਦੇ ਲੋਕ ਘਰ ਦੇ ਖਰਚ ਨੂੰ ਸਾਵਾਂ ਰੱਖਣ ਵਾਸਤੇ (ਜਾਂ ਦੂਜਿਆਂ ਸਾਹਮਣੇ ਆਪਣੇ ਆਪ ਨੂੰ ਐਵੇਂ ਹੀ ਸਿਆਣਾ ਦੱਸਣ ਵਾਸਤੇ) ਘਰ ਦਾ ਬੱਜਟ ਬਣਾਉਂਦੇ ਹਨ। ਪਰ ਕਿੰਨੇ ਕੁ ਘਰ ਹੋਣਗੇ ਜਿੱਥੇ ਕਿਤਾਬਾਂ ਲਈ ਖਰਚਣ ਵਾਸਤੇ ਵੀ ਘਰੇਲੂ ਬੱਜਟ ਵਿਚ ਕੁੱਝ ਰੱਖਿਆ ਗਿਆ ਹੋਵੇ। ਪੰਜਾਬੀ ਲੇਖਕਾਂ ਵਿਚ ਇਹ ਰੁਚੀ ਬਹੁਤ ਹੀ ਘੱਟ ਦੇਖੀ ਗਈ ਹੈ ਕਿ ਉਹ ਖੁਦ ਖਰੀਦ ਕੇ ਕਿਤਾਬਾਂ ਪੜ੍ਹਦੇ ਹੋਣ। ਬਹੁਤੇ ਤਾਂ ਮੁਫਤ ਮਿਲਣ ਵਾਲੀਆਂ ਕਿਤਾਬਾਂ ਦੀ ਹੀ ਉਡੀਕ ਕਰੀ ਜਾਂਦੇ ਹਨ। ਇਸ ਕਰਕੇ ਹੀ ਜਦੋਂ ਕਿਸੇ ਪੁਸਤਕ ਉਤੇ ਹੋ ਰਹੀ ਗੋਸ਼ਟੀ/ਵਿਚਾਰ ਚਰਚਾ ਵਿਚ ਭਾਗ ਲੈਣ ਜਾਂਦੇ ਹਨ ਤਾਂ 'ਮੂੰਹ-ਜ਼ੁਬਾਨੀ' ਭਾਵ ਬਿਨਾ ਕਿਤਾਬ ਪੜ੍ਹਿਆਂ ਹੀ ਉਸ ਕਿਤਾਬ ਬਾਰੇ 'ਵਿਦਵਤਾ ਭਰਪੂਰ' ਲੈਕਚਰ ਝਾੜ ਦੇਣਗੇ। ਜੇ ਕੋਈ ਪੁੱਛ ਲਵੇ ਕਿ ਜਦੋਂ ਕਿਤਾਬ ਪੜ੍ਹੀ ਹੀ ਨਹੀਂ ਤਾਂ ਐਵੇਂ ਹੀ ਬਿਨਾਂ ਕਿਤਾਬ ਪੜ੍ਹਿਆਂ ਕਮਲ਼ ਘੋਟਣ ਦਾ ਕੀ ਫਾਇਦਾ? ਅੱਗਿਓਂ ਬੇਸ਼ਰਮੀ ਭਰਿਆ ਜਵਾਬ ਦੇਣਗੇ, 'ਸੱਦਾ ਭੇਜਣ ਵਾਲੇ ਪ੍ਰਬੰਧਕਾਂ ਦਾ ਮਾਣ ਵੀ ਤਾਂ ਰੱਖਣਾਂ ਹੋਇਆ'। ਜਿਨ੍ਹਾਂ ਸਮਾਜਾਂ ਨੇ ਤਰੱਕੀ/ਵਿਕਾਸ ਕਰਨਾ ਹੁੰਦਾ ਹੈ ਉਨ੍ਹਾਂ ਨੂੰ ਨਵੀਂ ਸੋਚ ਦੀ ਲੋੜ ਪੈਂਦੀ ਹੈ। ਫਲਸਫਿਆਂ ਨੂੰ ਜਨਮ ਦੇਣ ਵਾਲੇ, ਆਮ ਲੋਕਾਂ ਦੀ ਅਗਵਾਈ ਕਰਨ ਦੇ ਐਵੇਂ ਹੀ ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੀ ਨਵੀਂ ਦ੍ਰਿਸ਼ਟੀ/ਨਵੇਂ ਵਿਚਾਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਸਦਕਾ ਕੋਈ ਨਵੀਂ ਲੀਹ ਤੁਰਦੀ ਹੈ। ਜਦੋਂ ਧਾਰਮਿਕ ਬਿਰਤੀ ਵਾਲੇ ਕਹੇ ਜਾਂਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ 'ਰੱਬ ਦੇ ਘਰ' ਦਾ ਰਸਤਾ ਦੱਸਣ ਵਾਸਤੇ ਵੇਦ ਗ੍ਰੰਥ ਰਚੇ ਦੁਨੀਆਂ ਤੇ ਵੱਖੋ-ਵੱਖ ਸਮਾਜਾਂ ਅੰਦਰ ਸੰਚਾਰ ਦੇ ਬਹੁਤ ਘੱਟ ਸਾਧਨ ਮੌਜੂਦ ਸਨ। ਉਦੋਂ ਪੱਤਿਆਂ ਆਦਿ 'ਤੇ ਲਿਖਣ ਦੇ ਯੁੱਗ ਵਿਚ ਵੀ ਗ੍ਰੰਥ ਲਿਖੇ ਗਏ। ਲਗਨ ਮਨੁੱਖ ਨੂੰ ਅਣਦਿਸਦੇ ਰਾਹਾਂ ਉੱਤੇ ਤੁਰਨ ਵਾਲੀ ਸੋਝੀ ਬਖਸ਼ ਦਿੰਦੀ ਹੈ। ਜਦੋਂ ਲਗਨ ਜਨੂਨ ਬਣ ਜਾਵੇ ਤਾਂ ਬੰਦਾ ਕੁੱਝ ਵੀ ਕਰ ਸਕਦਾ ਹੈ। ਸੂਝਵਾਨਾਂ ਵਲੋਂ ਸੰਸਾਰ ਨੂੰ ਪਿਆਰ ਕਰਨ ਵਾਲੇ ਹਾਂ ਪੱਖੀ ਲਗਨ/ਜਨੂਨ



ਨੇ ਦੁਨੀਆਂ ਨੂੰ ਬਹੁਤ ਬਦਲਿਆ ਹੈ। ਅੱਜ ਤੱਕ ਅਸੀਂ ਕਿਵੇਂ ਪਹੁੰਚੇ ਹਾਂ ਇਸ ਵਿਕਾਸ ਦੇ ਰਾਹ ਬਾਰੇ ਪੜ੍ਹਨ ਦੀ ਬਹੁਤ ਲੋੜ ਹੈ।

ਬ੍ਰਾਹਮਣਵਾਦੀ ਗਲਬੇ ਦੇ ਦੌਰ ਵਿਚ ਭਾਰਤੀ ਸਮਾਜ ਅੰਦਰ ਅਕਲ ਦੀਆਂ ਗੱਲਾਂ ਦੱਸਦੇ ਇਨ੍ਹਾਂ ਵੇਦ-ਗ੍ਰੰਥਾਂ ਨੂੰ ਵਰਤਣ/ਪਰਖਣ/ਸਮਝਣ ਉੱਤੇ ਵੀ ਮਨੁੱਖਾਂ ਨਾਲ ਮੱਤਭੇਦ ਕੀਤਾ ਗਿਆ ਜੋ ਅਜ ਤੱਕ ਵੀ ਭਾਰਤੀ ਨਸਲਵਾਦ ਕਰਕੇ ਹੀ ਜਾਣਿਆ ਜਾਂਦਾ ਹੈ। ਬਹੁਤ ਸਮਾਂ ਬਾਅਦ ਸਮਾਜ ਨੂੰ ਅਸਲੋਂ ਮਨੁੱਖ ਵਾਸਤੇ ਸੁਚੱਜਾ ਬਨਾਉਣ ਵਾਲਿਆਂ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਤਾਹੀ ਨਹੀਂ ਕੀਤੀ। ਜੇ ਗੱਲ ਦਰਸ਼ਨ ਦੇ ਪੱਧਰ 'ਤੇ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿਆਣੇ ਵਿਚਾਰਾਂ ਨਾਲ ਮਨੁੱਖ ਨੂੰ ਸਦਾ ਹੀ ਨਵੀਂ ਵਿਚਾਰਧਾਰਕ ਧਰਤ ਅਤੇ ਨਵੀਂ ਸੇਧ ਮਿਲੀ ਹੈ। ਜਦੋਂ ਨਿਰੀ "ਧਾਰਮਿਕਤਾ" ਦੀਆਂ ਝੂਠੀਆ ਬਾਤਾਂ ਪਾ ਕੇ ਲੋਕਾਂ ਨੂੰ ਇਸ ਧੁੰਦਵਾਦ ਨਾਲ ਹੀ ਪ੍ਰਚਾਇਆ ਜਾਂਦਾ ਹੋਵੇ ਤਾਂ ਸਮਾਜ ਦੀ ਸੱਚੀ ਨਿਰਖ-ਪਰਖ ਕਰਨ ਵਾਲੇ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਆਪਣਾ ਯੋਗਦਾਨ ਪਾਉਂਦੇ ਹਨ। ਸਦੀਆਂ ਪਹਿਲਾਂ ਭਾਰਤ ਅੰਦਰ ਭਗਤੀ ਲਹਿਰ ਸਮੇਂ ਅਤੇ ਗੁਰੂ ਕਾਲ ਵੇਲੇ ਇਸੇ ਤਰ੍ਹਾਂ ਸੰਵਾਦ ਛੇੜਿਆ ਗਿਆ। ਬਾਬਾ ਨਾਨਕ ਵਲੋਂ ਗੋਸ਼ਟਿ ਦਾ ਸਿਧਾਂਤ ਸਾਡੇ ਸਭ ਦੇ ਸਾਹਮਣੇ ਹੈ। ਅੱਜ ਵੀ ਮਸਲੇ ਸੁਲਝਾਣ ਵੇਲੇ ਇਹ ਹੀ ਸਿਧਾਂਤ ਕੰਮ ਆਉਂਦਾ ਹੈ।

ਚਿਰ ਬਾਅਦ ਨਵੇਂ ਯੁੱਗ ਵਿਚ ਕਾਰਲ ਮਾਰਕਸ ਵਰਗੇ ਮਹਾਨ ਮਨੁੱਖ ਅਤੇ ਉਹਦੇ ਸਾਥੀ ਆਉਂਦੇ ਹਨ ਤੇ ਆਪਣੀਆਂ ਲਿਖਤਾਂ/ਕਿਤਾਬਾਂ ਰਾਹੀਂ ਨਵੇਂ ਵਿਚਾਰਾਂ ਨਾਲ ਮਨੁੱਖਾਂ/ ਸਮਾਜਾਂ ਨੂੰ ਹਲੂਣ ਕੇ ਨਵੇਂ 'ਰਾਹ' ਤੋਰਨ ਦਾ ਸਬੱਬ ਬਣ ਜਾਂਦੇ ਹਨ। (ਕਾਰਲ ਮਾਰਕਸ ਦੀਆਂ ਲਿਖਤਾਂ ਖਾਸ ਕਰਕੇ 'ਸਰਮਾਇਆ' ਲੁੱਟ ਰਹਿਤ ਦੁਨੀਆਂ ਦੇਖਣ ਚਾਹੁਣ ਵਾਲਿਆਂ ਦਾ ਪੱਥ ਪ੍ਰਦਰਸ਼ਕ ਬਣੀ ਅਤੇ ਜਦੋਂ ਤੱਕ ਲੁੱਟ ਰਹਿਤ ਸਮਾਜ ਨਹੀਂ ਬਣਦਾ, ਬਣੀ ਰਹੇਗੀ) ਨਵੀਆਂ ਲੀਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਆਪ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਸੰਗੀਆਂ-ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਨੂੰ ਵੀ ਇਸੇ ਰਾਹੇ ਤੁਰਨ ਵਾਸਤੇ ਪ੍ਰੇਰਿਤ ਕੀਤਾ। ਧਾਰਮਿਕ ਖੇਤਰ ਵਿਚ ਮੱਥੇ ਰਗੜਨ ਵਾਲੇ ਤਾਂ ਕਰੋੜਾਂ ਹੀ ਨਿੱਤ ਦੇਖੇ ਜਾ ਸਕਦੇ ਹਨ, ਇਨ੍ਹਾਂ ਵਿਚੋਂ ਸ਼ਬਦ ਨਾਲ ਕਿੰਨੇ ਕੁ ਜੁੜੇ ਹੋਏ ਹਨ? ਇੱਥੇ ਸਵਾਲੀਆ ਨਿਸ਼ਾਨ ਕਾਫੀ ਵੱਡਾ ਨਜ਼ਰ ਆਉਂਦਾ ਹੈ। ਸੰਸਾਰ ਵਿਚ ਹਰ ਧਾਰਮਕ ਜਾਂ ਗੈਰ-ਧਾਰਮਕ ਮਨੁੱਖ ਦਾ ਗੁਰੂ - ਸ਼ਬਦ / ਗਿਆਨ ਹੀ ਹੈ।

ਜਾਗਦੇ ਮਨੁੱਖ ਦੇ ਮਨ ਦੀ ਜਗਿਆਸਾ ਮਨੁੱਖ ਨੂੰ ਟਿਕ ਕੇ ਬਹਿਣ ਨਹੀਂ ਦਿੰਦੀ। ਇਹ ਟਿਕ ਕੇ ਨਾ ਬਹਿਣ ਦੀ ਬਿਰਤੀ ਹੀ ਮਨੁੱਖ ਨੂੰ ਕ੍ਰਿਆਸ਼ੀਲ ਰਖਦੀ ਹੈ। ਪੱਛਮੀ ਸਮਾਜਾਂ ਵਿਚ ਜਿੱਧਰ ਵੀ ਜਾਉ ਲੋਕਾਂ ਦੇ ਘਰਾਂ ਵਿਚ ਹੋਰ ਲੋੜ ਵਾਲੀਆਂ ਵਸਤਾਂ ਦੇ ਨਾਲ ਤੁਹਾਨੂੰ ਕਿਤਾਬਾਂ ਵੀ ਨਜ਼ਰੀਂ ਪੈਣਗੀਆਂ। ਬਹੁਤ ਸਾਰੇ ਲੋਕ ਵਿਹਲ ਦੇ ਸਮੇਂ ਨੂੰ ਪੜ੍ਹਨ ਲਈ ਵਰਤਦੇ ਹਨ। ਜਨਮ ਦਿਨਾਂ, ਵਿਆਹ-ਸ਼ਾਦੀਆਂ, ਵਰ੍ਹੇ-ਗੰਢਾਂ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਲੋਕ ਕਿਤਾਬਾਂ ਦੇ ਤੋਹਫੇ ਦਿੰਦੇ ਹਨ। ਸਾਡਾ ਸਮਾਜ ਅਜੇ ਵੀ ਝੱਗਿਆਂ/ਫਰਾਕਾਂ, ਲਹਿੰਗਿਆਂ ਆਦਿ ਵਿਚ ਹੀ ਕਿਉਂ ਫਸਿਆਂ ਬੈਠਾ ਹੈ? ਅਸੀਂ ਵੀ ਜੇ ਸੰਸਾਰ ਦੇ ਹਾਣ ਦਾ ਹੋਣਾ ਹੈ ਤਾਂ ਸਾਨੂੰ ਆਪਣੀ ਸੌੜੀ ਸੋਚ ਵਿਚੋਂ ਨਿਕਲ ਕੇ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ। ਲੋੜ ਹੈ ਅਗਿਆਨ ਦੀਆਂ ਆਪਣੀਆਂ ਹਨੇਰੀਆਂ ਖੁੱਡਾਂ ਵਿਚੋਂ ਨਿਕਲ ਕੇ ਦਿਨ ਦੇ ਚਾਨਣ ਨੂੰ ਫੜਨ ਦੀ। ਇਸ ਚਾਨਣ ਦੇ ਆਸਰੇ ਸੰਸਾਰ ਬਹੁਤ ਹੀ ਖੂਬਸੂਰਤ ਨਜ਼ਰ ਆਵੇਗਾ- ਸਾਨੂੰ ਨਵੇਂ ਨਜ਼ਰੀਏ / ਦ੍ਰਿਸ਼ਟੀਕੋਣ ਦੇ ਲੜ ਲੱਗ ਕੇ ਨਵੀਂ ਧਰਤ ਨੂੰ ਸਿਰਜਣ ਦੀ ਲੋੜ ਹੈ। ਕਿਤਾਬਾਂ ਸ਼ੀਸ਼ਾ ਬਣ ਕੇ ਸਾਡੇ ਸਾਹਮਣੇ ਹਨ ਉਨ੍ਹਾਂ ਵਿਚ ਆਪਣਾ ਆਪ ਦੇਖਣ ਦਾ ਜਤਨ ਤਾਂ ਕਰੀਏ। ਉਨ੍ਹਾਂ ਵਿਚ ਪੇਸ਼ ਕੀਤੇ ਵਿਚਾਰਾਂ ਤੋਂ ਸਿੱਖਣ ਦੇ ਰਾਹੇ ਤਾਂ ਪਈਏ। ਕਿਤਾਬਾਂ ਸਾਨੂੰ ਸਹਿਣਸ਼ੀਲ, ਦਇਆਵਾਨ ਤੇ ਚੰਗੇ ਇਨਸਾਨ ਬਣਾਉਂਦੀਆਂ ਹਨ।

ਆਪਣੇ 'ਸਫਰਨਾਮਾ' ਮਾਰਕਾ ਲੇਖਕ ਜਦੋਂ ਵੀ ਬਾਹਰ ਜਾਂਦੇ ਹਨ ਤਾਂ ਖਾਧੇ ਹੋਏ ਪਕੌੜਿਆਂ-ਸਮੋਸਿਆਂ ਜਾਂ ਪੀਤੀਆਂ ਹੋਈਆਂ ਸ਼ਰਾਬਾਂ ਦਾ ਹੀ ਜ਼ਿਕਰ ਕਰੀ ਜਾਣਗੇ। ਬਾਹਰਲੇ ਸਮਾਜ, ਜਿਸ ਬਾਰੇ ਲਿਖਣ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੁੰਦਾ ਹੈ ਬਹੁਤਿਆਂ ਨੂੰ ਉਸਦੀ ਸਮਝ ਨਾ ਹੋਣ ਕਰਕੇ ਉਹਦਾ ਨਿਗੂਣਾ ਜਾਂ ਚਲਵਾਂ ਜਿਹਾ ਹੀ ਜ਼ਿਕਰ ਹੁੰਦਾ ਹੈ ਜਿਸ ਨਾਲ ਆਪਣੇ ਆਪ ਨੂੰ ਇਹ 'ਸਿਆਣੇ' ਕਹਾਉਣ ਵਾਲੇ ਭੰਬਲ਼ਭੂਸੇ ਭਰੀ ਧੁੰਦ ਖਿਲਾਰਨ ਤੋਂ ਵੱਧ ਕੁੱਝ ਵੀ ਨਹੀਂ ਕਰਦੇ। ਇਨ੍ਹਾਂ 'ਬੁੱਧੀਜੀਵੀਆਂ' ਨੂੰ ਬੌਧਿਕ ਗਰੀਬੀ ਢੋਣ ਵਾਲੇ ਗਰਜਾਂ ਬੱਧੇ ਦੋ-ਲੱਤੇ ਜੀਵ ਵੀ ਆਖਿਆ ਜਾ ਸਕਦਾ ਹੈ।

ਮਨੁੱਖ ਹਰ ਵੇਲੇ ਤਾਂ ਸਹਿਜ ਅਵਸਥਾ ਵਿਚ ਨਹੀਂ ਹੁੰਦਾ। ਕਦੇ ਮਨ ਵਿਚ ਕਿਸੇ ਗੱਲ ਦੀ ਕੁੜੱਤਣ, ਕਦੇ ਘਰੇਲੂ ਪ੍ਰੇਸ਼ਾਨੀਆਂ ਜਾਂ ਸਮਾਜ ਵਿਚ ਵਾਪਰ ਰਹੇ ਨਵੇਂ ਦਿਲ-ਢਾਹੂ ਵਰਤਾਰੇ ਸੰਵੇਦਨਸ਼ੀਲ ਮਨੁੱਖ ਨੂੰ ਦੁਖੀ ਕਰਦੇ ਹਨ। ਇਨ੍ਹਾਂ ਜਾਂ ਇਨ੍ਹਾਂ ਵਰਗੀਆਂ ਹੋ ਰਹੀਆਂ ਹੋਰ ਗੱਲਾਂ ਦੇ ਕਾਰਨਾਂ ਬਾਰੇ ਸੋਚਣ ਵਾਸਤੇ ਮਨ ਨੂੰ ਇਕਾਗਰ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਮੌਕੇ ਮਨੁੱਖ ਵਾਸਤੇ ਕਿਤਾਬਾਂ ਤੋਂ ਵੱਡਾ ਹੋਰ ਕੌਣ ਸਹਾਈ ਹੋ ਸਕਦਾ ਹੈ? ਵਿਅਕਤੀ ਕੋਈ ਕਵਿਤਾ, ਕਹਾਣੀ, ਲੇਖ ਜਾਂ ਕੁੱਝ ਵੀ ਪੜ੍ਹੇ ਮਨ ਹੋਰ ਤਰ੍ਹਾਂ ਸੋਚਣ ਲਗਦਾ ਹੈ। ਇਹ 'ਹੋਰ' ਸੋਚਣਾਂ ਮਨ ਅੰਦਰ ਨਵਾਂ ਵਿਚਾਰ ਪੈਦਾ ਕਰਨ ਦਾ ਵਸੀਲਾ ਬਣ ਜਾਂਦਾ ਹੈ। ਮਨ ਨੂੰ ਚੜ੍ਹਦੀ ਕਲਾ ਵਲ ਜਾਣ ਦਾ ਰਸਤਾ ਮਿਲ ਜਾਂਦਾ ਹੈ। ਪਰ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਾਧਨ ਵੀ ਹੋਵੇ। ਭਾਵ ਜੇ ਘਰ ਵਿਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਘਰੇਲੂ ਔਰਤਾਂ ਵੀ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਜਾਂ ਘਰੇਲੂ ਕੰਮਾਂ ਵਿਚੋਂ ਵਿਹਲ ਕੱਢ ਕੇ ਪੜ੍ਹਨ ਵਲ ਰੁਚਿਤ ਹੋ ਸਕਦੀਆਂ ਹਨ। ਇਸ ਤਰ੍ਹਾਂ ਮਾਵਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪੜ੍ਹਨ ਦੀ ਆਦਤ ਵੀ ਪਾ ਸਕਦੀਆਂ ਹਨ। ਛੋਟੇ ਬੱਚਿਆਂ ਵਾਸਤੇ ਤਸਵੀਰਾਂ ਵਾਲੀਆਂ ਕਿਤਾਬਾਂ ਬੇਹੱਦ ਜਰੂਰੀ ਅਤੇ ਲਾਭਦਾਇਕ ਹਨ ਜੋ ਹਰ ਘਰ ਵਿਚ ਹੋਣੀਆਂ ਚਾਹੀਦੀਆਂ ਹਨ, ਤਸਵੀਰਾਂ ਦੇਖਦਿਆਂ ਬੱਚੇ ਸਹਿਜ ਨਾਲ ਹੀ ਨਾਲ ਲਿਖਿਆ ਹੋਇਆ ਪਾਠ ਵੀ ਪੜ੍ਹਨਾ ਸਿੱਖਣ ਦਾ ਜਤਨ ਵੀ ਕਰਨਗੇ, ਇਸਿ ਤਰ੍ਹਾਂ ਬੱਚਿਆਂ ਨੂੰ ਬਿਨਾਂ ਕਿਸੇ ਔਖ ਤੋਂ ਸ਼ਬਦ ਦੇ ਲੜ ਲਾਇਆ ਜਾ ਸਕਦਾ ਹੈ। ਬੱਚੇ ਨੂੰ ਬਚਪਨ ਵਿਚ ਕਿਤਾਬ ਦੇ ਕੇ ਉਸਨੂੰ ਸਾਰੀ ਉਮਰ ਵਾਸਤੇ ਕਿਤਾਬ ਨਾਲ ਜੋੜਿਆ ਜਾ ਸਕਦਾ ਹੈ। ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਕਿਸੇ ਵੀ ਸਮਾਜ ਨੂੰ ਕਿਤਾਬਾਂ ਦੇ ਲੜ ਲਾ ਕੇ ਉਸ ਸਮਾਜ ਨੂੰ ਅਕਾਰਨ ਹੀ ਪੈਦਾ ਹੋਣ ਵਾਲੇ ਗੈਰ ਜਰੂਰੀ ਝਗੜਿਆਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਕਿਤਾਬਾਂ ਦੇ ਆਸਰੇ ਊਚ-ਨੀਚ, ਵਖਰੇਵਿਆਂ, ਪਾੜਿਆਂ, ਜੰਗਾਂ ਅਤੇ ਨਫ਼ਰਤਾਂ ਤੋਂ ਰਹਿਤ, ਸੁਹਣਾ-ਸੁਚੱਜਾ ਅਤੇ ਭਰੱਪਣ ਭਰਿਆ, ਸ਼ਾਂਤਮਈ ਸਮਾਜ / ਸੰਸਾਰ ਵੀ ਸਿਰਜਿਆ ਜਾ ਸਕਦਾ ਹੈ।

## ਅੱਜ ਦੀ ਵਿੱਥਿਆ

ਐਵੇਂ ਟਾਹਰਾਂ ਨਾ ਮਾਰਿਆ ਕਰ
ਚੰਦ ਤਾਰਿਆਂ ਤੇ ਕਿਸੇ ਦਾ ਨਾਂ ਲਿਖਣ ਦੀਆਂ
ਜੇ ਤੂੰ ਬੰਦੇ ਦਾ ਧੀ/ਪੁੱਤ ਹੈ ਐਂ ਤਾਂ
ਧਰਤੀ 'ਤੇ ਬੈਠ ਕੇ ਧਰਤੀ ਦਾ ਗੀਤ ਲਿਖ
ਧਰਤੀ 'ਤੇ ਵਸਦਿਆਂ ਦਾ ਗੀਤ ਲਿਖ
ਧਰਤੀ ਨੂੰ ਬਚਾਉਣ ਵਾਲਿਆਂ ਦਾ ਗੀਤ ਲਿਖ
ਧਰਤੀ ਨੂੰ ਬਹੁਤ ਖਤਰਾ ਹੋ ਗਿਆ ਹੈ
ਮੁਨਾਫੇ ਖੱਟਣ ਵਾਲੇ ਮੁਨਾਫੇਖੋਰਾਂ ਵਲੋਂ
ਕਿਸੇ ਹੋਰ ਦੀ ਤਾਂ ਗੱਲ ਛੱਡ --
ਇਹ ਜ਼ਮੀਰ ਵਿਹੂਣੇ ਮੁਨਾਫ਼ੇਖੋਰ ਤਾਂ
ਆਪਣੀ ਹੀ ਮਾਂ ਨੂੰ ਵੀ ਵੇਚ ਦੇਣਗੇ,
ਅੰਤਹੀਣ, ਅੰਨ੍ਹੇ ਮੁਨਾਫੇ ਦੇ ਲੋਭ ਖਾਤਰ।

ਅੱਜ ਬਹੁਤ ਹੀ ਖਤਰੇ 'ਚ ਨੇ
ਮਨੁੱਖ ਨੂੰ ਜ਼ਿੰਦਗੀ ਦਿੰਦੇ ਰੁੱਖ
ਅਤੇ ਜ਼ਿੰਦਗੀ ਦੇ ਮੁੱਖ ਸਰੋਤ ਪਾਣੀ 'ਤੇ
ਇਨ੍ਹਾਂ ਦੀ ਗਹਿਰੀ ਜ਼ੁਲਮੀ ਅੱਖ ਹੈ
ਮੁਨਾਫ਼ੇਖੋਰ ਖੂਨ ਪੀਣੀਆਂ ਗਿਰਝਾਂ ਦੀ
ਸਮੇਂ ਦਾ ਕਹਿਰ ਕਿ ਹੁਣ ਇਹ ਗਿਰਝਾਂ
ਇਨਸਾਨੀ ਜਾਮੇ 'ਚ ਵੀ ਮਿਲਦੀਆਂ ਹਨ
ਬੇਸ਼ਰਮ ਸੱਤਾ ਦੀਆਂ ਭਾਗੀਦਾਰ ਹਨ ਇਹ
ਇਨ੍ਹਾਂ ਨੇ ਸ਼ਰਮ-ਹਯਾ, ਮਾਣ- ਇੱਜ਼ਤ
ਕਿਸੇ ਕੰਧ ਲੱਗੀ ਕਿੱਲੀ 'ਤੇ ਨਹੀ
ਦੂਰ ਅਸਮਾਨ 'ਤੇ ਟੰਗ ਦਿੱਤੀ ਹੈ
ਅਤੇ ਬੇਸ਼ਰਮੀ ਨਾਲ ਆਖਦੇ ਹਨ -
ਲਾਹ ਲਉ ਜਿਹੜਾ ਲਾਹ ਸਕਦੈ
ਜਾਲਮਾਂ ਨੇ ਵੰਗਾਰ ਪਾਈ ਹੈ, ਲੋਕਾਈ ਨੂੰ
ਸੂਰਮੇ ਜਵਾਬ ਦੇਣਾ ਅਜੇ ਭੁੱਲੇ ਵੀ ਨਹੀਂ
ਇਹ ਹਰ ਹੀਲੇ ਜਵਾਬ ਦਿੰਦੇ ਹਨ
ਚੱਜ ਨਾਲ ਜੀਊਣ ਦਾ ਹੋਕਾ ਵੀ ਦਿੰਦੇ ਹਨ
ਇਹੋ ਸਾਡੇ ਵਿਰਸੇ ਦੀ ਤਾਸੀਰ ਰਹੀ ਹੈ।

**- ਕੇਹਰ ਸ਼ਰੀਫ਼**

## ਗੀਤ

ਨਹੀਂ ਉੱਡਦੀ ਗੁੱਡੀ ਡੋਰ ਬਿਨਾਂ,
ਗੱਲ ਬਣਦੀ ਨਾ ਕਿਸੇ ਹੋਰ ਬਿਨਾਂ,
ਤਨ ਮਨ ਨੂੰ ਮਸਤੀ ਚੜ੍ਹਦੀ ਨਹੀਂ
ਤੇਰੇ ਸੱਜਰੇ ਇਸ਼ਕ ਦੀ ਭੋਰ ਬਿਨਾਂ,
ਲਾਈਆਂ ਤੇ ਅੱਜ ਨਿਭਾਅ ਸੱਜਣਾ,
ਆ ਸੱਜਣਾ ਉਏ ਆ ਸੱਜਣਾ
ਗ਼ਲ ਲਾ ਕੇ ਗੱਲ ਮੁਕਾਅ ਸੱਜਣਾ।

ਲੱਖ ਕੋਸ਼ਿਸ਼ ਕਰਕੇ ਬੋਲੇ ਹਾਂ,
ਅਸੀਂ ਤੇਰੇ ਦਰ ਦੇ ਗੋਲੇ ਹਾਂ,
ਜੌੜੇ ਮਲਕੀਤ ਬੇਵੱਸ ਹੋ ਕੇ,
ਅਸੀਂ ਭੇਦ ਦਿਲਾਂ ਦੇ ਖੋਲ੍ਹੇ ਆ,
ਇਕ ਵਾਰੀ ਮੁਖ ਵਿਖਾ ਸੱਜਣਾ,
ਆ ਸੱਜਣਾ ਉਏ ਆ ਸੱਜਣਾ,
ਗ਼ਲ ਲਾ ਕੇ ਗੱਲ ਮੁਕਾਅ ਸੱਜਣਾ।

ਇਸ਼ਕੇ ਦਾ ਤਾੜਾ ਲਾ ਛੱਡਿਆ,
ਰੰਗ ਹੋਰ ਸੀ ਹੋਰ ਵਟਾ ਛੱਡਿਆ,
ਹਰ ਸੈਨਤ ਵਿਚ ਹੈ ਰਮਜ਼ ਗੁੱਝੀ,
ਸਾਡਾ ਤਾਂ ਮਨ ਭਰਮਾ ਛੱਡਿਆ,
ਸਾਨੂੰ ਵੀ ਕਿਤੇ ਟਿਕਾਅ ਸੱਜਣਾ,
ਆ ਸੱਜਣਾ ਉਏ ਆ ਸੱਜਣਾ,
ਗ਼ਲ ਲਾ ਕੇ ਗੱਲ ਮੁਕਾਅ ਸੱਜਣਾ।

**- ਮਲਕੀਤ ਜੌੜਾ**

91-98725-34278



## ਇੱਕ ਪ੍ਰਵਾਸੀ ਹੋਇਆ ਨਿਰੁੱਤਰ!

ਦੋ ਕੁ ਮਹੀਨੇ ਹੋ ਗਏ ਮੈਂ ਅਮਰੀਕਾ ਤੋਂ ਆਪਣੇ ਪਿੰਡ ਆਇਆ ਹੋਇਆ ਹਾਂ।ਸਾਡੇ ਪੋਤਰੇ ਨੂਰ ਨਾਲ ਖੇਡ੍ਹਣ ਵਾਲ਼ੇ ਗੁਆਂਢੀਆਂ ਦੇ ਨਿਆਣੇ ਸਾਡੇ ਘਰੇ ਆ ਕੇ ਕਦੇ ਕਦੇ ਮੇਰੇ ਨਾਲ ਵੀ ਨਿੱਕੀਆਂ ਨਿੱਕੀਆਂ ਤੋਤਲੀਆਂ ਗੱਲਾਂ ਮਾਰਦੇ ਰਹਿੰਦੇ ਨੇ!

ਇੱਕ ਦਿਨ ਪੋਤਰਾ ਨੂਰ ਗਿਆ ਹੋਇਆ ਸੀ ਆਪਣੇ ਸਕੂਲੇ। ਆਹ ਦੋਵੇਂ ਬੱਚੇ ਮੇਰੇ ਕੋਲ ਆ ਕੇ ਕਹਿੰਦੇ-

'ਬਾਬਾ ਜੀ, ਤੂੰ ਕਦ ਜਾਣਾ ?'

ਮੈਂ ਭਾਂਪ ਤਾਂ ਲਿਆ ਕਿ ਇਹ ਮੈਥੋਂ ਅਹਿ ਸਵਾਲ ਕਿਉਂ ਪੁੱਛ ਰਹੇ ਐ ਪਰ ਮੈਂ ਉਨ੍ਹਾਂ ਮੂੰਹੋਂ ਹੀ ਸੁਣਨ ਦਾ 'ਸਵਾਦ ਮਾਨਣ' ਲਈ ਪੁੱਛਿਆ-

'ਕਿੱਥੇ ਨੂੰ ਉਏ?'

ਕਹਿੰਦੇ ਅਖੇ 'ਆਪਣੇ ਘਰ' ਨੂੰ?

ਮੈਂ ਹਿਰਖ ਜਿਹੇ 'ਚ ਆਉਂਦਿਆਂ ਕਿਹਾ ਕਿ ਉਏ, ਮੈਂ ਆਪਣੇ ਘਰ ਹੀ ਤਾਂ ਬੈਠਾ ਹਾਂ ! ...। ਸੌਹਰਿਉ ਇਹ ਮੇਰਾ ਹੀ ਘਰ ਆ?



ਦੋਵੇਂ ਜਣੇ ਭੋਲ਼ਾ ਜਿਹਾ ਮੂੰਹ ਬਣਾ ਕੇ ਬੋਲੇ-

'ਐਵੇਂ ਤੇਰਾ ?...... ਇਹ ਤਾਂ ਨੂਰ ਦਾਘਰ ਆ !!'

ਮੇਰੀ ਬੋਲਤੀ ਬੰਦ ਹੋ ਗਈ ਨਿਆਣਿਆਂ ਦੀ ਗੱਲ ਸੁਣਕੇ!

**- ਤਰਲੋਚਨ ਸਿੰਘ**
**ਦੁਪਾਲ ਪੁਰ**
91-78146-92724



ਵਿਨੋਦ ਫ਼ਕੀਰਾ, ਸਟੇਟ ਐਵਾਰਡੀ
91-98721-97326

# ਬਸੰਤ ਪੰਚਮੀ



ਰੁੱਤਾਂ ਦਾ ਤਿਉਹਾਰ ਬਸੰਤ ਪੰਚਮੀ ਬਹੁਤ ਹੀ ਖ਼ੁਸ਼ੀਆਂ ਨਾਲ ਮਨਾਇਆ ਜਾਂਦਾ ਹੈ ਇਨ੍ਹਾਂ ਦਿਨਾਂ ਵਿਚ ਸਾਰੇ ਬੱਚੇ ਅਤੇ ਨੌਜਵਾਨ ਪੰਤਗਾਂ ਉਡਾ ਕੇ ਖ਼ੁੱਸ਼ੀਆਂ ਮਨਾਉਂਦੇ ਹਨ। ਵੈਸੇ ਤਾਂ ਪਤੰਗਾਂ ਦੀ ਇਹ ਸੁ ਲੋਹੜੀ ਤੋਂ ਪਹਿਲਾਂ ਹੀ ਹੋ ਜਾਂਦੀ ਹੈ।ਪਰੰਤੂ ਪਹਿਲਾਂ ਇਹ ਖੇਡ ਬਹੁਤ ਹੀ ਮਨ ਨੂੰ ਬਹਿਲਾਉਣ ਵਾਲੀ ਹੁੰਦੀ ਸੀ ਪਰ ਅੱਜ ਕੱਲ ਅਸੀਂ ਇਹ ਨਹੀਂ ਜਾਣਦੇ ਕਿ ਅਣਗਹਿਲੀ ਨਾਲ ਖੇਡੀ ਇਸ ਖੇਡ ਨਾਲ ਕਿੰਨੇ ਇਨਸਾਨਾਂ ਅਤੇ ਪੰਛੀਆਂ ਦੀਆਂ ਜਾਨਾਂ ਚਲੀਆਂ ਜਾਣਗੀਆਂ ਅਤੇ ਕਿੰਨੇ ਪੰਛੀਆਂ ਦੇ ਆਲ੍ਹਣੇ ਖਾਲੀ ਹੋ ਜਾਣਗੇ । ਜਿਵੇਂ ਕਿ ਪਲਾਸਟਿਕ ਦੀ ਡੋਰ ਜਿਸ ਨੂੰ ਚਾਈਨਾਂ ਡੋਰ ਵੀ ਕਿਹਾ ਜਾਂਦਾ ਹੈ ਜਿਸ ਨਾਲ ਚਾਰ ਸਾਲਾਂ ਦੀ ਮਾਸੂਮ ਬੱਚੀ ਦੇ 100 ਤੋਂ ਵੱਧ ਟਾਂਕੇ ਮੂੰਹ ਤੇ ਲਗਾਉਣੇ ਪਏ ਅਤੇ ਹੋਰ ਵੀ ਕਈ ਇਸ ਡੋਰ ਦਾ ਸ਼ਿਕਾਰ ਹੋ ਕੇ ਜਖ਼ਮੀ ਹੋ ਰਹੇ ਹਨ।

ਬਸੰਤ ਰੁਤ ਦੇ ਨਾਲ ਹੀ ਸਿਆਲ ਦੀ ਰੁੱਤ ਦਾ ਖ਼ਾਤਮਾ ਵੀ ਸਮਝਿਆ ਜਾਂਦਾ ਹੈ ਜਿਵੇਂ ਕਿਹਾ ਜਾਂਦਾ ਹੈ:
ਆਈ ਬਸੰਤ ਪਾਲਾ ਉਡੰਤ

ਰੁੱਖਾਂ ਤੇ ਵੀ ਬਹਾਰਾਂ ਮੌਲਦੀਆਂ ਹਨ ਅਤੇ ਨਵੇਂ ਕਰੂੰਬਲਾਂ ਫੁਟ ਦੀਆਂ ਹਨ ਜਿਸ ਨਾਲ ਵਾਤਾਵਾਰਨ ਹੋਰ ਵੀ ਸੁਹਾਵਨਾ ਹੋ ਜਾਂਦਾ ਹੈ ਅਤੇ ਗੁਰੂ ਘਰਾਂ ਵਿਚ ਬਸੰਤ ਰਾਗਾਂ ਦਾ ਗਾਇਨ ਵੀ ਕੀਤਾ ਜਾਂਦਾ ਹੈ ਜੋ ਸਾਨੂੰ ਉਸ ਪ੍ਰਮਾਤਮਾ ਦਾ ਸਿਮਰਨ ਕਰਨ ਲਈ ਬਾਰ ਬਾਰ ਉਪਦੇਸ਼ ਦਿੱਤਾ ਜਾਂਦਾ ਹੈ।

ਲਾਲ ਧਨੀ ਰਾਮ ਚਾਤ੍ਰਿਕ ਅਪਣੀ ਰਚਨਾ ਵਿੱਚ ਲਿਖਦੇ ਹਨ:

ਨੀ ਬਸੰਤੀ ਬਹਾਰੇ, ਪਹਿਨੀ ਪਚਰੀਏ ਨਾਰੇ,
ਤੈਨੂੰ ਕੌਣ ਹੰਡਾਵੇ ਬਾਝੋਂ ਪ੍ਰੀਤਮ ਪਿਆਰੇ ।
ਆਖੀਂ ਹੋਣ ਉਡੀਕਾਂ, ਫੇਰਾ ਘਰ ਵਲ ਪਾਵੇ,
ਸਾਨੂੰ ਸੱਜਣਾਂ ਦੇ ਬਾਝੋਂ ਏ ਬਹਾਰ ਕੀ ਭਾਵੇ?

ਇਸ ਤਰ੍ਹਾਂ ਹੋਰ ਵੀ ਕਵੀਆਂ ਅਤੇ ਵਿਦਵਾਨਾਂ ਨੇ ਇਸ ਮਹੀਨੇ ਦੀ ਆਪਣੇ ਆਪਣੇ ਲਿਹਜ਼ੇ ਵਿੱਚ ਵਡਿਆਈ ਕੀਤੀ ਹੈ।

ਭਗਤ ਨਾਮਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 972 ਤੇ ਪਤੰਗਾਂ ਦੀ ਇਸ ਖੇਡ ਦਾ ਹਵਾਲਾ ਦੇ ਕੇ ਸਮਝਾਉਂਦੇ ਹਨ:

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ।।
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।।1।।

ਇਸ ਦਾ ਭਾਵ ਜਿਸ ਤਰ੍ਹਾਂ ਇੱਕ ਬੱਚਾ ਕਾਗਜ਼ ਕੱਟ ਕੇ ਪਤੰਗ ਬਣਾਉਂਦਾ ਹੈ ਅਤੇ ਅਕਾਸ਼ ਵਿੱਚ ਉਸ ਨੂੰ ਉਡਾਉਂਦਾ ਹੋਇਆ ਆਪਣੇ ਸਾਥੀਆਂ ਨਾਲ ਗੱਲਾਂ ਵੀ ਕਰਦਾ ਹੈ, ਪਰ ਉਸ ਦਾ ਧਿਆਨ ਪਤੰਗ ਦੀ ਡੋਰ ਵਿੱਚ ਹੀ ਟਿਕਿਆ ਹੁੰਦਾ ਹੈ। ਇਸੇ ਤਰ੍ਹਾਂ ਸਾਨੂੰ ਸਾਰੇ ਕੰਮ ਕਰਦਿਆਂ ਪਰਮਾਤਮਾ ਦੀ ਯਾਦ ਨੂੰ ਚਿੱਤ ਵਿੱਚ ਵਸਾਈ ਰੱਖਣਾ ਚਾਹੀਦਾ ਹੈ। ਅਸੀਂ ਜਦੋਂ ਹਰ ਕੰਮ ਕਰਨ ਸਮੇਂ ਪਰਮਾਤਮਾ ਨੂੰ ਯਾਦ ਕਰਨ ਦੀ ਰੁਚੀ ਬਣਾ ਲਵਾਂਗੇ ਤਾਂ ਕਦੀ ਵੀ ਕੋਈ ਅਜਿਹਾ ਕੰਮ ਨਹੀਂ ਕਰਾਂਗੇ ਜਿਸ ਨਾਲ ਕਿਸੇ ਹੋਰ ਮਨੁੱਖ, ਜੀਵ ਜੰਤੂ, ਵਾਤਾਵਰਨ ਜਾਂ ਕੁਦਰਤ ਦਾ ਨੁਕਸਾਨ ਹੋਵੇ। ਆਓ ਇਸ ਮੌਕੇ ਤੇ ਸਾਰੇ ਪ੍ਰਣ ਕਰੀਏ ਕਿ ਇਨ੍ਹਾਂ ਦਿਨਾਂ ਵਿੱਚ ਕੁਦਰਤ ਦੀਆਂ ਅਨਮੋਲ ਦਾਤਾਂ (ਪੰਛੀਆਂ) ਅਤੇ ਵਾਤਾਵਰਨ ਦੀ ਸੰਭਾਲ ਕਰਕੇ ਪਰਮਾਤਮਾ ਦੀਆਂ ਦਿੱਤੀਆਂ ਖ਼ੁੱਸ਼ੀਆਂ ਨਾਲ ਝੋਲੀਆ ਭਰੀਏ।

# ਮਾਡਰਨ ਪੇਂਡੂ ਮਿੰਨੀ ਓਲੰਪਿਕ ਕੋਕਾ ਕੋਲਾ ਏਵਨ ਸਾਈਕਲ ਜਰਖੜ ਖੇਡਾਂ ਤੇ ਹੋਵੇਗਾ 6 ਸਮਾਜ ਸੇਵੀ ਸਖਸ਼ੀਅਤਾਂ ਦਾ ਸਨਮਾਨ








**ਲੁਧਿਆਣਾ-** ਕੋਕਾ ਕੋਲਾ, ਏਵਨ ਸਾਈਕਲ ਅਤੇ ਵੱਲੋਂ ਸਪਾਂਸਰ ਮਾਲਵੇ ਦੀਆਂ ਬਹੁ ਚਰਚਿਤ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 27-28-29 ਜਨਵਰੀ




2023 ਨੂੰ ਹੋ ਰਹੀਆ ਹਨ। 27 ਜਨਵਰੀ ਨੂੰ ਉਦਘਾਟਨੀ ਸਮਾਰੋਹ ਦਾ ਰੰਗਾਰੰਗ ਅਗਾਜ਼ ਹੋਵੇਗਾ। ਇਸ ਮੌਕੇ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜ਼ਰੂਰੀ ਮੀਟਿੰਗ ਜਰਖੜ ਖੇਡ ਕੰਪਲੈਕਸ ਵਿਖੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਬਾਰੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਅਤੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਵਿਧਾਇਕ ਜੀਵਨ ਸਿੰਘ ਸੰਗੋਵਾਲ ਜਰਖੜ ਖੇਡਾਂ ਦੇ ਪ੍ਰਬੰਧਕੀ ਚੈਅਰਮੈਨ ਹੋਣਗੇ। ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ 29 ਜਨਵਰੀ ਨੂੰ ਖੇਡ ਅਤੇ ਸਮਾਜ ਸੇਵਾ ਨਾਲ ਜੁੜੀਆਂ 6 ਸਖਸ਼ੀਅਤ ਦਾ ਵਿਸ਼ੇਸ਼ ਐਵਾਰਡਾ ਨਾਲ ਸਨਮਾਨ ਹੋਵੇਗਾ। ਜਿਸ ਵਿੱਚ ਨਾਮੀ ਪੱਤਰਕਾਰ ਯਾਦਵਿੰਦਰ ਸਿੰਘ ਕਰਫਿਊ ਨੂੰ "ਪੰਜਾਬ ਦਾ ਮਾਣ ਐਵਾਰਡ" ਪ੍ਰਿੰਸੀਪਲ ਸਰਬਣ ਸਿੰਘ ਢੁੱਡੀਕੇ ਨੂੰ "ਖੇਡ ਸਾਹਿਤ ਐਵਾਰਡ" ਯੂ ਟਿਊਬਰ ਖੋਜੀ ਪੱਤਰਕਾਰ ਗੁਰੀ ਘਰਾਗਣਾ ਨੂੰ " ਭਗਤ ਪੂਰਨ ਸਿੰਘ ਐਵਾਰਡ " ਓਲੰਪੀਅਨ ਅਵਨੀਤ ਕੌਰ ਸਿੱਧੂ ਨੂੰ "ਪੰਜਾਬ ਦੀ ਧੀ ਐਵਾਰਡ" ਨਰਾਇਣ ਸਿੰਘ ਗਰੇਵਾਲ ਨੂੰ ਖੇਡ ਪਰਮੋਟਰ "ਅਮਰਜੀਤ ਗਰੇਵਾਲ ਐਵਾਰਡ" ਸਾਬਕਾ ਕਬੱਡੀ ਸਟਾਰ ਮਨਜੀਤ ਸਿੰਘ ਮੋਹਲਾ ਨੂੰ "ਮਾਣਕ ਜੋਧਾਂ ਕਬੱਡੀ ਐਵਾਡ ਨਾਲ ਸਨਮਾਨਿਤ ਕੀਤਾ ਜਾਵੇਗਾ।

ਇਸਤੋਂ ਇਲਾਵਾ ਇਸ ਵਾਰ। ਜਰਖੜ ਖੇਡਾਂ ਵਿੱਚ ਕਬੱਡੀ ਓਪਨ, ਕਬੱਡੀ ਨਿਰੋਲ ਇੱਕ ਪਿੰਡ ਓਪਨ, ਹਾਕੀ 6-ਏ ਸਾਈਡ ਲੜਕੇ, ਹਾਕੀ ਲੜਕੀਆਂ 7- ਏ ਸਾਈਡ , ਹਾਕੀ ਅੰਡਰ 14 ਸਾਲ ਮੁੰਡੇ, ਵਾਲੀਬਾਲ ਸ਼ੂਟਿੰਗ, ਕੁਸ਼ਤੀਆਂ ਆਦਿ ਖੇਡਾਂ ਦੇ ਮੁਕਾਬਲੇ ਹੋਣਗੇ। ਜਿਨ੍ਹਾਂ ਵਿੱਚ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਦੀਆਂ 8 ਅਕੈਡਮੀਆ ਦਾ ਕਬੱਡੀ ਕੱਪ ਨਾਇਬ ਸਿੰਘ ਗਰੇਵਾਲ ਜੋਧਾਂ ਦੀ ਯਾਦ ਵਿੱਚ 29 ਜਨਵਰੀ ਨੂੰ ਹੋਵੇਗਾ।

ਧਰਮ ਸਿੰਘ ਜਰਖੜ ਪਿਉਰ ਇੱਕ ਪਿੰਡ ਓਪਨ ਦੇ ਮੁਕਾਬਲੇ 28 ਜਨਵਰੀ ਨੂੰ ਹੋਣਗੇ। ਇਸ ਤੋਂ ਇਲਾਵਾ ਲੜਕੇ ਅਤੇ ਲੜਕੀਆਂ ਦਾ ਹਾਕੀ ਕੱਪ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਦੀ ਯਾਦ ਵਿੱਚ ਕਰਵਾਇਆ ਜਾਵੇਗਾ। ਹਾਕੀ ਲੜਕੀਆਂ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਓਲੰਪੀਅਨ ਰੀਤੂ ਕਲੱਬ ਪਟਿਆਲਾ, ਰੇਲ ਕੋਚ ਫੈਕਟਰੀ ਕਪੂਰਥਲਾ, ਸੋਨੀਪਤ ਹਾਕੀ ਸੈਂਟਰ, ਨੌਰਦਨ ਰੇਲਵੇ ਦਿੱਲੀ, ਅਮਰਗੜ੍ਹ ਹਾਕੀ ਸੈਂਟਰ, ਬਠਿੰਡਾ ਦੀਆਂ ਟੀਮਾਂ ਹਿੱਸਾ ਲੈਣਗੀਆ। ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਕੱਪ ਅਮਰਜੀਤ ਗਰੇਵਾਲ ਅਤੇ ਬਾਬਾ ਸੁਰਜਨ ਸਿੰਘ ਸਰੀਹ ਦੀ ਯਾਦ ਨੂੰ ਸਮਰਪਿਤ ਹੋਵੇਗਾ । ਵਾਲੀਬਾਲ ਦੇ ਵਿੱਚ 24 ਟੀਮਾਂ ਨੂੰ ਹੀ ਐਂਟਰੀ ਦਿੱਤੀ ਜਾਵੇਗੀ। ਗੱਦੇ ਵਾਲੀਆਂ ਕੁਸ਼ਤੀਆਂ ਦੇ ਮੁਕਾਬਲੇ ਬਚਨ ਸਿੰਘ ਮੰਡੌਰ ਦੀ ਯਾਦ ਵਿੱਚ ਕਰਵਾਏ ਜਾਣਗੇ।

ਜਦਕਿ ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਕੱਪ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਦੇ ਮੁੱਖ ਪ੍ਰਬੰਧਕ ਮੋਹਣਾਂ ਜੋਧਾਂ, ਸਾਬੀ ਕੂਨਰ ਕੈਨੇਡਾ , ਮਨਜੀਤ ਚਾਹਿਲ ਸਿਆਟਲ, ਕਰਨੈਲ ਕੈਲ, ਕਰਮਜੀਤ ਸਿੰਘ ਜੋਧਾ ਕੈਲੀਫ਼ੋਰਨੀਆ, ਸਤਵਿੰਦਰ ਸਰਾਂ ਅਮਰੀਕਾ, ਕਬੱਡੀ ਸਟਾਰ ਪਾਲਾ ਜਲਾਲਪੁਰ , ਇਕਬਾਲ ਸਿੰਘ ਮਨੀਲਾ, ਜਸਪਾਲ ਸਿੰਘ ਮਨੀਲਾ, ਕੁਲਜੀਤ ਸਿੰਘ ਮਨੀਲਾ, ਹਾਕਮ ਸਿੰਘ ਮਨੀਲਾ, ਹੋਰਾਂ ਦੀ ਪੂਰੀ ਟੀਮ ਵੱਲੋਂ ਸਪੋਂਸਰ ਹੋਵੇਗਾ। ਜੇਤੂ ਖਿਡਾਰੀਆਂ 50 ਸਾਈਕਲ ਅਤੇ ਕਬੱਡੀ ਆਲ ਓਪਨ ਦੀ ਜੇਤੂ ਟੀਮ ਨੂੰ 1:50 ਲੱਖ ਰੁਪਏ ਦੀ ਇਨਾਮੀ ਰਾਸ਼ੀ,ਉਪ ਜੇਤੂ ਨੂੰ 1 ਲੱਖ ਰੁਪਏ , ਕਬੱਡੀ ਨਿਰੋਲ ਇੱਕ ਪਿੰਡ ਓਪਨ, ਹਾਕੀ ਦੀਆਂ ਮੁੰਡੇ ਕੁੜੀਆਂ ਦੀਆਂ ਜੇਤੂ ਟੀਮਾਂ ਨੂੰ 35-35 ਹਜ਼ਾਰ, ਉਪ ਜੇਤੂ ਨੂੰ 25-25 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ।

ਪ੍ਰਬੰਧਕਾ ਨੇ ਅੱਜ ਜਰਖੜ ਖੇਡਾਂ ਦਾ ਪੋਸਟਰ ਵੀ ਰਲੀਜ਼ ਕੀਤਾ। ਅੱਜ ਦੀ ਮੀਟਿੰਗ ਵਿੱਚ ਨਰਾਇਣ ਸਿੰਘ ਗਰੇਵਾਲ ਆਸਟ੍ਰੇਲੀਆ, ਬਲਬੀਰ ਸਿੰਘ ਹੀਰ, ਪ੍ਰੋ ਰਜਿੰਦਰ ਸਿੰਘ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪਹਿਲਵਾਨ ਹਰਮੇਲ ਸਿੰਘ ਕਾਲਾ, ਗੁਰਸਤਿੰਦਰ ਸਿੰਘ ਪਰਗਟ, ਪੰਮਾ ਗਰੇਵਾਲ, ਸਾਹਿਬਜੀਤ ਸਿੰਘ ਜਰਖੜ, ਜਸਮੇਲ ਸਿੰਘ ਨੋਕਵਾਲ, ਸਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਅਮਰੀਕ ਸਿੰਘ ਜਰਖੜ, ਰਜਿੰਦਰ ਸਿੰਘ ਜਰਖੜ, ਲਖਵੀਰ ਸਿੰਘ ਜਰਖੜ, ਦਲਬੀਰ ਸਿੰਘ ਜਰਖੜ, ਮਨਜਿੰਦਰ ਸਿੰਘ ਇਯਾਲੀ, ਸੰਦੀਪ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਬਹੁਤ ਹੀ ਦਿਲਦਾਰ ਇਨਸਾਨ- ਵੱਡੇ ਬਾਈ ਪ੍ਰਦੁਮਣ ਸਿੰਘ ਰੰਧਾਵਾ ਜੀ



ਮੰਗਤ ਗਰਗ
91-98223-98202

ਸੰਸਾਰ ਪ੍ਰਸਿੱਧ ਪਹਿਲਵਾਨ ਸਵਰਗੀ ਸਤਿਕਾਰਯੋਗ ਦਾਰਾ ਸਿੰਘ ਦੇ ਪੁੱਤਰ ਸਰਦਾਰ ਪ੍ਰਦੁਮਣ ਸਿੰਘ ਰੰਧਾਵਾ ਦੀ ਫ਼ਿਲਮ 'ਆਖੇਂ 'ਵਿਚਲੀ ਅਦਾਕਾਰੀ ਤੋਂ ਮੈਂ ਬਹੁਤ ਪ੍ਰਭਾਵਿਤ ਰਿਹਾ ਹਾਂ। ਫ਼ੋਨ ਤੇ ਮੇਰੀ ਗੱਲ ਅਕਸਰ ਹੀ ਇਸ ਵੱਡੇ ਬਾਈ ਅਤੇ ਕਲਾਕਾਰ ਪ੍ਰਦੁਮਣ ਸਿੰਘ ਨਾ਼ਲ ਹੁੰਦੀ ਰਹਿੰਦੀ ਸੀ। ਮੈਂ ਇਕ ਦਿਨ ਉਨ੍ਹਾਂ ਕੋਲ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਜਾਣ ਤੋਂ ਪਹਿਲਾਂ ਮੈਂ ਇਸ ਵੱਡੇ ਬਾਈ ਨੂੰ ਦੱਸਿਆ ਕਿ ਮੈਂ ਆ ਰਿਹਾ ਹਾਂ ਤਾਂ ਮੇਰਾ ਉਹਨਾਂ ਨੂੰ ਮਿਲਣ ਦਾ ਚਾਅ ਸਮਝ ਕੇ ਉਨ੍ਹਾਂ ਕਿਹਾ," ਜੰਮ -ਜੰਮ ਆ ਮੇਰੇ ਵੀਰ ! " ਉਹਨਾਂ ਦੇ ਦੱਸਣ ਮੁਤਾਬਿਕ ਮੈਂ ਸਰਾਏ ਰੋਹਿਲਾ ਐਕਸਪ੍ਰੈਸ ਰੇਲ ਗੱਡੀ ਫੜ੍ਹੀ ਤੇ ਮੈਂ ਮੇਰਠ ਨੂੰ ਚਾਲੇ ਪਾ ਦਿੱਤੇ। ਮੈਂ ਕਰਦੇ- ਕਰਾਉਂਦਿਆਂ ਮੇਰਠ ਸ਼ਹਿਰ ਪਹੁੰਚ ਗਿਆ। ਬਾਈ ਨੂੰ ਫ਼ੋਨ ਕੀਤਾ," ਬਾਈ ਜੀ! ਮੈਂ ਮੇਰਠ ਪਹੁੰਚਣ ਵਾਲਾ ਹਾਂ। "ਬਾਈ ਨੇ ਕਿਹਾ," ਤੂੰ ਬਾਈਪਾਸ ਉਤਰ ਜਾਂਵੀਂ ।ਮੈਂ ਆਪਣੇ ਵੱਡੇ ਬੇਟੇ ਅਜੈ ਸਿੰਘ ਨੂੰ ਭੇਜ ਰਿਹਾ ਹਾਂ। ਕੁਝ ਸਮੇਂ ਬਾਅਦ ਬਾਈ ਦਾ ਵੱਡਾ ਪੁੱਤਰ ਅਜੈ ਰੰਧਾਵਾ ਆਇਆ।ਉਹ ਬੜੀ ਮੁਹੱਬਤ ਨਾਲ ਮਿਲਿਆ ਅਤੇ ਰਾਹ ਵਿੱਚ ਗੱਲਾਂ ਬਾਤਾਂ ਕਰਦੇ ਅਸੀਂ ਘਰੇ ਪਹੁੰਚ ਗਏ।

ਅੱਗੋਂ ਪ੍ਰਦੁਮਣ ਬਾਈ ਜੀ ਦੀ ਬੜੀ ਪਿਆਰੀ ਮੋਹ ਭਰੀ ਗਲਵੱਕੜੀ ਨੇ ਮੈਨੂੰ ਇਹ ਕਹਿੰਦਿਆਂ ਜਜ਼ਬਾਤੀ ਕਰ ਦਿੱਤਾ," ਓ ਛੋਟੇ ਭਾਈ !ਤੈਨੂੰ ਸਫ਼ਰ ਚ ਕੋਈ ਦਿੱਕਤ ਤਾਂ ਨਹੀਂ ਆਈ।" ਅੱਗੋਂ ਮੈਂ ਹੱਸਦੇ ਹੋਇਆ ਕਿਹਾ ,"ਨਹੀਂ ਬਾਈ ਜੀ।"

ਲੈ ਮੰਗਤ !ਤੂੰ ਥੋੜ੍ਹੀ ਦੇਰ ਅਰਾਮ ਕਰ ਲੈ ਸਫ਼ਰ ਤੋਂ ਥੱਕਿਆ ਆਇਆ ਹੈ। ਫੇਰ ਮਾਰਦੇ ਹਾਂ ਢੇਰ ਸਾਰੀਆਂ ਗੱਲਾਂ - ਬਾਤਾਂ। ਅੱਧੇ ਘੰਟੇ ਬਾਅਦ ਅਸੀਂ ਰੋਟੀ ਖਾਣ ਵਾਲੇ ਟੇਬਲ ਤੇ ਇਕੱਠੇ ਹੋਏ। ਸ਼ੁਗਲ ਮੇਲਾ ਕਰਦਿਆਂ ਹੀ ਅਸੀਂ ਚਾਹ ਪਾਣੀ ਪੀਤਾ। ਫਿਰ ਮੈਂ ਆਪਣੀ ਦਿਲਚਸਪੀ ਮੁਤਾਬਿਕ ਬਾਈ ਨਾਲ ਫ਼ਿਲਮੀ ਗੱਲਾਂ ਦੀ ਸਾਂਝ ਪਾ ਲਈ ਬਾਈ ਨੇ ਦੱਸਿਆ ਕਿ ਯਾਰ ਮੰਗਤ ਮੇਰਾ ਜਨਮ ਸੰਨ 1945 ਵਿੱਚ ਮਾਂਝੇ ਦੇ ਪਿੰਡ ਧਰਮੂਚੱਕ ( ਜ਼ਿਲ੍ਹਾ ਸ੍ਰੀ ਅੰਮ੍ਰਿਤਸਰ) ਵਿਖੇ ਹੋਇਆ। ਇਥੋਂ ਹੀ ਪੜ੍ਹਾਈ ਲਿਖਾਈ ਪੂਰੀ ਕੀਤੀ। ਬਾਕੀ ਦਾਰਾ ਸਿੰਘ ਜੀ ਨੂੰ ਤਾਂ ਪੂਰੀ ਦੁਨੀਆਂ ਹੀ ਜਾਣਦੀ ਹੈ। ਭਾਪਾ ਜੀ ਦੀ ਖ਼ਵਾਇਸ਼ ਸੀ ਕਿ ਮੈਂ ਵੀ ਉਨ੍ਹਾਂ ਵਾਂਙੂ ਭਲਵਾਨੀ ਦੇ ਖੇਤਰ ਵਿਚ ਆਪਣਾ ਨਾਂਅ ਕਮਾਵਾਂ ਪਰ ਮੇਰੀ ਭਲਵਾਨੀ ਵਿੱਚ ਬਹੁਤੀ ਦਿਲਚਸਪੀ ਨਹੀਂ ਸੀ। ਮੈਂ ਸ੍ਰੀ ਅੰਮ੍ਰਿਤਸਰ ਸਾਹਿਬ , ਜਲੰਧਰ, ਲੁਧਿਆਣਾ, ਬੱਬੇਹਾਲੀ ਅਤੇ ਕਲਾਨੌਰ ਵਿੱਚ ਕੁੱਝ ਭਾਰਤੀ ਦਾਅ ਪੇਚ ਨਾ਼ਲ ਕੁਸ਼ਤੀਆਂ ਲੜੀਆ। ਇਸ ਵਿੱਚ ਮੈਂ ਆਪਣਾ ਉਸਤਾਦ ਮੇਹਰਦੀਨ ਬਾਣੀਆ ਨੂੰ ਧਾਰਿਆ ਸੀ ।

ਸਾਲ 1965 ਭਾਰਤ ਦੀ ਜੰਗ ਦੌਰਾਨ ਭਾਪਾ ਜੀ ਦਾ ਮੈਨੂੰ ਫ਼ੋਨ ਆ ਗਿਆ ਪੁੱਤਰਾ ਤੂੰ ਫੌਰਨ ਬੰਬੇ ਆ ਜਾ । ਮੈਂ



ਕਿਹਾ ਠੀਕ ਹੈ ਭਾਪਾ ਜੀ! ਕੁੱਝ ਦਿਨ ਬਾਅਦ ਮੈਂ ਬੰਬੇ ਪਹੁੰਚ ਗਿਆ। ਇੱਕ ਦਿਨ ਸਾਡੇ ਘਰ ਵਿੱਚ ਫ਼ਿਲਮੀ ਪਾਰਟੀ ਚੱਲ ਰਹੀ ਸੀ। ਇਹ ਸਾਲ 1967 ਦੀ ਗੱਲ ਹੈ ਇਹ ਪਾਰਟੀ ਸਾਡੇ ਘਰ ਸੀ ਇਸ ਪਾਰਟੀ ਵਿੱਚ ਫਿਲਮਾਂ ਦੀਆ ਉੱਘੀਆਂ ਹਸਤੀਆਂ ਵਿਚੋਂ ਅਦਾਕਾਰ ਧਰਮਿੰਦਰ, ਓਮ ਪ੍ਰਕਾਸ਼, ਰਜਿੰਦਰ ਕੁਮਾਰ, ਰਾਮਾਂ ਨੰਦ ਸਾਗਰ ਆਦਿ ਜਿੰਨ੍ਹਾਂ ਨੂੰ ਅੰਦਰ ਲਿਆਉਣ ਤੇ ਛੱਡਣ ਦੀ ਜ਼ਿੰਮੇਵਾਰੀ ਭਾਪਾ ਜੀ ਨੇ ਮੇਰੀ ਲਾਈ ਸੀ। ਜਦੋਂ ਮੈਂ ਰਾਮਾਂ ਨੰਦ ਸਾਗਰ ਨੂੰ ਉਨ੍ਹਾਂ ਦੀ ਗੱਡੀ ਤੱਕ ਛੱਡਣ ਗਿਆ ਤਾਂ ਮੈਨੂੰ ਮੁਖ਼ਾਤਿਬ ਹੁੰਦਿਆ ਆਖਿਆ ਕੜੀ ਵਰਗਿਆਂ ਗੱਭਰੂਆਂ ਤੂੰ ਫਿਲਮਾਂ ਚ ਟ੍ਰਾਈ ਕਿਉਂ ਨਹੀਂ ਕਰਦਾ । ਮੈਂ ਜਵਾਬ ਦਿੱਤਾ ਜੇ ਵਾਹਿਗੁਰੂ ਨੇ ਚਾਹਿਆ ਤਾਂ ਮੈਂ ਜ਼ਰੂਰ ਫ਼ਿਲਮਾਂ ਕਰੂੰਗਾ । ਹਾਲਾਂਕਿ ਕਿ ਭਾਪਾ ਜੀ ਮੇਰੇ ਫਿਲਮਾਂ ਵਿੱਚ ਕੰਮ ਕਰਨ ਤੋਂ ਨਾਖ਼ੁਸ਼ ਸਨ। ਉਨ੍ਹਾਂ ਦਿਨਾਂ ਵਿੱਚ ਰਾਮਾਂਨੰਦ ਸਾਗਰ ਜੀ 'ਆਖੇਂ' ਫ਼ਿਲਮ ਬਣਾ ਰਹੇ ਸਨ।ਇਹ ਗੱਲ ਮੈਂ ਭਾਪਾ ਜੀ ਨਾਲ ਸਾਂਝੀ ਕੀਤੀ ਅਤੇ ਤੇ ਮੈਨੂੰ 'ਆਖੇਂ ' ਫ਼ਿਲਮ ਵਿਚ ਨਵੇਂ ਅਦਾਕਾਰ ਵਜੋਂ ਕੰਮ ਕਰਨ ਦਾ ਮੌਕਾ ਦਿੱਤਾ।

ਇੰਝ ਮੈਂ ਫ਼ਿਲਮਾਂ ਵਿੱਚ ਆ ਗਿਆ। ਮੈਂ ਕਿਹਾ ਬਾਈ ਜੀ ਤੁਹਾਡਾ ਇਸ ਫ਼ਿਲਮ ਵਿੱਚ ਨਿਭਾਇਆ ਨਕਾਰਾਤਮਕ ਰੋਲ ਬਹੁਤ ਸੋਹਣਾ ਲੱਗਿਆ। ਹਾਂ ਮੰਗਤ ਮੈਨੂੰ ਇਹ ਫ਼ਿਲਮ ਬਣਨ ਤੋਂ ਬਾਅਦ ਜਦੋਂ ਰਿਲੀਜ਼ ਹੋਈ ਤਾਂ ਇਸ ਫ਼ਿਲਮ ਲਈ ਇਨਾਮ ਮਿਲਿਆ। ਮੈਂ ਇਸ ਤੋਂ ਬਾਅਦ 'ਬੰਦਿਸ਼' ਫ਼ਿਲਮ ਵਿਚ ਕੰਮ ਕੀਤਾ। ਮੇਰੀ ਸਹਿ ਕਲਾਕਾਰ ਸੋਨੀਆ ਸਾਹਨੀ ਸੀ। ਉਹਨਾਂ ਦੱਸਿਆ ਕਿ 'ਆਖੇਂ ' ਫ਼ਿਲਮ ਵਿਚ ਪ੍ਰਦੁਮਣ ਨਾਂਅ ਨਾਲ ਮੇਰਾ ਦਾਖ਼ਲਾ ਹੋਇਆ ਸੀ । ਇਸ ਦੂਜੀ ਫ਼ਿਲਮ ਵਿਚ ਮੈਨੂੰ ਸ਼ੈਲੇਂਦਰ ਦੇ ਨਾਂਅ ਨਾਲ ਪੇਸ਼ ਕੀਤਾ। ਜਦੋਂ ਇਸ ਸਬੰਧੀ ਮੈਂ ਉਹਨਾਂ ਤੋਂ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਛੋਟੇ ਵੀਰ 'ਬੰਦਿਸ਼ 'ਫ਼ਿਲਮ ਦਾ ਡਾਇਰੈਕਟਰ ਚਰਨ ਦਾਸ ਸੋਖ ਮੇਰਾ ਦੋਸਤ ਸੀ ਉਸਨੇ ਕਿਹਾ ਕਿ ਪ੍ਰਦੁਮਣ ਨਾਂਅ ਥੋੜਾਂ ਜਿਹਾ ਬੋਲਣ ਵਿਚ ਔਖਾ ਲੱਗਦਾ ਹੈ ਤੂੰ ਅਤੇ ਆਪਣਾ ਫ਼ਿਲਮੀ ਨਾਂਅ ਸ਼ੈਲੇਂਦਰ ਰੱਖ ਲੈ ਮੈਂ ਉਸ ਤੋਂ ਬਾਅਦ ਸ਼ੈਲੇਂਦਰ ਦੇ ਨਾਂਅ ਨਾਲ ਫਿਲਮਾਂ ਵਿਚ ਆਇਆ। ਮੈਂ ਹੱਸਦਿਆਂ ਪੁੱਛਿਆ," ਬਾਈ ਜੀ! ਮੈਨੂੰ ਇਸ ਫ਼ਿਲਮ ਦਾ ਇੱਕ ਰੂਮਾਨੀ ਗੀਤ 'ਅਭੀ ਤੋ ਰਾਤ ਬਾਕੀ ਹੈ', ਬੜਾ ਪਸੰਦ ਆਇਆ ਸੀ ।ਬਾਈ ਜੀ ਇਹ ਸੁਣ ਕੇ ਹੱਸ ਪਏ ਅਤੇ ਉਨ੍ਹਾਂ ਦੇ ਚਿਹਰੇ ਤੇ ਮੁਸਕਰਾਹਟ ਆ ਗਈ। ਉਹ ਖੁੱਲ੍ਹੇ ਆਸਮਾਨ ਵੱਲ ਦੇਖਣ ਲੱਗੇ ਤੇ ਆਪਣੇ ਅਤੀਤ ਵਿੱਚ ਗਵਾਚ ਗਏ ਅਤੇ ਕਹਿਣ ਲੱਗੇ ਯਾਰ

ਓਹ ਸਮਾਂ ਬਹੁਤ ਵਧੀਆ ਸੀ।ਤੁਸੀਂ ਏਨੇ ਸੋਹਣੇ ਸੁਨੱਖੇ ਸੀ । ਬਾਅਦ ਵਿੱਚ ਫਿਲਮਾਂ ਵਿੱਚ ਕਿਉਂ ਨਹੀਂ ਆਏ ਅਤੇ ਛੋਟੇ ਮੋਟੇ ਕਿਰਦਾਰਾਂ ਵਿੱਚ ਸਿਮਟ ਕੇ ਰਹਿ ਗਏ। ਫਿਰ ਉਨ੍ਹਾਂ ਨੇ ਦੱਸਿਆ ਮੈਂ ਕੁਝ ਘਰੇਲੂ ਕਾਰਨਾਂ ਕਰਕੇ ਅੱਗੇ ਫਿਲਮਾਂ ਨਹੀਂ ਕਰ ਸਕਿਆ। ਹਾਲਾਂਕਿ ਮੈਂ ਵਧੀਆ ਫਿਲਮਾਂ ਵਿੱਚ ਕੰਮ ਕਰਨ ਦਾ ਇਛੁੱਕ ਸੀ।

ਮੈਂ ਅੱਗੇ ਗੱਲ ਤੋਰਦੇ ਹੋਏ ਕਿਹਾ,"ਬਾਈ ਜੀ! ਤੁਸੀਂ ਮਨ ਨੂੰ ਸਕੂਨ ਦੇਣ ਵਾਲੀ ਦਿਲ ਟੁੰਬਵੀ ਸੋਹਣੀ ਸ਼ਾਇਰੀ ਵੀ ਕਰਦੇ ਹੋ । ਤੁਸੀਂ ਕਿਤਾਬ ਕਿਉਂ ਨ੍ਹੀਂ ਛਪਵਾਉਂਦੇ ਬਾਈ ਜੀ!" ਮੇਰੀ ਇਸ ਗੱਲ ਦਾ ਜਵਾਬ ਦੇਣ ਲਈ ਉਹ ਬੋਲੇ," ਓ ਯਾਰ !ਜਦੋਂ ਮੈਂ ਪੜ੍ਹਦਾ ਸੀ ।ਓਦੋਂ ਮੇਰੀ 'ਸੁਗੰਧ' ਨਾਂਅ ਦੀ ਇੱਕ ਕਿਤਾਬ ਆਈ ਸੀ। ਮੰਗਤ ਜੇ ਤੂੰ ਹੁਣ ਸ਼ਾਇਰੀ ਦੀ ਗੱਲ ਹੀ ਕੀਤੀ ਹੈ ਤਾਂ ਛੋਟੇ ਵੀਰ ਤੇਰੇ ਵਰਗੇ ਭਰਾਵਾਂ ਸਦਕਾ ਮੇਰੀ ਬਹੁਤ ਜਲਦੀ ਸ਼ਾਇਰੀ ਦੀ ਕਿਤਾਬ ਆ ਰਹੀ ਹੈ।

ਪਰਿਵਾਰ ਬਾਰੇ ਪੁੱਛੇ ਜਾਣ ਤੇ ਉਹਨਾਂ ਦੱਸਿਆ ਕਿ ਮੇਰੇ ਪਰਿਵਾਰ ਵਿਚ ਮੇਰੀ ਧਰਮ ਪਤਨੀ ਨਰਿੰਦਰ ਕੌਰ,ਵੱਡੀ ਬੇਟੀ ਪ੍ਰੀਤੀ ਰੰਧਾਵਾ ਜੋ ਕਨੈਡਾ ਵਿਆਹੀ ਹੋਈ ਹੈ ਅਤੇ ਦੋਵੇਂ ਪੁੱਤਰ ਅਜੈ ਰੰਧਾਵਾ ਅਤੇ ਵਿਜੈ ਰੰਧਾਵਾ ਮੇਰੇ ਕਾਰੋਬਾਰ ਨੂੰ ਸੰਭਾਲਦੇ ਹਨ।

ਬਹੁਤ ਸਾਰੇ ਲੋਕ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ਼ ਹਨ ਕਿ ਬਿੰਦੂ ਸਿੰਘ ਤੇ ਅਮਰੀਕ ਸਿੰਘ ਫਿਲਮਾਂ ਨਾਲ ਜੁੜੇ ਹੋਏ ਹਨ ਪ੍ਰਦੁਮਣ ਜੋ ਕਿ ਦਾਰਾ ਸਿੰਘ ਜੀ ਦਾ ਜੇਠਾਂ ਪੁੱਤਰ ਹੈ ਉਹ ਵੀ ਪੁਰਾਣੀਆਂ ਫਿਲਮਾਂ ਦਾ ਹੀਰੋ ਰਿਹਾ ਹੈ। ਜੋ ਮੇਰਠ ਵਿਖੇ ਆਪਣੀ ਖੁਸ਼ਗਵਾਰ ਜ਼ਿੰਦਗੀ ਬਸ਼ਰ ਕਰ ਰਹੇ ਹਨ। ਪਰਮਾਤਮਾ ਕਰੇ ਇਹ ਮੇਰੇ ਵੱਡੇ ਬਾਈ ਜੀ ਦੁਨੀਆਂ ਭਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

# ਬੱਚਿਓ ! ਬਸੰਤ ਮਨਾਉ, ਪਰ ਖ਼ੂਨੀ ਪਤੰਗਾਂ ਨਾਲ ਨਹੀਂ...



ਭਵਨਦੀਪ ਸਿੰਘ ਪੁਰਬਾ
ਵਟਸਐਪ: 9988-92-9988

'ਬਸੰਤ' ਦੇ ਤਿਉਹਾਰ ਨੂੰ 'ਬਸੰਤ ਪੰਚਮੀ' ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਬਸੰਤ ਦਾ ਤਿਉਹਾਰ ਮਾਘ ਮਹੀਨੇ ਦੀ ਪੰਜ ਤਾਰੀਖ ਨੂੰ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਦਾ ਤਿਉਹਾਰ ਪੰਜਾਬੀਆਂ ਦਾ ਖਾਸ ਕਰਕੇ ਪੰਜਾਬੀ ਬੱਚਿਆਂ ਦਾ ਬਹੁੱਤ ਹੀ ਮਨ-ਭਾਉਂਦਾ ਤਿਉਹਾਰ ਹੈ। ਇਸ ਦਿਨ ਪੀਲੇ ਕੱਪੜੇ ਪਹਿਨਣ ਦਾ ਰਿਵਾਜ ਹੈ। ਲੋਕ ਸਰ੍ਹੋਂ ਦੇ ਫੁੱਲ ਵਾਂਗ ਖਿੜੇ ਨਜਰ ਆਉਂਦੇ ਹਨ। ਵੈਸੇ ਤਾਂ ਅੱਜ-ਕੱਲ੍ਹ ਚਾਹੇ ਮੌਸਮ ਵੀ ਬਦਲ ਗਏ ਹਨ ਪਰ ਫਿਰ ਵੀ ਇਹ ਦਿਨ ਸੁਹਾਵਣੇ ਮੌਸਮ ਦੀ ਆਮਦ ਦਾ ਸੂਚਕ ਹੁੰਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਦਿਨ ਕੜਾਕੇ ਦੀ ਠੰਡ ਖਤਮ ਹੋ ਜਾਂਦੀ ਹੈ ਤਾਂਹੀ ਕਿਹਾ ਜਾਦਾ ਹੈ, "ਆਈ ਬਸੰਤ, ਪਾ਼ਲਾ ਉਡੰਤ"।



ਪੁਰਾਤਨ ਪੁਸਤਕਾਂ ਅਨੁਸਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਪਹਿਲੀ ਵਾਰੀ ਬਸੰਤ ਦਾ ਮੇਲਾ 1599 ਵਿੱਚ ਲੱਗਾ ਸੀ ਜਦ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਵਡਾਲੀ ਤੋਂ ਅੰਮ੍ਰਿਤਸਰ ਲਿਆਂਦਾ ਗਿਆ ਸੀ। ਅੰਮ੍ਰਿਤਸਰ ਦੇ ਨੇੜੇ ਛੇਹਰਟੇ ਲਾਗੇ ਗੁਰੂ ਹਰਿਗੋਬਿੰਦ ਦੀ ਯਾਦ ਵਿੱਚ ਜਿੱਥੇ ਛੇ ਹਰਟਾ ਵਾ਼ਲਾ ਖੂਹ ਹੈ ਇੱਥੇ ਹੀ ਬਸੰਤ ਪੰਚਮੀ ਦਾ ਮੇਲਾ ਅੱਜ ਵੀ ਲੱਗਦਾ ਹੈ।

ਬਸੰਤ ਪੰਚਮੀ ਦਾ ਤਿਉਹਾਰ ਨੂੰ ਬੱਚੇ ਪਤੰਗਾਂ ਉਡਾ ਕੇ ਮਨਾਉਂਦੇ ਹਨ। ਉਸ ਦਿਨ ਸਾਰਾ ਆਕਾਸ਼ ਰੰਗ ਬਰੰਗੀਆਂ ਪਤੰਗਾ ਨਾਲ ਭਰਿਆ ਨਜਰ ਆਉਂਦਾ ਹੈ। ਪਤੰਗਾਂ ਉਡਾਉਣ ਦੇ ਮਾਮਲੇ ਵਿੱਚ ਫਿਰੋਜਪੁਰ ਸਭ ਤੋਂ ਮੂਹਰੇ ਹੈ। ਇਥੇ ਵਿੱਚ ਸਭ ਤੋਂ ਵੱਧ ਪਤੰਗਾਂ ਉਡਾਈਆਂ ਜਾਦੀਆਂ ਹਨ। ਇਥੇ ਲੋਕ ਡੀ।ਜੇ। ਅਤੇ ਢੋਲ ਵਗੈਰਾ ਵਜਾ ਕੇ ਪਤੰਗਾਂ ਉਡਾਉਂਦੇ ਹਨ। ਇਸ ਤੋਂ ਬਾਅਦ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਜਲੰਧਰ ਵਿੱਚ ਪਤੰਗਾਂ ਉਡਾਉਣ ਦਾ ਰੁਝਾਣ ਜਿਆਦਾ ਹੈ। ਵੱਡੇ ਸ਼ਹਿਰਾਂ ਵਿੱਚ ਇਸ ਦਿਨ ਆਕਾਸ਼ ਵੀ ਰੰਗਮੰਚ ਲੱਗਦਾ ਹੈ। ਪੁਰਾਤਨ ਰਿਵਾਇਤ ਅਨੁਸਾਰ ਇਸ ਦਿਨ ਔਰਤਾਂ ਬਸੰਤੀ ਰੰਗ ਦੇ ਕੱਪੜੇ ਪਾ ਕੇ ਗਿੱਧਾ ਪਾਉਂਦੀਆਂ ਸਨ ਅਤੇ ਗੀਤ ਗਾਉਂਦੀਆਂ ਸਨ ਇਸ ਗਿੱਧੇ ਨੂੰ 'ਬਸੰਤੀ ਗਿੱਧਾ' ਕਿਹਾ ਜਾਂਦਾ ਸੀ।

ਪਤੰਗਾਂ ਉਡਾਉਣ ਕਾਰਨ ਹੀ 'ਬਸੰਤ ਪੰਚਮੀ' ਬੱਚਿਆਂ ਦਾ ਮਨ-ਭਾਉਂਦਾ ਤਿਉਹਾਰ ਹੈ। ਪਤੰਗਾਂ ਤਾਂ ਸਾਲਾਂ ਤੋਂ ਉਡਦੀਆਂ ਆ ਰਹੀਆਂ ਹਨ ਪਰ ਅੱਜ ਪਤੰਗਾਂ ਮਨੋਰੰਜਨ ਤੋਂ ਜਿਆਦਾ ਖੌਫ ਬਣੀਆਂ ਹੋਈਆਂ ਹਨ। ਖੁਸ਼ੀ ਦੇਣ ਵਾਲੀਆਂ ਪਤੰਗਾਂ ਅੱਜ ਖੂਨੀ ਪਤੰਗਾਂ ਬਣ ਗਈਆਂ ਹਨ। ਪਿਛਲੇ ਕੁੱਝ ਸਾਲਾਂ ਤੋਂ ਚਾਈਨਾ ਦੀਆਂ ਡੋਰਾਂ ਸਭ ਲਈ ਖੌਫ ਬਣੀਆਂ ਹੋਇਆ ਹਨ। ਦਿਨੋ-ਦਿਨ ਇਸ ਦੇ ਮਾੜੇ ਪ੍ਰਭਾਵ ਵੱਧਦੇ ਜਾ ਰਹੇ ਹਨ। ਐਤਕੀ ਚਾਈਨਾ ਦੀਆਂ ਡੋਰਾਂ ਕਾਰਨ ਅਣ-ਗਿਣਤ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਫਿਰ ਵੀ ਸਵਾਰਥੀ ਲੋਕ ਆਪਣੇ ਨਿੱਜੀ ਮੁਨਾਫਿਆਂ ਲਈ ਪੰਛੀਆਂ ਤੇ ਮਾਸੂਮਾਂ ਦੇ ਕਾਤਿਲ ਬਣ ਰਹੇ ਹਨ। ਸਰਕਾਰ ਵੱਲੋਂ ਇਸ ਦੇ ਖਿਲਾਫ ਕਰੜੇ ਕਾਨੂੰਨ ਬਣਾ ਦਿੱਤੇ ਗਏ ਹਨ ਫਿਰ ਵੀ ਆਏ ਦਿਨ ਇਸ ਚਾਈਨਾ ਡੋਰ ਕਾਰਨ ਵਾਪਰਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਜਿਹੜੇ ਲੋਕ ਚਾਈਨਾ ਡੋਰਾਂ ਦੀ ਕਾਲਾ ਬਜਾਰੀ ਬੰਦ ਨਹੀਂ ਕਰ ਰਹੇ ਉਹ ਕੱਲ੍ਹ ਨੂੰ ਨਸ਼ਿਆਂ ਦਾ ਵਪਾਰ ਵੀ ਕਰਨਗੇ। ਇਸ ਲਈ ਸਰਕਾਰ ਨੂੰ ਸਖਤੀ ਨਾਲ ਇਸ ਦੇ ਖਿਲਾਫ ਐਕਸ਼ਨ ਲੈਣ ਦੀ ਲੋੜ ਹੈ।

ਬੱਚਿਆਂ ਨੂੰ ਵੀ ਬੇਨਤੀ ਕਰਦੇ ਹਾਂ ਕਿ ਤੁਸੀਂ ਬਸੰਤ ਮਨਾਉ, ਪਰ ਖ਼ੂਨੀ ਪਤੰਗਾਂ ਨਾਲ ਨਹੀ! ਪਤੰਗਾਂ ਤੁਸੀਂ ਖ਼ੁਸ਼ੀ ਲਈ ਉਡਾਉਣੀਆਂ ਹਨ ਨਾ ਕਿ ਪੰਛਿਆਂ ਅਤੇ ਮਾਸੂਮਾਂ ਦੇ ਕਾਤਿਲ ਬਨਣਾ ਹੈ। ਚਾਈਨਾ ਡੋਰ ਨਾ ਆਪ ਵਰਤੋ ਅਤੇ ਨਾ ਹੀ ਆਪਣੇ ਯਾਰਾਂ ਦੋਸਤਾਂ ਨੂੰ ਵਰਤਨ ਦਿਓ। ਆਪਣਾ ਵੀ ਧਿਆਨ ਰੱਖੋ, ਕੋਠਿਆਂ ਉਤੇ ਪਤੰਗਾਂ ਉਡਾਉਣ ਲੱਗੇ ਆਸੇ ਪਾਸੇ ਵੇਖੋ ਕਿ ਕਿਤੇ ਚਾਈਨਾ ਡੋਰ ਜਾਂ ਕੋਈ ਹੋਰ ਅਜਿਹੀ ਡੋਰ ਤਾਂ ਨਹੀਂ ਜੋ ਤੁਹਾਡੇ ਨੇੜ ਦੀ ਵੀ ਲੰਘ ਰਹੀ ਹੋਵੇ। ਸਕੂਲ, ਕਾਲਜ, ਗਲੀ ਮਹੁੱਲੇ ਵਿੱਚ ਖੇਡਣ ਲੱਗੇ ਖਿਆਲ ਰੱਖੋ ਕਿਤੇ ਆਸੇ ਪਾਸੇ ਚਾਈਨਾ ਡੋਰ ਨਾ ਹੋਵੇ ਜੋ ਤੁਹਾਨੂੰ ਨੁਕਸਾਨ ਪਹੁੰਚਾ ਦੇਵੇ। ਪਤੰਗਾਂ ਆਪਾਂ ਆਪਣੀ ਖੁਸ਼ੀ ਲਈ ਉਡਾਉਣੀਆਂ ਹਨ ਨਾ ਕਿ ਪੰਛਿਆਂ ਅਤੇ ਮਾਸੂਮਾ ਦੇ ਕਾਤਿਲ ਬਨਣ ਲਈ। ਦੋ ਪਲ ਦੀ ਖੁਸ਼ੀ ਲਈ ਕਿਸੇ ਦੀ ਜਿੰਦਗੀ ਨਾਲ ਖਿਲਵਾੜ ਨਾ ਕਰੋ। ਪਤੰਗਾਂ ਉਡਾਓ ਪਰ ਚਾਈਨਾਂ ਡੋਰ ਨਾਲ ਨਹੀਂ। ਆਪ ਵੀ ਖੁਸ਼ੀ ਮਨਾਓ ਅਤੇ ਦੂਸਰਿਆਂ ਦੀ ਵੀ ਖੁਸ਼ੀ ਦਾ ਖਿਆਲ ਰੱਖੋ।ਬਸੰਤ ਪੰਚਮੀ ਦੀਆਂ ਸਭ ਨੂੰ ਬਹੁਤ-ਬਹੁਤ ਮੁਬਾਰਕਾਂ!

# ਹੰਕਾਰ ਦਿੰਦਾ ਕੁਝ ਨਹੀਂ ਪਰ ਪੱਲੇ ਹਕੀਕਤ ਵਿਚ ਕੁਝ ਛੱਡਦਾ ਵੀ ਨਹੀਂ

ਪ੍ਰਭਜੋਤ ਕੌਰ ਢਿੱਲੋਂ

ਅਸੀਂ ਆਮ ਹੀ ਸੁਣਦੇ ਹਾਂ, 'ਹੰਕਾਰਿਆ ਸੋ ਮਾਰਿਆ।' ਹੰਕਾਰ ਉਦੋਂ ਹੀ ਆਉਂਦਾ ਹੈ ਜਦੋਂ ਰੱਬ ਨੇ ਮੱਤ ਮਾਰ ਦਿੱਤੀ ਹੋਵੇ। ਕਹਿੰਦੇ ਨੇ,"ਰੱਬ ਚਪੇੜ ਨਹੀਂ ਮਾਰਦਾ ਮੱਤ ਮਾਰ ਦਿੰਦਾ ਹੈ"। ਹੰਕਾਰ ਕਰਨ ਵਾਲੇ ਹਕੀਕਤ ਜਾਣਦੇ ਹੋਏ ਵੀ ਬਹੁਤ ਗ਼ਲਤੀਆਂ ਕਰ ਲੈਂਦੇ ਹਨ। ਇਹ ਕੌੜਾ ਸੱਚ ਹੈ ਕਿ ਕਿਸੇ ਗ਼ਰੀਬ, ਸ਼ਰੀਫ ਬੰਦੇ ਨੂੰ ਤੰਗ ਕੀਤਾ ਜਾ ਸਕਦਾ ਹੈ। ਪਰ ਰੱਬ ਦੇ ਹਿਸਾਬ ਵਿੱਚ ਕੀਤੇ ਗ਼ਲਤ ਕੰਮਾਂ ਦਾ ਰਿਕਾਰਡ ਲਿਖਿਆ ਹੀ ਜਾਂਦਾ ਹੈ। ਇਹ ਵੀ ਸੱਚ ਹੈ ਕਿ ਕੁਰਸੀ ਦੀ ਤਾਕਤ ਜਾਂ ਪੈਸੇ ਦੇ ਹੰਕਾਰ ਨੂੰ ਤੋੜਨ ਲਈ ਹੀ ਕੁਦਰਤ ਅਜਿਹੇ ਕੰਮਾਂ ਪਾਸੇ ਤੋਰੇ ਕਿ ਤੇਰੀ ਸਜ਼ਾ ਦਾ ਸਮਾਂ ਆ ਗਿਆ ਹੈ। ਹੰਕਾਰ ਆਪਣਿਆਂ ਤੋਂ ਦੂਰ ਕਰ ਦਿੰਦਾ ਹੈ ਅਤੇ ਸਮਾਜ ਵਿੱਚ ਇੱਜ਼ਤ ਵੀ ਨਹੀਂ ਰਹਿੰਦੀ। ਹੰਕਾਰ ਹੀ ਕਾਨੂੰਨ ਨੂੰ ਤੋੜਨ ਵਿੱਚ ਸ਼ਾਨ ਵਾਲੀ ਸੋਚ ਦਿੰਦਾ ਹੈ। ਲਾਲ ਬੱਤੀ ਟੱਪਣ ਵਾਲੇ ਨੂੰ ਇਵੇਂ ਲੱਗਦਾ ਹੈ ਜਿਵੇਂ ਮੈਂ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ ਹੋਵੇ। ਇੰਜ ਹੀ ਕਿਸੇ ਮਾੜੇ ਥੀੜੇ 'ਤੇ ਰੋਹਬ ਪਾਉਣ ਵਾਲਾ ਵੀ ਆਪਣੇ ਹੰਕਾਰ ਵਿੱਚ ਹੀ ਹੁੰਦਾ ਹੈ। ਵੱਡੀਆਂ ਕੁਰਸੀਆਂ ਅਤੇ ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਵੀ ਹੰਕਾਰ ਟਿਕਣ ਨਹੀਂ ਦਿੰਦਾ। ਉਨ੍ਹਾਂ ਨੂੰ ਲੱਗਦਾ ਹੈ ਕਿ ਅਸੀਂ ਸਰਕਾਰੀ ਮੁਲਾਜ਼ਮ ਹਾਂ ਅਤੇ ਸਾਨੂੰ ਕੋਈ ਵੀ ਕੁੱਝ ਨਹੀਂ ਕਹਿ ਸਕਦਾ। ਅਸਲ ਵਿੱਚ ਉਨ੍ਹਾਂ ਦਾ ਹੰਕਾਰ ਉਨ੍ਹਾਂ ਨੂੰ ਭੁੱਲਾ ਦਿੰਦਾ ਹੈ ਕਿ ਤੁਸੀਂ ਪਬਲਿਕ ਸਰਵੈਂਟ ਹੋ। ਉਹ ਇਹ ਵੀ ਭੁੱਲ ਜਾਂਦੇ ਹਨ ਕਿ ਲੋਕਾਂ ਦੇ ਟੈਕਸਾਂ ਦੇ ਪੈਸਿਆਂ 'ਚੋਂ ਤਨਖ਼ਾਹਾਂ ਮਿਲ ਰਹੀਆਂ ਹਨ। ਬਹੁਤ ਥਾਵਾਂ 'ਤੇ ਕਿੜ ਕੱਢਣ ਲਈ ਵੀ ਆਪਣੀਆਂ ਕੁਰਸੀਆਂ ਅਤੇ ਅਹੁਦਿਆਂ ਦੀ ਦੁਰਵਰਤੋਂ ਕਰਦੇ ਹਨ। ਇੰਜ ਹੀ ਜਿਹਦੇ ਕੋਲ ਚਾਰ ਪੈਸੇ ਹਨ, ਉਹ ਵੀ ਪੈਸੇ ਦੀ ਤਾਕਤ ਨਾਲ ਮਾੜੇ ਅਤੇ ਸ਼ਰੀਫ ਬੰਦਿਆਂ ਨੂੰ ਤੰਗ ਕਰਨ 'ਚ ਕੋਈ ਕਸਰ ਨਹੀਂ ਛੱਡਦਾ। ਹੰਕਾਰ ਬੰਦੇ ਨੂੰ ਅੰਨ੍ਹਾ ਬੋਲਾ ਕਰ ਦਿੰਦਾ ਹੈ। ਉਸ ਨੂੰ ਗ਼ਲਤ ਤੇ ਸਹੀ ਦੀ ਪਛਾਣ ਕਰਨ ਵਾਲੀ ਅਕਲ ਮਾਰ ਦਿੰਦਾ ਹੈ। ਅਖੀਰ 'ਚ ਬੰਦਾ ਕਸੂਤਾ ਫਸ ਜਾਂਦਾ ਹੈ ਤੇ ਆਪਣਾ ਨੁਕਸਾਨ ਕਰਵਾ ਲੈਂਦਾ ਹੈ। ਵਿਕਾਰ ਹੋਊਗਾ ਅਨੁਸਾਰ, "ਹੰਕਾਰ ਹੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ।

ਅਸੀਂ ਸਾਰਿਆਂ ਨੇ ਆਪਣੇ ਆਸ-ਪਾਸ ਅਜਿਹੇ ਲੋਕ ਜ਼ਰੂਰ ਵੇਖੇ ਹੋਣਗੇ। ਸਾਡਾ ਵਾਹ ਵੀ ਕਈ ਵਾਰ ਅਜਿਹੇ ਲੋਕਾਂ ਨਾਲ ਪੈ ਜਾਂਦਾ ਹੈ। ਹੰਕਾਰ ਵਾਲੇ ਬੰਦੇ ਨੂੰ ਅਸਲ ਵਿੱਚ ਗ਼ਲਤਫਹਿਮੀ ਹੋ ਜਾਂਦੀ ਹੈ ਕਿ ਮੇਰੇ ਵਰਗਾ ਹੋਰ ਕੋਈ ਸ਼ਕਤੀਸ਼ਾਲੀ ਨਹੀਂ ਹੈ। ਮੈਨੂੰ ਕੋਈ ਵੀ ਕੁੱਝ ਨਹੀਂ ਕਹਿ ਸਕਦਾ। ਇਸ ਕਰਕੇ ਉਹ ਹਰ ਜਗ੍ਹਾ ਆਪਣੀ ਟੰਗ ਫਸਾ ਲੈਂਦਾ ਹੈ। ਕਿਸੇ ਦੀ ਗੱਲ, ਕਿਸੇ ਨੂੰ ਕਹੀ ਵੀ ਆਪਣੇ ਨਾਲ ਜੋੜ ਲੈਂਦਾ ਹੈ। ਅਜਿਹੇ ਲੋਕ ਤੰਗ ਸੋਚ ਅਤੇ ਘਟੀਆ ਸੋਚ ਦੇ ਮਾਲਕ ਹੁੰਦੇ ਹਨ। ਹੰਕਾਰੀ ਬੰਦੇ ਨੂੰ ਹਮੇਸ਼ਾ ਚਾਪਲੂਸ ਚੰਗੇ ਲੱਗਦੇ ਹਨ ਕਿਉਂਕਿ ਉਹ ਉਸਦੀ ਵਡਿਆਈ ਕਰਦੇ ਰਹਿੰਦੇ ਹਨ। ਅਹੁਦਿਆਂ ਜਾਂ ਪੈਸੇ ਦਾ ਹੰਕਾਰ ਹਮੇਸ਼ਾਂ ਉਨ੍ਹਾਂ ਨੂੰ ਹੁੰਦਾ ਹੈ ਜਿੰਨ੍ਹਾਂ ਕੋਲ ਨਵਾਂ ਨਵਾਂ ਆਇਆ ਹੋਵੇ। ਸਿਆਣੇ ਕਹਿੰਦੇ ਨੇ,"ਹੋਵੇ ਬੰਦੇ ਕੋਰਾ ਲੱਭਾ,ਪਾਣੀ ਪੀ ਪੀ ਆਫਰਿਆ।" ਹੰਕਾਰ ਕਰਨ ਵਾਲੇ ਦੇ ਨੇੜੇ ਚੰਗੇ ਬੰਦਿਆਂ ਦੀ ਘਾਟ ਵੇਖੀ ਜਾ ਸਕਦੀ ਹੈ। ਉਸ ਕੋਲ ਬੈਠਣ ਵੀ ਉਹ ਹੀ ਜਾਣਗੇ ਜਿਹੜੇ ਆਪ ਅਸਲੋਂ ਪੈਦਲ ਹੋਣਗੇ।ਘਰਾਂ ਦਫਤਰਾਂ ਅਤੇ ਸਮਾਜ ਵਿੱਚ ਅਜਿਹੇ ਬੰਦਿਆਂ ਤੋਂ ਲੋਕ ਦੂਰੀ ਬਣਾਉਣ ਲੱਗ ਜਾਂਦੇ ਹਨ। ਉਸ ਪੈਸੇ ਅਤੇ ਅਹੁਦਿਆਂ ਦਾ ਕੀ ਫਾਇਦਾ ਜਿਸ ਨਾਲ ਤੁਸੀਂ ਦੂਸਰਿਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਹੋ। ਕੁੱਝ ਸਮੇਂ ਲਈ ਦੂਜੇ ਨੂੰ ਦਿੱਤੀ ਪ੍ਰੇਸ਼ਾਨੀ ਤੁਹਾਡੇ ਮਾੜੇ ਕਰਮਾਂ ਦੇ ਖਾਤੇ ਨੂੰ ਵਧਾ ਦਿੰਦੀ ਹੈ। ਕਹਿੰਦੇ ਨੇ,"ਰੱਬ ਦੀ ਚੱਕੀ ਹੌਲੀ ਚੱਲਦੀ ਹੈ,ਪਰ ਪੀਹਦੀਂ ਬਹੁਤ ਮਹੀਨ (ਬਰੀਕ) ਹੈ। ਫਲ ਲੱਗੇ ਰੁੱਖ ਝੁੱਕਦੇ ਹਨ।ਹੰਕਾਰ ਦਿੰਦਾ ਕੁੱਝ ਨਹੀਂ ਪਰ ਪੱਲੇ ਹਕੀਕਤ ਵਿੱਚ ਕੁੱਝ ਵੀ ਨਹੀਂ ਛੱਡਦਾ।

# ਵਿਸ਼ਵ ਹਾਕੀ ਕੱਪ ਨਾਲ ਜੁੜੀਆਂ ਇਤਿਹਾਸਕ ਯਾਦਾਂ



ਪ੍ਰਿੰ. ਸਰਵਣ ਸਿੰਘ
+1-905-779-1661

15ਵੇਂ ਹਾਕੀ ਵਿਸ਼ਵ ਕੱਪ ਭੁਵਨੇਸ਼ਵਰ ਤੇ ਰੌੜਕੇਲਾ ਵਿਚ 13 ਤੋਂ 29 ਜਨਵਰੀ ਤਕ ਕੱਪ ਸ਼ੁਰੂ ਹੋ ਗਿਆ ਹੈ ਜਿਸ ਵਿਚ ਵਿਸ਼ਵ ਭਰ ਦੇ ਹਾਕੀ ਪ੍ਰੇਮੀਆਂ, ਭਾਰਤੀਆਂ ਦੀ ਖ਼ਾਸ ਦਿਲਚਸਪੀ ਹੈ। ਸਿਰਫ਼ ਹਾਕੀ ਦੀ ਖੇਡ ਹੀ ਹੈ ਜਿਸ ਵਿਚ ਭਾਰਤ ਨੇ ਓਲੰਪਿਕ ਖੇਡਾਂ ਦੇ 8 ਗੋਲਡ ਮੈਡਲ ਜਿੱਤੇ ਹਨ। ਹਾਕੀ ਵਿਸ਼ਵ ਕੱਪ ਹੁਣ ਤਕ 14 ਵਾਰ ਖੇਡਿਆ ਜਾ ਚੁੱਕੈ ਜੋ 6 ਵਾਰ ਯੂਰੋਪੀਅਨ ਟੀਮਾਂ ਨੇ ਜਿੱਤਿਆ, 5 ਵਾਰ ਏਸ਼ਿਆਈ ਤੇ 3 ਵਾਰ ਓਸ਼ਨਿਆਈ ਟੀਮਾਂ ਨੇ। ਅਫਰੀਕਾ ਤੇ ਅਮਰੀਕਾ ਮਹਾਂਦੀਪ ਇਹ ਕੱਪ ਕਦੇ ਨਹੀਂ ਜਿੱਤ ਸਕੇ। ਪਾਕਿਸਤਾਨ 4 ਵਾਰ, ਨੀਦਰਲੈਂਡ 3, ਆਸਟਰੇਲੀਆ 3, ਜਰਮਨੀ 2, ਬੈਲਜੀਅਮ 1 ਤੇ 1 ਵਾਰ ਭਾਰਤੀ ਟੀਮ ਕੱਪ ਜਿੱਤੀ ਹੈ। ਸਭ ਤੋਂ ਵੱਧ ਕੱਪ ਜਿੱਤਣ ਵਾਲਾ ਪਾਕਿਸਤਾਨ ਇਸ ਵਾਰ ਕੁਆਲੀਫਾਈ ਹੀ ਨਹੀਂ ਕਰ ਸਕਿਆ।

ਹਾਕੀ ਵਿਸ਼ਵ ਕੱਪ 1971 ਵਿਚ ਸ਼ੁਰੂ ਹੋਇਆ ਸੀ ਜੋ ਪਹਿਲਾਂ 2 ਸਾਲ ਦੇ ਵਕਫ਼ੇ ਪਿੱਛੋਂ ਹੁੰਦਾ ਰਿਹਾ ਅਤੇ 1978 ਤੋਂ 4 ਸਾਲ ਦੇ ਵਕਫ਼ੇ ਪਿੱਛੋਂ ਕਰਾਇਆ ਜਾ ਰਿਹੈ। ਪਹਿਲੇ ਵਿਸ਼ਵ ਕੱਪ ਵਿਚ 10 ਟੀਮਾਂ ਸ਼ਾਮਲ ਸਨ। 2023 ਵਿਚ 16 ਟੀਮਾਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਨੂੰ 4 ਪੂਲਾਂ ਵਿਚ ਵੰਡਿਆ ਗਿਆ ਹੈ। ਏ ਪੂਲ ਵਿਚ ਆਸਟਰੇਲੀਆ, ਅਰਜਨਟਾਈਨਾ, ਫਰਾਂਸ, ਦੱਖਣੀ ਅਫਰੀਕਾ, ਬੀ ਪੂਲ ’ਚ ਬੈਲਜੀਅਮ, ਜਰਮਨੀ, ਦੱਖਣੀ ਕੋਰੀਆ, ਜਪਾਨ, ਸੀ ਪੂਲ ’ਚ ਨੀਦਰਲੈਂਡ, ਨਿਊਜ਼ੀਲੈਂਡ, ਮਲੇਸ਼ੀਆ, ਚਿੱਲੀ ਤੇ ਡੀ ਪੂਲ ਵਿਚ ਭਾਰਤ, ਇੰਗਲੈਂਡ, ਸਪੇਨ ਤੇ ਵੇਲਜ਼ ਹਨ। ਕੁਲ 36 ਮੈਚ ਖੇਡੇ ਜਾਣਗੇ। ਭਾਰਤ ਵਿਚ ਕੱਪ ਪਹਿਲੀ ਵਾਰ 1982, ਦੂਜੀ ਵਾਰ 2010, ਤੀਜੀ ਵਾਰ 2018 ਤੇ ਚੌਥੀ ਵਾਰ 2023 ਵਿਚ ਖੇਡਿਆ ਜਾ ਰਿਹੈ। ਜੇ ਭਾਰਤੀ ਟੀਮ ਵਿਸ਼ਵ ਕੱਪ ਜਿੱਤ ਜਾਂਦੀ ਹੈ ਤਾਂ ਉੜੀਸਾ ਦੇ ਮੁੱਖ ਮੰਤਰੀ ਵੱਲੋਂ ਐਲਾਨ ਕੀਤਾ ਗਿਐ ਕਿ ਹਰ ਖਿਡਾਰੀ ਨੂੰ ਕਰੋੜ ਕਰੋੜ ਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਹੁਣ ਜਦੋਂ ਭਾਰਤ ਵਿਚ ਕੱਪ ਹੋ ਰਿਹੈ ਤਾਂ ਮੈਨੂੰ 41 ਸਾਲ ਪਹਿਲਾਂ ਹੋਏ ਬੰਬਈ ਦੇ ਹਾਕੀ ਵਿਸ਼ਵ ਕੱਪ ਦੀਆਂ ਯਾਦਾਂ ਚੇਤੇ ਆ ਗਈਆਂ ਹਨ। ਫਾਈਨਲ ਮੈਚ ਪਾਕਿਸਤਾਨ ਤੇ ਜਰਮਨੀ ਦੀਆਂ ਟੀਮਾਂ ਵਿਚਕਾਰ ਸੀ। ਚੰਦ ਤਾਰੇ ਵਾਲੇ ਝੰਡੇ ਲਹਿਰਾਏ ਜਾ ਰਹੇ ਤੇ ‘ਪਾਕਿਸਤਾਨ ਜ਼ਿੰਦਾਬਾਦ’ ਦੇ ਨਾਅਰੇ ਗੂੰਜ ਰਹੇ ਸਨ। ਜਰਮਨੀ ਦੇ ਹਮਾਇਤੀ ਥੋੜ੍ਹੇ ਸਨ। ਉੱਦਣ ਮੈਂ ਪਾਕਿਸਤਾਨੀ ਪ੍ਰੈੱਸ ਰਿਪੋਰਟਰਾਂ ਵਿਚਕਾਰ ਸੀਟ ਮੱਲੀ ਹੋਈ ਸੀ। ਮੇਰੇ ਪਿਛਲੇ ਪਾਸੇ ਕਰਾਚੀ ਤੋਂ ਆਈ ਰਿਪੋਰਟਰ ਬੈਠੀ ਸੀ ਜੋ ਨਿੱਗਰ ਜੁੱਸੇ ਤੇ ਮਰਦਾਵੀਂ ਸਲਵਾਰ ਕਮੀਜ਼ ਨਾਲ ਮਰਦਾਂ ਵਰਗੀ ਹੀ ਲੱਗ ਰਹੀ ਸੀ। ਉਹਦੇ ਖੁੱਲ੍ਹੇ ਵਾਲਾਂ ’ਤੇ ਛਿੜਕਿਆ ਇਤਰ ਫੁਲੇਲ ਮਹਿਕ ਰਿਹਾ ਸੀ ਤੇ ਉਹ ਸਿਗਰਟ ਪੀਂਦੀ ਪਾਕਿਸਤਾਨੀ ਟੀਮ ਨੂੰ ਲਗਾਤਾਰ ਲਲਕਾਰ ਰਹੀ ਸੀ। ਉਹਦਾ ਪ੍ਰੈੱਸ ਗੈਲਰੀ ’ਚੋਂ ਪਾਕਿਸਤਾਨੀ ਟੀਮ ਨੂੰ ਇੰਜ ਲਲਕਾਰਨਾ ਲੱਗਦਾ ਤਾਂ ਗੰਵਾਰ ਸੀ ਪਰ ਸੀ ਦਿਲਚਸਪ। ਕੁਝ ਮਿੰਟਾਂ ਬਾਅਦ ਜਰਮਨੀ ਨੇ ਪਾਕਿਸਤਾਨ ਸਿਰ ਪਹਿਲਾ ਗੋਲ ਕੀਤਾ ਤਾਂ ਉਹਦੀਆਂ ਉਂਗਲਾਂ ਵਿਚੋਂ ਸਿਗਰਟ ਡਿੱਗ ਪਈ; ਉਹਦੇ ਲਲਕਾਰੇ ਵੀ ਬੰਦ ਹੋ ਗਏ।

ਫਿਰ 26ਵੇਂ ਮਿੰਟ ਵਿਚ ਜਦੋਂ ਪਾਕਿਸਤਾਨ ਦੇ ਹਸਨ ਸਰਦਾਰ ਨੇ ਗੋਲ ਲਾਹਿਆ ਤਾਂ ਉਹ ਮੁੜ ਜੋਸ਼ ਵਿਚ ਕੂਕੀ ਤੇ ਨਵੀਂ ਸਿਗਰਟ ਸੁਲਗਾਉਣ ਲੱਗੀ। ਅਜੇ ਉਹਨੇ ਸੂਟਾ ਭਰਿਆ ਹੀ ਸੀ ਕਿ ਮਨਜ਼ੂਰ ਜੂਨੀਅਰ ਨੇ ਦੂਜਾ ਗੋਲ ਦਾਗ ਦਿੱਤਾ। ਉਧਰ ਫੱਟਾ ਖੜਕਿਆ ਤੇ ਏਧਰ ਉੱਚੀ ਲੰਮੀ ਸਿੰਧਣ ਨੇ ਜੋਸ਼ ਤੇ ਹੁਲਾਸ ਵੱਸ ਮੇਰੇ ਮੋਢੇ ’ਤੇ ਜ਼ੋਰ ਦਾ ਹੱਥੜ ਮਾਰਿਆ ਜਿਸ ਦੀ ਕਸਕ ਹਾਲਾਂ ਤਕ ਨਹੀਂ ਭੁੱਲੀ!



ਜਿੱਦਣ ਪਾਕਿਸਤਾਨ ਨੇ ਹਾਲੈਂਡ ਨੂੰ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ ਸੀ, ਉੱਦਣ ਹੇਠਲੀਆਂ ਪੌੜੀਆਂ ’ਤੇ ਜੇਤੂ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਮਿਲਾਉਣ ਲਈ ਧੱਕਾ ਪੈ ਰਿਹਾ ਸੀ। ਮੂਹਰੇ ਤਾਰਾਂ ਦਾ ਉੱਚਾ ਜੰਗਲਾ ਲੱਗਿਆ ਸੀ ਪਰ ਦਰਸ਼ਕ ਤਾਰਾਂ ਵਿਚ ਦੀ ਹੱਥ ਬਾਹਰ ਕੱਢੀ ਖੜ੍ਹੇ ਸਨ। ਜਿਥੇ ਜੇਤੂਆਂ ਦਾ ਜਲੌਅ ਯਾਦ ਆਉਂਦਾ ਹੈ ਉਥੇ ਭਾਰਤੀ ਖਿਡਾਰੀਆਂ ਦੀ ਹਾਰ ਵੀ ਭੁੱਲਣ ਵਿਚ ਨਹੀਂ ਆਉਂਦੀ। ਭਾਰਤ ਤੇ ਆਸਟਰੇਲੀਆ ਦਾ ਮੈਚ ਦੋਵਾਂ ਟੀਮਾਂ ਲਈ ਜ਼ਿੰਦਗੀ-ਮੌਤ ਦਾ ਸਵਾਲ ਸੀ। ਮੈਚ ਤੋਂ ਪਹਿਲਾਂ ਭਾਰਤੀ ਟੀਮ ਦੇ ਕੈਪਟਨ ਸੁਰਜੀਤ ਸਿੰਘ ਨੇ ਕਿਹਾ ਸੀ ਕਿ ਉਹ ਜਾਨ ਮਾਰ ਕੇ ਖੇਡਣਗੇ। ਪਹਿਲਾ ਗੋਲ ਭਾਰਤ ਨੇ ਕੀਤਾ ਤਾਂ ਇੰਨੇ ਪਟਾਕੇ ਚੱਲੇ ਕਿ ਕੰਨ ਬੋਲੇ ਹੋ ਗਏ। ਕੁਝ ਮਿੰਟਾਂ ਪਿੱਛੋਂ ਆਸਟਰੇਲੀਆ ਨੇ ਗੋਲ ਲਾਹ ਕੇ ਮੈਚ ਬਰਾਬਰ ਕਰ ਲਿਆ। ਭਾਰਤੀ ਖਿਡਾਰੀ ਜੇਤੂ ਗੋਲ ਕਰਨ ਲਈ ਮੁੜ ਮੁੜ ਹਮਲੇ ਕਰਦੇ ਰਹੇ। ਉਲਟਾ ਆਸਟਰੇਲੀਆ ਇਕ ਗੋਲ ਹੋਰ ਕਰ ਗਿਆ।

ਅਖ਼ੀਰਲੇ ਮਿੰਟਾਂ ਵਿਚ ਭਾਰਤੀ ਖਿਡਾਰੀਆਂ ਨੇ ਜਿੰਨਾ ਜ਼ੋਰ ਲਾਇਆ, ਉਹ ਦੇਖਣ ਵਾਲੇ ਹੀ ਜਾਣਦੇ ਹਨ। ਫੁੱਲ ਬੈਕ ਸੁਰਜੀਤ ਅਗਾਂਹ ਗੋਲਾਂ ਤਕ ਜਾਣ ਲੱਗ ਪਿਆ ਪਰ ਗੋਲ ਨਾ ਉੱਤਰਿਆ। ਅੰਤਲੇ ਮਿੰਟ ਵਿਚ ਮਿਲਿਆ ਪੈਨਲਟੀ ਕਾਰਨਰ ਰਾਜਿੰਦਰ ਸਿੰਘ ਨੇ ਗੋਲ ਵਿਚ ਟੰਗਿਆ ਤਾਂ ਸਾਰਾ ਸਟੇਡੀਅਮ ਖ਼ੁਸ਼ੀ ਵਿਚ ਬੱਦਲ ਵਾਂਗ ਗੱਜਿਆ। ਜਦੋਂ ਅੰਪਾਇਰ ਨੇ ਹਿੱਟ ਅੰਡਰ ਕੱਟ ਕਰਾਰ ਦੇ ਦਿੱਤੀ ਤਾਂ ਸਟੇਡੀਅਮ ਨੇ ਡੂੰਘਾ ਹਉਕਾ ਭਰਿਆ। ਉਸ ਦਿਨ ਮੈਚ ਮੁੱਕਣ ਦਾ ਸਮਾਂ ਦੱਸਣ ਵਾਲੀ ਘੁੱਗੂ ਦੀ ਆਵਾਜ਼ ਮੈਨੂੰ ਰੋਹੀ ਵਿਚ ਰੋਂਦੇ ਕੁੱਤੇ ਵਰਗੀ ਲੱਗੀ।

ਹਾਰੇ ਹੋਏ ਖਿਡਾਰੀਆਂ ਦੀ ਜੋ ਹਾਲਤ ਸੀ ਉਹ ਬਿਆਨੋਂ ਬਾਹਰ ਸੀ। ਸੁਰਜੀਤ ਤੇ ਰਾਜਿੰਦਰ ਤਾਂ ਹਾਕੀਆਂ ਸੁੱਟ ਕੇ ਹਾਕੀ ਮੈਦਾਨ ਦੇ ਕਿਨਾਰੇ ਹੀ ਡਿੱਗ ਢਹਿ ਪਏ। ਸੁਰਿੰਦਰ ਸੋਢੀ, ਮੁਹੰਮਦ ਸ਼ਾਹਿਦ ਤੇ ਕੌਸ਼ਿਕ ਵਰਗੇ ਬੈਂਚਾਂ ਤੱਕ ਅੱਪੜ ਤਾਂ ਗਏ ਪਰ ਉਨ੍ਹਾਂ ਨੇ ਹਾਰ ਦੀ ਨਮੋਸ਼ੀ ਦਾ ਭਾਰ ਹਾਕੀਆਂ ਉਤੇ ਠੋਡੀਆਂ ਧਰ ਕੇ ਝੱਲਿਆ। ਕਈਆਂ ਨੇ ਸਿਰ ਹੱਥਾਂ ਵਿਚ ਫੜ ਲਏ ਤੇ ਕਈ ਉਂਝ ਹੀ ਸਿਰ ਗੋਡਿਆਂ ’ਚ ਦੇ ਕੇ ਬਹਿ ਗਏ। ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਡੱਕੀਆਂ ਹੋਈਆਂ ਸਨ। ਦਿਲਬਰੀਆਂ ਤੇ ਦਿਲਾਸਿਆਂ ਪਿੱਛੋਂ ਭਾਰਤੀ ਟੀਮ ਸਟੇਡੀਅਮ ਤੋਂ ਬਾਹਰ ਜਾਣ ਲੱਗੀ ਤਾਂ ਗੈਲਰੀ ਉਪਰੋਂ ਇਕ ਛੋਕਰੇ ਨੇ ਖਿਡਾਰੀਆਂ ਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਹਨੇ ਮਿਹਣਾ ਮਾਰਿਆ, “ਅਰੇ ਸੁਸਰੋ, ਅਬ ਗੁੱਲੀ ਡੰਡਾ ਖੇਲਨੇ ਲਗ ਜਾਓ” ਤਾਂ ਕਈਆਂ ਤੋਂ ਡੱਕੇ ਹੋਏ ਹੰਝੂ ਡੱਕੇ ਨਾ ਜਾ ਸਕੇ ਤੇ ਆਖ਼ਰ ਡੁੱਲ੍ਹ ਗਏ। ਅਸੀਂ ਸਟੇਡੀਅਮ ਤੋਂ ਬਾਹਰ ਨਿਕਲੇ ਤਾਂ ਲਹੌਰੀਆਂ ਦੀ ਢਾਣੀ ਮਸੋਸੀ ਖੜ੍ਹੀ ਸੀ। ਅਜੀਬ ਗੱਲ ਸੀ। ਹਾਰਿਆ ਭਾਰਤ, ਨਮੋਸ਼ੀ ਭਾਰਤੀਆਂ ਦੀ ਹੋਈ ਪਰ ਉਹ ਸਾਡੇ ਸ਼ਰੀਕ, ਖ਼ੁਸ਼ ਹੋਣ ਦੀ ਥਾਂ ਉਲਟਾ ਸਾਡੇ ਗ਼ਮ ’ਚ ਭਿੱਜੇ ਖੜ੍ਹੇ ਸਨ। ਸ਼ਰੀਕ ਦਾ ਰਿਸ਼ਤਾ ਵੀ ਕਿਆ ਰਿਸ਼ਤਾ ਹੈ! ਅਪਣੱਤ ਵੀ ਪੁੱਜ ਕੇ ਤੇ ਲਾਗ-ਡਾਟ ਵੀ ਪੁੱਜ ਕੇ! ਨਾ ਸ਼ਰੀਕ ਜਿੰਨਾ ਕੋਈ ਮੋਹ ਪਾਲ ਸਕਦਾ ਹੈ ਤੇ ਨਾ ਉਹਦੇ ਜਿੰਨਾ ਕੋਈ ਵੈਰ ਪੁਗਾ ਸਕਦਾ ਹੈ। ਉਹ ਲਹੌਰੀਏ ਭਾਊ ਮੁੜ ਮੁੜ ਆਂਹਦੇ, “ਧੁ-ਆਡੀ ਟੀਮ ਭਾਅ ਜੀ ਤਕੜੀ ਸੀ। ਅਸੀਂ ਤਾਂ ਲਾਔਰੋਂ ਚੱਲੇ ਈ ‘ਆਪਣੀਆਂ’ ਟੀਮਾਂ ਦਾ ਫਾਈਨਲ ਮੈਚ ਦੇਖਣ ਲਈ ਸੀ। ਕਿਧਰੇ ਫਾਈਨਲ ਮੈਚ ਹਿੰਦੋਸਤਾਨ ਤੇ ਪਾਕਿ-ਸਤਾਨ ਦਾ ਹੁੰਦਾ ਤਾਂ ਨਜ਼ਾਰੇ ਬੱਝ ਜਾਂਦੇ।” ਫਿਰ ਉਹ ਸਮਾਂ ਆਇਆ ਜਦੋਂ ਜੇਤੂਆਂ ਨੇ ਜਿੱਤ-ਮੰਚ ’ਤੇ ਚੜ੍ਹਨਾ ਸੀ। ਪਾਕਿ-ਸਤਾਨੀਆਂ ਦੇ ਮੂੰਹਾਂ ’ਤੇ ਲਾਲੀਆਂ ਸਨ। ਹਾਕੀ ਦੀ ਸਰਦਾਰੀ ਦਾ ਚਿੰਨ੍ਹ ਸੋਨ-ਰੰਗਾ ਵਿਸ਼ਵ ਕੱਪ ਮੇਜ਼ ਉਤੇ ਲਿਸ਼ਕਾਂ ਮਾਰ ਰਿਹਾ ਸੀ। ਉਹ ਕੱਪ 1971 ਵਿਚ ਪਾਕਿਸਤਾਨ ਨੇ ਹੀ ਕੌਮ-ਾਂਤਰੀ ਹਾਕੀ ਫੈਡਰੇਸ਼ਨ ਨੂੰ ਭੇਟ ਕੀਤਾ ਸੀ। ਉਸ ਦੀ ਉਚਾਈ ।650 ਮੀਟਰ ਤੇ ਵਜ਼ਨ 11560 ਗਰਾਮ ਹੈ। ਕੁਲ ਵਜ਼ਨ ਵਿਚ 895 ਗਰਾਮ ਸੋਨਾ, 6851 ਗਰਾਮ ਚਾਂਦੀ ਤੇ 350 ਗਰਾਮ ਹਾਥੀ ਦੰਦ ਲੱਗਾ ਹੋਇਆ ਹੈ। ਬਾਕੀ ਵਜ਼ਨ ਸਾਗਵਾਨ ਦੀ ਲੱਕੜੀ ਦਾ ਹੈ। ਰਾਸ਼ਟਰਪਤੀ ਲਾਲ ਦਰੀ ’ਤੇ ਤੁਰ ਕੇ ਕੱਪ ਤਕ ਗਏ। ਜਦੋਂ ਕੱਪ ਪਾਕਿਸਤਾਨੀ ਟੀਮ ਦੇ ਕਪਤਾਨ ਅਖ਼ਤਰ ਰਸੂਲ ਨੂੰ ਭੇਟ ਕੀਤਾ ਤਾਂ ਉਸ ਨੇ ਇੰਨੀ ਸ਼ਿੱਦਤ ਨਾਲ ਚੁੰਮਿਆ ਜਿਵੇਂ ਵਰ੍ਹਿਆਂ ਦਾ ਵਿਛੜਿਆ ਮਹਿਬੂਬ ਮਸਾਂ ਮਿਲਿਆ ਹੋਵੇ। ਉਸ ਸਮੇਂ ਸੈਂਕੜੇ ਕੈਮਰਿਆਂ ਨੇ ਅੱਖਾਂ ਖੋਲ੍ਹੀਆਂ ਤੇ ਉਸ ਯਾਦਗਾਰੀ ਦ੍ਰਿਸ਼ ਨੂੰ ਆਪਣੇ ਸੀਨਿਆਂ ’ਚ ਸਮੋ ਲਿਆ। ਫਿਰ ਪਾਕਿਸਤਾਨ ਦੀ ਸਾਰੀ ਦੀ ਸਾਰੀ ਟੀਮ ਲੰਮੇ ਸਫੈਦ ਜਿੱਤ-ਮੰਚ ਉਤੇ ਜਾ ਖੜ੍ਹੀ ਹੋਈ। ਚੁਫੇਰੇ ਹਜ਼ਾਰਾਂ ਤਾੜੀਆਂ ਨੇ ਭਰਵੀਂ ਦਾਦ ਦਿੱਤੀ। ਉਸ ਪਿੱਛੋਂ ਸਟੇਡੀਅਮ ਦੀ ਫ਼ਿਜ਼ਾ ਅੰਦਰ ਪਾਕਿਸਤਾਨ ਦਾ ਕੌਮੀ ਤਰਾਨਾ ਗੂੰਜਿਆ ਤੇ ਚੰਦ-ਤਾਰੇ ਵਾਲਾ ਪਰਚਮ ਉੱਚਾ ਉਠਿਆ। ਜਦੋਂ ਕੱਪ ਸਟੇਡੀਅਮ ਤੋਂ ਬਾਹਰ ਲਿਜਾਇਆ ਜਾਣ ਲੱਗਾ ਤਾਂ ਅਸੀਂ ਵੀ ਉਹਦੇ ਨਾਲ ਹੋ ਤੁਰੇ। ਦਰਸ਼ਕ ਉਹਨੂੰ ਹੱਥ ਲਾ ਲਾ ਦੇਖ ਰਹੇ ਸਨ। ਜਿਸ ਬੱਸ ਵਿਚ ਪਾਕਿ ਟੀਮ ਨੇ ਬਹਿਣਾ ਸੀ, ਮੈਂ ਪਹਿਲਾਂ ਹੀ ਉਹਦੀ ਬਾਰੀ ਕੋਲ ਜਾ ਖੜ੍ਹਾ ਹੋਇਆ। ਜਦੋਂ ਕੱਪ ਮੇਰੇ ਕੋਲ ਦੀ ਲੰਘਣ ਲੱਗਾ ਤਾਂ ਮੈਥੋਂ ਵੀ ਉਹਦਾ ਸਿਰ ਪਲੋਸਣੋਂ ਨਾ ਰਿਹਾ ਗਿਆ। ਮੈਂ ਆਪਣਾ ਸੱਜਾ ਹੱਥ ਉੱਪਰ ਚੁੱਕਿਆ ਤੇ ਸੋਨੇ-ਚਾਂਦੀ ਦੇ ਚਮਕਦੇ ਗਲੋਬ ਉਤੇ ਪੋਲਾ ਜਿਹਾ ਛੁਹਾਇਆ। ਉਹਦੀ ਕੂਲੀ ਸੁਨਹਿਰੀ ਛੋਹ ਮੈਨੂੰ ਅੱਜ ਵੀ ਕਿਸੇ ਰੰਗੀਨ ਸੁਫ਼ਨੇ ਵਾਂਗ ਯਾਦ ਹੈ; ਤੇ ਯਾਦ ਹੈ ਉਸ ਹੱਥੜ ਦੀ ਮਿੱਠੀ ਪਿਆਰੀ ਕਸਕ ਜਿਹੜੀ ਹਾਕੀ ਦੀ ਮਹਿਬੂਬਾ ਨੇ ਆਪਣੇ ਵਤਨ ਦੀ ਟੀਮ ਜਿੱਤਦੀ ਦੇਖਦਿਆਂ ਮੈਨੂੰ ਆਪਮੁਹਾਰੇ ਬਖਸ਼ੀ ਸੀ!

# ਮਨੁੱਖ ਅਤੇ ਪੰਛੀਆਂ ਦੀ ਮੌਤ ਦਾ ਫੰਦਾ ਬਣੀ ਖੂਨੀ ਚਾਇਨਾ ਡੋਰ ਤੋਂ ਬਚੋ



ਪ੍ਰਮੋਦ ਧੀਰ
91-98550-31081

ਭਾਰਤ ਤਿਉਹਾਰਾਂ ਦਾ ਦੇਸ਼ ਹੈ ਜਿੱਥੇ ਸਾਰਾ ਸਾਲ ਕੋਈ ਨਾ ਕੋਈ ਤਿਉਹਾਰ ਆਉਂਦਾ ਹੀ ਰਹਿੰਦਾ ਹੈ ਅਤੇ ਲੋਕ ਆਪਣੇ ਰੀਤੀ ਰਿਵਾਜਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ। ਇਸ ਤਰ੍ਹਾਂ ਬਸੰਤ ਪੰਚਮੀ ਅਜਿਹਾ ਤਿਉਹਾਰ ਹੈ ਜਿਸਨੂੰ ਸਾਰੇ ਹੀ ਰਲ ਮਿਲ ਕੇ ਮਨਾਉਂਦੇ ਹਨ। ਇਸ ਦਿਨ ਲੋਕ ਪੀਲੇ ਕੱਪੜੇ ਪਾਉਣੇ ਪਸੰਦ ਕਰਦੇ ਹਨ,ਚਾਰੇ ਪਾਸੇ ਫੁੱਲਾਂ ਦੀ ਖੁਸ਼ਬੂ ਅਤੇ ਸੁੰਦਰਤਾ ਮਹਿਕਦੀ ਹੋਈ ਦੇਖਣ ਨੂੰ ਮਿਲਦੀ ਹੈ। ਇਸ ਦਿਨ ਬੱਚੇ ਤੋਂ ਲੈ ਕੇ ਬੁੱਢੇ ਤੱਕ ਤਕਰੀਬਨ ਹਰੇਕ ਉਮਰ ਦਾ ਵਿਅਕਤੀ ਪਤੰਗਬਾਜੀ ਦਾ ਲੁਤਫ ਜਰੂਰ ਲੈਣਾ ਪਸੰਦ ਕਰਦਾ ਹੈ। ਬਸੰਤ ਮੌਕੇ ਕਹਾਵਤ ਪ੍ਰਸਿੱਧ ਹੈ ਕਿ “ਆਈ ਬਸੰਤ ਪਾਲਾ ਉਡੰਤ” ਭਾਵ ਕਿ ਬਸੰਤ ਪੰਚਮੀ ਦੇ ਤਿਉਹਾਰ ਵਾਲੇ ਦਿਨ ਤੋਂ ਬਾਅਦ ਪੰਜਾਬ ਵਿੱਚ ਸਰਦੀ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਗਰਮੀ ਆਉਣ ਲੱਗ ਪੈਂਦੀ ਹੈ।

ਪਤੰਗਬਾਜੀ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਪਰੰਪਰਾ ਹੈ ਇਸ ਸਬੰਧੀ ਰਾਜੇ ਮਹਾਂਰਾਜਿਆਂ ਦੁਆਰਾਂ ਖੁਦ ਪਤੰਗਬਾਜੀ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਬਸੰਤ ਦੇ ਦਿਨਾਂ ਵਿੱਚ ਪਤੰਗ ਬਾਜੀ ਦੇ ਸ਼ੌਂਕ ਵਧ ਜਾਂਦੇ ਹਨ ਤੇ ਕਈ ਬੱਚੇ ਸਾਰਾ ਸਾਲ ਹੀ ਪਤੰਗ ਉਡਾਉਣਾ ਪਸੰਦ ਕਰਦੇ ਹਨ। ਅੱਜ ਕੱਲ ਲੋਕ ਬਸੰਤ ਦੇ ਦਿਨ ਆਪਣੇ ਕੋਠਿਆਂ ਤੇ ਚੜ੍ਹ ਕੇ ਡੀ।ਜੇ ਆਦਿ ਲਗਾ ਕੇ ਖੂਬ ਪਤੰਗ ਚੜਾਉਂਦੇ ਹਨ ਤੇ ਸ਼ਰਤਾਂ ਲਗਾਉਂਦੇ ਹਨ। ਫਿਰ ਇੱਕ ਦੂਜੇ ਦੇ ਪਤੰਗ ਨੂੰ ਕੱਟ ਕੇ ਰੋਲਾ ਪਾਕੇ,ਭੰਗੜੇ ਪਾਕੇ ਚੀਕਾਂ ਮਾਰਕੇ ਦਿਲ ਪ੍ਰਚਾਵਾ ਕਰਦੇ ਹਨ। ਮਨੋਰੰਜਨ ਕਰਨਾ ਮਾੜੀ ਗੱਲ ਨਹੀ। ਪਰ ਅੱਜ ਕੱਲ ਪਤੰਗਬਾਜੀ ਲਈ ਲੋਕ ਚਾਇਨਾ ਡੋਰ ਵਰਤਨ ਲੱਗ ਪਏ ਹਨ ਜੋ ਕਿ ਮਨੁੱਖ ਲਈ ਅਤੇ ਪੰਛੀਆਂ ਲਈ ਬਹੁਤ ਹੀ ਖਤਰਨਾਕ ’ਤੇ ਜਾਨਲੇਵਾ ਹੈ।

**ਕੀ ਹੈ ਚਾਇਨਾ ਡੋਰ?** ਚਾਇਨਾ ਡੋਰ ਪਲਾਟਿਕ ਧਾਗੇ ਤੇ ਲੋਹੇ ਦੇ ਪਾਊਡਰ ਨਾਲ ਸੂਤੀ ਹੁੰਦੀ ਹੈ। ਇਹ ਖਤਰਨਾਕ ਅਤੇ ਜਾਨਲੇਵਾ ਸੁਮੇਲ ਹੈ, ਇਸ ਲਈ ਇਸ ਨੂੰ ‘ਕਿੱਲਰ ਡੋਰ’ ਵੀ ਕਿਹਾ ਜਾਂਦਾ ਹੈ।

**ਕੀ ਹਨ ਚਾਇਨਾ ਡੋਰ ਦੇ ਨੁਕਸਾਨ?** ਨਾ-ਟੁੱਟਣ ਯੋਗ ਅਤੇ ਨਾ ਗਲਣ ਯੋਗ ਪਲਾਸਟਿਕ ਦਾ ਧਾਗਾ ਜਿੱਥੇ ਕੁਦਰਤ ਦੇ ਅਨਮੋਲ ਵਾਤਾਵਰਨ ਨੂੰ ਵਿਗਾੜਦਾ ਹੈ,ਉਥੇ ਇਹ ਇਨਸਾਨਾਂ ਅਤੇ ਪੰਛੀਆਂ ਲਈ ਮੌਤ ਦਾ ਫੰਦਾ ਬਣ ਜਾਂਦਾ ਹੈ। ਇਸ ਤੇ ਲੱਗਿਆ ਲੋਹੇ ਦਾ ਪਾਊਡਰ, ਬਿਜਲੀ ਦੀਆਂ ਤਾਰਾਂ ਨੂੰ ਛੂਹਣ ਨਾਲ ਬਿਜਲੀ ਦਾ ਕਰੰਟ ਪਾਸ ਕਰਦਾ ਹੈ ਅਤੇ ਸਾਡੇ ਬੱਚਿਆਂ ਨੂੰ ਜਾਨੀ ਨੁਕਸਾਨ ਪਹੁੰਚਾ ਸਕਦਾ ਹੈ। ਇਸਦੀ ਵਰਤੋਂ ਨਾਲ ਵੱਡੀ ਗਿਣਤੀ ਵਿੱਚ ਵਿਦੇਸ਼ੀ ਪੂੰਜੀ ਬਰਬਾਦ ਹੁੰਦੀ ਹੈ।



ਚਾਇਨਾ ਡੋਰ ਨਾਲ ਸਾਡੇ ਲੱਖਾਂ ਦੇਸ਼ਵਾਸੀਆਂ ਦੀ ਰੋਜੀ ਰੋਟੀ ਖਤਮ ਹੋ ਰਹੀ ਹੈ। ਇਸ ਖੂਨੀ ਚਾਇਨਾ ਡੋਰ ਦੀ ਵਰਤੋਂ ਨਾਲ ਹਜ਼ਾਰਾਂ ਐਕਸੀਡੈਂਟ, ਗਲੇ ਵਿੱਚ ਫੰਦੇ ਨਾਲ ਮਨੁੱਖੀ ਜਾਨਾਂ ਦਾ ਨੁਕਸਾਨ, ਪੰਛੀਆਂ ਦੀ ਮੌਤ ਦਾ ਕਾਰਨ ਆਦਿ ਘਟਨਾਵਾਂ ਹਰ ਸਾਲ ਦਰਜ ਕੀਤੀਆਂ ਕੀਤੀਆਂ ਜਾਂਦੀਆਂ ਹਨ। ਇੱਕ ਪ੍ਰਸਿੱਧ ਅੰਗਰੇਜੀ ਅਖਬਾਰ ਦੀ ਰਿਪੋਰਟ ਦੇ ਮੁਤਾਬਿਕ 20 ਦੁਰਲਭ ਜਾਤੀ ਵਾਲੇ ਪੰਛੀ ਸਭ ਤੋਂ ਵੱਧ ਸ਼ਿਕਾਰ ਹੋਏ ਅਤੇ ਉਨ੍ਹਾਂ ਦੀ ਹੋਂਦ ਨੂੰ ਅੱਜ ਖਤਮ ਹੋਣ ਦਾ ਖਤਰਾ ਬਣਿਆ ਹੋਇਆ ਹੈ।

**ਪਤੰਗਾਂ ਜਰੂਰ ਉਡਾ** – ਪਰ ਸਾਵਧਾਨੀਆਂ ਵੀ ਅਪਣਾਓ: ਦੇਰ ਰਾਤ ਤੱਕ ਪਤੰਗ ਨਾਂ ਉਡਾਉ, ਕਿਉਂਕਿ ਆਪਣੇ ਘਰਾਂ ਨੂੰ ਪਰਤ ਰਹੇ ਪੰਛੀ ਹਨੇਰੇ ਕਾਰਨ ਇਸ ਡੋਰ ਵਿੱਚ ਫਸਕੇ ਜਖਮੀ ਹੋ ਜਾਂਦੇ ਹਨ। ਪਤੰਗ ਦਰੱਖਤ ਜਾਂ ਬਿਜਲੀ ਦੀਆਂ ਤਾਰਾਂ ਕੋਲ ਨਾ ਉਡਾਉ,ਕਿਉਂਕਿ ਦਰੱਖਤ ਜਾਂ ਤਾਰਾਂ ਵਿੱਚ ਫਸੀ ਡੋਰ ਪੰਛੀਆਂ ਅਤੇ ਰਾਹਗਿਰੀਆਂ ਨੂੰ ਨੁਕਸਾਨ ਪਹੁੰਚ-ਾਉਂਦੀ ਹੈ।

**ਉਲੰਘਣਾ ਹੋਵੇ ਤਾਂ ਕੀ ਹੈ ਸਜ਼ਾ?** ਇਸ ਖਤਰਨਾਕ ਡੋਰ ਦੇ ਵੇਚਣ ਅਤੇ ਖਰੀਦਣ ਵਾਲੇ ਤੇ ਵਾਤਾਵਰਨ (ਪ੍ਰੋਟੈਕਸ਼ਨ) ਐਕਟ ਦੀ ਧਾਰਾ 5 ਦੇ ਅਨੁਸਾਰ 5 ਸਾਲ ਦੀ ਕੈਦ ਅਤੇ 1 ਲੱਖ ਰੁਪਏ ਤੱਕ ਜੁਰਮਾਨਾ ਵੀ ਹੋ ਸਕਦਾ ਹੈ।

**ਕੀ ਹੈ ਸਾਡਾ ਫਰਜ਼?** ਜੇ ਕਿਤੇ ਵੀ ਡੋਰ ਫਸੀ ਹੋਈ ਮਿਲੇ ਤਾਂ ਉਸ ਨੂੰ ਇਕੱਠਾ ਕਰਕੇ ਸਾੜ ਦਿਉ, ਤਾਂ ਕਿ ਜਾਨੀ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ। ਭਾਵੇਂ ਅਸੀਂ ਪਤੰਗਾਂ ਨਾਂ ਵੀ ਉਡਾਈਏ ਪਰ ਦੂਜਿਆਂ ਨੂੰ ਇਸ ਡੋਰ ਦੇ ਨੁਕਸਾਨ ਬਾਰੇ ਜਰੂਰ ਸੁਚੇਤ ਕਰੀਏ।

**ਦੋਸ਼ੀ ਕੌਣ?** ਕੁਝ ਸਮਝਦਾਰ ਮਾਤਾ ਪਿਤਾ ਆਪਣੇ ਬੱਚੇ ਨੂੰ ਸਮਝਾਉਣਾਂ ਤਾਂ ਕੀ ਸਗੋਂ ਬੱਚੇ ਦੀ ਜਿੱਦ ਅੱਗੇ ਝੁਕਕੇ, ਬੱਚੇ ਲਈ ਦੁਕਾਨਦਾਰ ਤੋਂ ਚਾਇਨਾ ਡੋਰ ਦੀ ਮੰਗ ਕਰਦੇ ਹਨ ਜੋ ਕਿ ਬਹੁਤ ਸ਼ਰਮਨਾਕ ਅਤੇ ਅਫਸੋਸਨਾਕ ਗੱਲ ਹੈ।

### ਬਸੰਤ ਪੰਚਮੀ ਵਾਲੇ ਦਿਨ ਚਾਈਨਾ ਡੋਰ ਤੋਂ ਕਿਵੇਂ ਬਚੀਏ?

ਬਸੰਤ ਪੰਚਮੀ ਵਾਲੇ ਦਿਨ ਆਪਣੇ ਛੋਟੇ ਬੱਚਿਆਂ ਨੂੰ ਬਾਈਕ ਆਦਿ ਦੇ ਅੱਗੇ ਨਾਂ ਬਿਠਾਉ ਅਤੇ ਆਪ ਵੀ ਆਪਣੇ ਗਲੇ ਵਿੱਚ ਮਫ਼ਰਲ ਆਦਿ ਬੰਨ੍ਹ ਕੇ ਹੀ ਰੋਡ ਤੇ ਨਿੱਕਲੋ ਤਾਂ ਕਿ ਚਾਈਨਾ ਡੋਰ ਦੇ ਵਾਰ ਤੋਂ ਬਚ ਸਕੋਂ। ਬੀਤੇ ਸਮੇਂ ਵਿੱਚ ਚਾਈਨਾ ਡੋਰ ਨਾਲ ਗਲੇ ਕੱਟਣ, ਪੰਛੀਆਂ ਦੇ ਮਰਨ, ਮੂੰਹ ਅਤੇ ਹੱਥਾਂ ਤੇ ਚਾਈਨਾ ਡੋਰ ਨਾਲ ਡੂੰਘੇ ਜਖਮ ਹੋਣ ਦੀਆਂ ਅਣਗਿਣਤ ਘਟਨਾਵਾਂ ਸੁਣ ਚੁੱਕੇ ਹਾਂ। ਸੋ ਚਾਈਨਾਂ ਡੋਰ ਤੋਂ ਬਚੋ ਅਤੇ ਆਪਣੇ ਬੱਚਿਆਂ ਨੂੰ ਇਹ ਖੂਨੀ ਡੋਰ ਨਾਂ ਵਰਤਣ ਲਈ ਕਹੋ।

ਅਖੀਰ ਇਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਖੁਦ ਆਪਣੀ ਨੀਂਦ ਵਿੱਚੋਂ ਜਾਗੀਏ, ਕਿਉਂ ਕਿਸੇ ਤੇ ਆਸ ਲਗਾ ਕੇ ਬੈਠੇ ਹਾਂ, ਖੁਦ ਹੰਭਲਾ ਮਾਰੀਏ ਤੇ ਇਸ ਖੂਨੀ ਡੋਰ ਦੀ ਵਰਤੋਂ ਤੋਂ ਤੋਬਾ ਕਰੀਏ ਅਤੇ ਮਿਲਜੁਲ ਕੇ ਇਸ ਛੋਟੇ ਜਿਹੇ ਬੇਸ਼ਕੀਮਤੀ ਸੰਦੇਸ਼ ਨੂੰ ਘਰ ਘਰ ਪਹੁੰਚਾਈਏ ਤਾਂ ਕਿ ਕੋਈ ਵੀ ਸਾਡਾ ਨਜਦੀਕੀ ਇਸ ਘਟਨਾ ਦਾ ਸ਼ਿਕਾਰ ਨਾ ਹੋ ਸਕੇ। ਤਿਉਹਾਰ ਜਾਂ ਸ਼ੌਂਕ ਵੀ ਉਹੀ ਵਧੀਆ ਲਗਦੇ ਹਨ ਜਿੰਨਾ ਨੂੰ ਮਾਣ ਕੇ ਸਾਨੂੰ ਕੋਈ ਨੁਕਸਾਨ ਨਾਂ ਹੋਵੇ ਸਗੋਂ ਦਿਲੀਂ ਖੁਸ਼ੀ ਮਿਲੇ। ਸਰਕਾਰ ਨੂੰ ਵੀ ਚਾਇਨਾ ਡੋਰ ਤਿਆਰ ਕਰਨ ਅਤੇ ਵੇਚਨ ਵਾਲਿਆਂ ਖਿਲਾਫ਼ ਸਖਤ ਕਾਨੂਨੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਇਸ ਨਾਲ ਹੋਣ ਵਾਲੇ ਹਾਦਸਿਆਂ ਤੋਂ ਲੋਕ ਬਚ ਸਕਣ। ਜੇਕਰ ਸਰਕਾਰ ਵੱਲੋਂ ਚਾਇਨਾ ਡੋਰ ਨੂੰ ਤਿਆਰ ਕਰਨ ਵਾਲੀਆਂ ਫੈਕਟਰੀਆਂ, ਚਾਇਨਾ ਤੋਂ ਆਯਾਤ ਕਰਨ ਵਾਲੇ ਹੋਲਸੇਲ ਵਪਾਰੀਆਂ ਆਦਿ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਦੁਕਾਨਾਂ ਤੇ ਬਿਲਕੁਲ ਵੀ ਚਾਇਨਾ ਡੋਰ ਆਵੇ ਹੀ ਨਾਂ ਤਾਂ ਕਿਤੇ ਜਾ ਕੇ ਇਸ ਸਮੱਸਿਆ ਨੂੰ ਠੱਲ ਪਾਈ ਜਾ ਸਕਦੀ ਹੈ। ਇਸ ਖੂਨੀ ਡੋਰ ਨੂੰ ਰੋਕਣ ਸਬੰਧੀ ਸਰਕਾਰ ਬਹੁਤ ਸਾਰੇ ਉਪਰਾਲੇ ਕਰ ਵੀ ਰਹੀ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਸਰਕਾਰ ਵੱਲੋਂ ਥਾਂ ਥਾਂ ਤੇ ਚਾਇਨਾ ਡੋਰ ਵੇਚਣ ਵਾਲੇ ਦੁਕਾਨਦਾਰਾਂ ਨੂੰ ਫੜਨ ਦੀਆਂ ਖਬਰਾਂ ਵੀ ਆ ਰਹੀਆਂ ਹਨ। ਬਠਿੰਡਾ ਦੇ ਐਸ ਐਸ ਪੀ ਸਾਹਿਬ ਨੇ ਐਸੋਸੀਏਸ਼ਨ ਆਫ਼ ਐਕਟਿਵ ਐਨਜੀਓਜ (ਆਨ) ਦੇ ਸਹਿਯੋਗ ਨਾਲ ਇਲਾਕੇ ਵਿੱਚ ਅਤੇ ਸ਼ੋਸ਼ਲ ਮੀਡੀਆ ਤੇ ਚਾਇਨਾ ਡੋਰ ਨੂੰ ਰੋਕਣ ਸਬੰਧੀ ਬੈਨਰ ਬਣਾ ਕੇ ਵੀ ਸ਼ੇਅਰ ਕੀਤੇ ਹਨ ਜਿਸ ਵਿੱਚ ਉਹਨਾਂ ਕਿਹਾ ਹੈ ਕਿ “ਚਾਇਨਾ ਡੋਰ ਨਾਲ ਪਤੰਗ ਉਡਾਉਣ ਤੇ ਜਾਣਾ ਪਵੇਗਾ ਜੇਲ੍ਹ, ਬਾਲਗ ਤੇ ਖੁੱਦ ਅਤੇ ਨਾਬਾਲਿਗ ਬੱਚਿਆਂ ਦੇ ਮਾਂ ਬਾਪ ਉਪਰ ਦਰਜ ਹੋਵੇਗਾ ਗੈਰ-ਜਮਾਨਤੀ ਪਰਚਾ” । ਸਰਕਾਰ ਦੀ ਇਸ ਕਾਰਵਾਈ ਦੀ ਸ਼ਲਾਘਾ ਵੀ ਕੀਤੀ ਜਾ ਰਹੀ ਹੈ ਪਰ ਇਸਦੇ ਨਾਲ ਨਾਲ ਲੋਕਾਂ ਨੂੰ ਵੀ ਇਸ ਚਾਇਨਾ ਡੋਰ ਦਾ ਬਾਈਕਾਟ ਕਰਨਾ ਚਾਹੀਦਾ ਹੈ।

# ਪਰਮਵੀਰਾਂ ਦਾ ਸਨਮਾਨ: ਆਓ ਜਾਣੀਏ 5 ਪੰਜਾਬੀ ਪਰਮਵੀਰ ਚੱਕਰ ਜੇਤੂਆਂ ਬਾਰੇ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਸਮਾਗਮ ਦੌਰਾਨ ਅੰਡੇਮਾਨ ਦੇ 21 ਟਾਪੂਆਂ ਦੇ ਨਾਂ ਭਾਰਤੀ ਫੌਜ ਦੇ ਪਰਮਵੀਰ ਚੱਕਰ ਵਿਜੇਤਾਵਾਂ ਦੇ ਨਾਂ ਉੱਤੇ ਰੱਖਣ ਦਾ ਐਲਾਨ ਕੀਤਾ। ਅੰਡੇਮਾਨ ਉਹ ਧਰਤੀ ਹੈ, ਜਿਸ ਨੂੰ ਕਦੇ 'ਕਾਲੇਪਾਣੀ' ਕਿਹਾ ਜਾਂਦਾ ਸੀ ਅਤੇ ਇੱਥੋਂ ਦੀ ਸੈਲੂਲਰ ਜੇਲ੍ਹ ਵਿਚ ਭਾਰਤੀ ਅਜ਼ਾਦੀ ਘੁਲਾਟੀਆਂ ਨੂੰ ਰੱਖਿਆ ਜਾਂਦਾ ਸੀ। ਇੱਥੋਂ ਦੇ ਵੱਖ ਵੱਖ ਟਾਪੂਆਂ ਦੇ ਨਾਂ ਬਰਤਾਨਵੀਂ ਹਕੂਮਤ ਦੇ ਅਫ਼ਸਰਾਂ ਦੇ ਨਾਂ ਉੱਤੇ ਰੱਖੇ ਗਏ ਸਨ, ਜਿਨ੍ਹਾਂ ਨੂੰ ਹੁਣ ਬਦਲ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਆਪਣੇ ਵਰਚੂਅਲ ਸੰਬੋਧਨ ਵਿਚ ਕਿਹਾ ਕਿ ਅੰਡੇਮਾਨ ਵਿਚ ਹੀ ਅਜ਼ਾਦ ਹਿੰਦ ਫੌਜ ਨੇ ਪਹਿਲੀ ਵਾਰ ਤਿਰੰਗਾ ਲਹਿਰਾਇਆ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਗੋਆ ਦੇ ਟਾ-ਪੂਆਂ ਦੇ ਨਾਂ 'ਪਰਮਵੀਰਾਂ' ਦੇ ਨਾਂ ਉੱਤੇ ਰੱਖੇ ਜਾਣ ਨਾਲ ਉਨ੍ਹਾਂ ਦੇ ਨਾਂ ਸਦਾ ਲਈ ਅਮਰ ਹੋ ਜਾਣਗੇ। ਦਿੱਲੀ ਵਿਚ ਪਰਮਵੀਰਾਂ ਦੇ ਸਨਮਾਨ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਰਿਵਾਰਾਂ ਨੂੰ ਸਮਾਨਿਤ ਕੀਤਾ ਅਤੇ ਪ੍ਰਧਾਨ ਮੰਤਰੀ ਨੇ ਵਰਚੂਅਲੀ ਸਮਾਗਮ ਨੂੰ ਸੰਬੋਧਨ ਕੀਤਾ। 23 ਜਨਵਰੀ ਨੂੰ ਅਜ਼ਾਦ ਹਿੰਦ ਫੌਜ ਦੇ ਬਾਨੀ ਅਤੇ ਭਾਰਤੀ ਅਜ਼ਾਦੀ ਘੁਲਾਟੀਏ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ ਸੀ, ਜਿਸ ਨੂੰ ਭਾਰਤ ਸਰਕਾਰ ਪ੍ਰਕਾਰਮ ਦਿਵਸ ਵਜੋਂ ਪਰਮਵੀਰ ਚੱਕਰ ਵਿਜੇਤਾਵਾਂ ਦੇ ਵਾਰਿਸਾਂ ਦਾ ਸਨਮਾਨ ਕਰ ਕੇ ਮਨਾਇਆ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ 21 ਭਾਰਤੀ ਫੌਜੀਆਂ ਨੂੰ ਪਰਮਵੀਰ ਚੱਕਰ ਨਾਲ ਨਿਵਾਜਿਆ ਜਾ ਚੁੱਕਾ ਹੈ। ਇਨ੍ਹਾਂ ਵਿੱਚੋਂ ਕੁਝ ਨਾਂ ਪੰਜਾਬ ਤੋਂ ਵੀ ਹਨ

**ਲਾਂਸ ਨਾਇਕ ਕਰਮ ਸਿੰਘ**

ਲਾਂਸ ਨਾਇਕ ਕਰਮ ਸਿੰਘ ਨੂੰ 1948 ਦੀ ਕਸ਼ਮੀਰ ਜੰਗ ਦੌਰਾਨ ਬਹਾਦਰੀ ਦਾ ਪ੍ਰਦਰਸ਼ਨ ਕਰਨ ਲਈ ਪਰਮਵੀਰ



ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਕਰਮ ਸਿੰਘ ਦਾ ਜਨਮ 15 ਸਤੰਬਰ 1915 ਨੂੰ ਪੰਜਾਬ ਦੇ ਬਰਨਾਲਾ ਵਿੱਚ ਹੋਇਆ। 15 ਸਤੰਬਰ 1941 ਨੂੰ ਕਰਮ ਸਿੰਘ ਵਨ ਸਿੱਖ ਦਾ ਹਿੱਸਾ ਬਣੇ। ਦੂਜੀ ਵਿਸ਼ਵ ਜੰਗ ਲਈ ਉਨ੍ਹਾਂ ਨੂੰ ਮਿਲਟਰੀ ਮੈਡਲ ਨਾਲ ਸਨ-ਮਾਨਿਤ ਕੀਤਾ ਗਿਆ ਸੀ। ਜੰਮੂ ਕਸ਼ਮੀਰ ਦੇ ਤਿਥਵਾਲ 'ਤੇ ਭਾਰਤੀ ਫੌਜਾਂ ਨੇ ਕਬਜ਼ਾ ਕਰ ਲਿਆ ਸੀ। ਵਿਰੋਧੀ ਫੌਜਾਂ ਨੇ ਰਿ-ਚਮਾਰ ਗਲੀ ਤੇ ਤਿਥਵਾਲ 'ਤੇ ਕਈ ਵਾਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਹਰ ਵਾਰ ਲਾਂਸ ਨਾਇਕ ਕਰਮ ਸਿੰਘ ਨੇ ਹਮਲੇ ਨੂੰ ਨਾਕਾਮ ਕਰ ਦਿੱਤਾ। ਇਸ ਦੌਰਾਨ ਕਰਮ ਸਿੰਘ ਬੁਰੇ ਤਰੀਕੇ ਨਾਲ ਜ਼ਖਮੀ ਵੀ ਹੋ ਗਏ। ਤਿਥਵਾਲ ਦੇ ਇਸ ਮੋਰਚੇ 'ਤੇ ਬਹਾਦਰੀ ਦਿਖਾਉਣ ਦੇ ਲਈ ਲਾਂਸ ਨਾਇਕ ਕਰਮ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

**ਕੈਪਟਨ ਗੁਰਬਚਨ ਸਿੰਘ ਸਲਾਰੀਆ**

ਕੈਪਟਨ ਗੁਰਬਚਨ ਸਿੰਘ ਸਲਾਰੀਆ ਦਾ ਜਨਮ



29 ਨਵੰਬਰ 1935 ਨੂੰ ਪੰਜਾਬ ਦੇ ਗੁਰਦਾਸਪੁਰ ਵਿੱਚ ਹੋਇਆ। ਗੁਰਬਚਨ ਸਿੰਘ 9 ਜੂਨ 1957 ਨੂੰ 1 ਗੋਰਖਾ ਰਾਈਫਲਜ਼ ਦਾ ਹਿੱਸਾ ਬਣੇ। ਕੌਂਗੋ ਦੀ ਅੰਦਰੂਨੀ ਖਾਨਾਜੰਗੀ ਦੌਰਾਨ ਯੂ।ਐੱਨ ਦੀ ਸੁਰੱਖਿਆ ਕੌਂਸਲ ਨੇ ਕੈਟਨਗੀਜ਼ ਗਰੁੱਪ ਦੀਆਂ ਗਤੀਵਿਧੀਆਂ 'ਤੇ ਠੱਲ ਪਾਉਣ ਦਾ ਫੈਸਲਾ ਲਿਆ ਗਿਆ ਸੀ। ਕੌਂਗੋ ਵਿੱਚ ਸੰਯੁਕਤ ਰਾਸ਼ਟਰ ਦੀ ਫੌਜ ਵਿੱਚ 3000 ਭਾਰਤੀ ਫੌਜੀ ਤਾਇਨਾਤ ਸਨ। ਗੁਰਬਚਨ ਸਲਾਰੀਆ ਸਣੇ ਸੰਯੁਕਤ ਰਾਸ਼ਟਰ ਦੀਆਂ ਫੌਜਾਂ ਨੇ ਕੈਟਨਗੀਜ਼ ਦੇ ਇੱਕ ਨਾਕੇ 'ਤੇ ਕਬਜ਼ਾ ਕਰ ਲਿਆ ਸੀ। ਬਾਗੀਆਂ ਦੀ ਫੌਜ ਮੁਕਾਬਲੇ ਸੰਯੁਕਤ ਰਾਸ਼ਟਰ ਦੇ ਫੌਜੀਆਂ ਦੀ ਗਿਣਤੀ ਘੱਟ ਸੀ। ਫਿਰ ਵੀ ਗੁਰਬਚਨ ਸਿੰਘ ਤੇ ਉਨ੍ਹਾਂ ਦੇ ਫੌਜੀਆਂ ਨੇ ਦਲੇਰੀ ਦਿਖਾਉਂਦਿਆਂ ਹੋਇਆਂ ਵਿਰੋਧੀ ਫੌਜਾਂ ਦੇ ਦੰਦ ਖੱਟੇ ਕਰ ਦਿੱਤੇ ਸੀ। ਇਸ ਲੜਾਈ ਦੌਰਾਨ ਗੁਰਬਚਨ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਜ਼ਖਮਾਂ ਦੀ ਤਾਬ ਨਾਲ ਝਲਦਿਆਂ ਉਹ ਦਮ ਤੋੜ ਗਏ। ਭਾਰਤ ਸਰਕਾਰ ਵੱਲੋਂ ਉਨ੍ਹਾਂ ਦੀ ਸ਼ਾਨਦਾਰ ਅਗਵਾਈ ਕਰਨ 'ਤੇ ਬਹਾਦਰੀ ਨਾਲ ਵਿਰੋਧੀ ਫੌਜਾਂ ਦਾ ਸਾਹਮਣਾ ਕਰਨ ਦੇ ਲਈ ਗੁਰਬਚਨ ਸਿੰਘ ਸਲਾਰੀਆ ਨੂੰ ਪਰਮਵੀਰ ਚੱਕਰ ਦਿੱਤਾ ਗਿਆ।

**ਸੂਬੇਦਾਰ ਜੋਗਿੰਦਰ ਸਿੰਘ**

ਸੂਬੇਦਾਰ ਜੋਗਿੰਦਰ ਸਿੰਘ ਦਾ ਜਨਮ 26 ਸਤੰਬਰ 1921 ਨੂੰ ਪੰਜਾਬ ਦੇ ਫਰੀਦਕੋਟ ਵਿੱਚ ਹੋਇਆ ਸੀ। 28 ਸਤੰਬਰ 1936 ਵਿੱਚ ਜੋਗਿੰਦਰ ਸਿੰਘ ਸਿੱਖ ਰੈਜੀਮੈਂਟ ਵਿੱਚ ਭਰਤੀ ਹੋਏ। 1962 ਦੀ ਭਾਰਤ-ਚੀਨ ਲੜਾਈ ਦੌਰਾਨ ਸੂਬ-ੇਦਾਰ ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਭਾਰਤ ਫੌਜ ਦੀ ਪਲਟੂਨ ਤਵਾਂਗ ਸੈਕਟਰ ਵਿੱਚ ਤਾਇਨਾਤ ਸੀ। ਬਮ ਲਾ ਐਕਸਿਸ 'ਤੇ ਭਾਰਤੀ ਫੌਜਾਂ ਨੇ ਰੱਖਿਆਤਮਿਕ ਮੋਰਚੇ ਲਾਏ ਹੋਏ ਸੀ। 23 ਅਕਤੂਬ 1962 ਨੂੰ 200 ਚੀਨੀ ਫੌਜੀਆਂ ਦੀ



ਟੁਕੜੀ ਨੇ ਸੂਬੇਦਾਰ ਜੋਗਿੰਦਰ ਸਿੰਘ ਦੀ ਪਲਟੂਨ 'ਤੇ ਹਮਲਾ ਕਰ ਦਿੱਤਾ। ਸੂਬੇਦਾਰ ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਹਮਲੇ ਦਾ ਮੂੰਹਤੋੜ ਜਵਾਬ ਦਿੱਤਾ ਗਿਆ। ਚੀਨੀ ਫੌਜ ਵੱਲੋਂ ਮੁੜ ਹਮਲਾ ਕੀਤਾ ਗਿਆ ਜਿਸ ਦਾ ਵੀ ਭਾਰਤੀ ਫੌਜੀਆਂ ਨੇ ਕਰੜਾ ਜਵਾਬ ਦਿੱਤਾ ਪਰ ਭਾਰਤੀ ਫੌਜੀਆਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ। ਚੀਨੀ ਫੌਜ ਦੇ ਤੀਜੇ ਹਮਲੇ ਵੇਲੇ ਭਾਰਤੀ ਫੌਜੀਆਂ ਕੋਲ ਅਸਲਾ ਖਤਮ ਹੋ ਗਿਆ ਪਰ ਸੂਬੇਦਾਰ ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਫੌਜੀ ਜੰਗ ਦੇ ਮੈਦਾਨ 'ਚ ਡਟੇ ਰਹੇ। ਇਸ ਲੜਾਈ ਵਿੱਚ ਸੂਬੇਦਾਰ ਜੋਗਿੰਦਰ ਸਿੰਘ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਸੂਬੇਦਾਰ ਜੋਗਿੰਦਰ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਲਈ ਪਰਮਵੀਰ ਚੱਕਰ ਨਾਲ ਨਿਵਾਜਿਆ ਗਿਆ।

**ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ**



ਫਲਾਈਂਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਈਸੇਵਾਲ ਵਿੱਚ 17 ਜੁਲਾਈ 1943 ਨੂੰ ਹੋਇਆ। ਫਲਾਈਂਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਭਾਰਤੀ ਹਵਾਈ ਫੌਜ ਦੇ ਇੱਕਲੌਤੇ ਅਫਸਰ ਹਨ ਜਿਨ੍ਹਾਂ ਨੂੰ ਪਰਮਵੀਰ ਚੱਕਰ ਨਾਲ ਨਿਵਾਜਿਆ ਗਿਆ ਹੈ। 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਨਿਰਮਲਜੀਤ ਸਿੰਘ ਸੇਖੋਂ 18 ਸਕੁਐਡਰਨ ਵਿੱਚ ਸ੍ਰੀਨਗਰ ਏਅਰ ਬੇਸ 'ਤੇ ਤਾਇਨਾਤ ਸਨ। 14 ਦਸੰਬਰ ਨੂੰ 6 ਪਾਕਿਸਤਾਨੀ ਫਾਈਟਰ ਜੈੱਟਸ ਨੇ ਸ੍ਰੀਨਗਰ ਏਅਰਫੀਲਡ 'ਤੇ ਹਮਲਾ ਕੀਤਾ। ਇਸ ਦੌਰਾਨ ਨਿਰਮਲਜੀਤ ਸੇਖੋਂ ਪੂਰੀ ਤਰ੍ਹਾਂ ਤਿਆਰ ਸਨ। ਉਨ੍ਹਾਂ ਨੇ ਫੌਰਨ ਜੀਨੈੱਟ ਲੜਾਕੂ ਹਵਾਈ ਜਹਾਜ਼ ਵਿੱਚ ਉਡਾਣ ਭਰੀ। ਅਕਾਸ਼ ਵਿੱਚ ਚਲ ਰਹੀ ਜਹਾਜ਼ਾਂ ਦੀ ਲੜਾਈ ਦੌਰਾਨ ਨਿਰਮਲਜੀਤ ਸੇਖੋਂ ਨੇ ਇੱਕ ਪਾਕਿਸਤਾਨੀ ਜਹਾਜ਼ ਨੂੰ ਫੁੰਡਿਆ ਅਤੇ ਇੱਕ ਜਹਾਜ਼ ਨੂੰ ਨੁਕਸਾਨ ਪਹੁੰਚਾਇਆ। ਇਸੇ ਲੜਾਈ ਦੌਰਾਨ ਨਿਰਮਲਜੀਤ ਸਿੰਘ ਸੇਖੋਂ ਦੇ ਜਹਾਜ਼ ਪਾਕਿਸਾਤਨੀ ਜਹਾਜ਼ ਦੀ ਗਨਫਾਇਰ ਦੀ ਹੱਦ ਵਿੱਚ ਆ ਗਿਆ। ਉਨ੍ਹਾਂ ਵੱਲੋਂ ਹਵਾਈ ਜਹਾਜ਼ ਤੋਂ ਨਿਕਲਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਉਹ ਨਾ ਨਿਕਲ ਸਕੇ। ਇਸ ਬਹਾਦਰੀ ਅਤੇ ਸ਼ਾਨਦਾਰ ਸੇਵਾਵਾਂ ਬਦਲੇ ਨਿਰਮਲਜੀਤ ਸਿੰਘ ਸ਼ੇਖੋਂ ਨੂੰ ਪਰਮਵੀਰ ਚੱਕਰ ਨਾਲ ਨਿਵਾਜਿਆ ਗਿਆ।

**ਨਾਇਬ ਸੂਬੇਦਾਰ ਬਾਨਾ ਸਿੰਘ**

ਪੰਜਾਬੀ ਮੂਲ ਦੇ ਨਾਇਬ ਸੂਬੇਦਾਰ ਬਾਨਾ ਸਿੰਘ ਦਾ ਜਨਮ 6 ਜਨਵਰੀ 1949 ਨੂੰ ਜੰਮੂ ਦੇ ਕਦਿਆਲ ਵਿੱਚ ਹੋਇਆ। ਬਾਨਾ ਸਿੰਘ ਜੰਮੂ-ਕਸ਼ਮੀਰ ਲਾਈਟ ਇਨਫੈਂਟਰੀ ਵਿੱਚ ਤਾਇਨਾਤ ਸਨ। ਜੂਨ 1987 ਵਿੱਚ ਬਾਨਾ ਸਿੰਘ ਦੀ



ਤਾਇਨਾਤੀ ਸਿਆਚਿਨ ਵਿੱਚ ਸੀ। ਉਸੇ ਸਮੇਂ ਪਾਕਿਸਤਾਨ ਵੱਲੋਂ ਘੁਸਪੈਠ ਹੋਣ ਦੀ ਜਾਣਕਾਰੀ ਮਿਲੀ। ਬਰਫ ਦੀ ਚਿੱਟੀ ਚਾਦਰ ਨਾਲ ਢਕੇ ਸਿਆਚੀਨ ਵਿੱਚ ਬਾਨਾ ਸਿੰਘ ਨੇ ਘੁਸਪੈਠੀਆਂ ਨੂੰ ਖਦੇੜਨ ਦੀ ਮੁਹਿੰਮ ਸ਼ੁਰੂ ਕੀਤੀ। ਘੁਸਪੈਠੀਆਂ ਦਾ ਟਿਕਾਣਾ ਸਮੁੰਦਰ ਤੱਟ ਤੋਂ 6500 ਮੀਟਰ ਦੀ ਉਚਾਈ 'ਤੇ ਸੀ। ਬਾਨਾ ਸਿੰਘ ਦੀ ਅਗਵਾਈ ਵਿੱਚ ਗਹਿਗੱਚ ਲੜਾਈ ਹੋਈ। ਮੁਸ਼ਕਿਲਾਂ ਭਰੇ ਹਾਲਾਤ ਵਿੱਚ ਨਾਇਬ ਸੂਬੇਦਾਰ ਬਾਨਾ ਸਿੰਘ ਦੀ ਅਗਵਾਈ ਵਿੱਚ ਭਾਰਤੀ ਫੌਜ ਨੇ ਮਿਸ਼ਨ ਵਿੱਚ ਸਫ਼ਲ ਹੋਈ। ਬਾਨਾ ਸਿੰਘ ਦੀ ਸੂਰਬੀਰਤਾ ਬਦਲੇ ਉਨ੍ਹਾਂ ਨੂੰ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

# ਪ੍ਰੋ ਸ਼ਮਸ਼ਾਦ ਅਲੀ ਫੈਨਜ਼/ਸ਼ਾਗਿਰਦ ਕਲੱਬ ਪੰਜਾਬ ਵੱਲੋਂ ਸੰਜੀਦਾ ਗਾਇਕੀ ਦੀ ਲਾਮਿਸਾਲ ਪੇਸ਼ਕਾਰੀ ਕਰਵਾਈ

**ਰਿਪੋਰਟ- ਸੰਤੋਖ ਸਿੰਘ ਜੱਸੀ**

ਪ੍ਰੋ ਸ਼ਮਸ਼ਾਦ ਅਲੀ ਫੈਨਜ਼/ਸ਼ਾਗਿਰਦ ਕਲੱਬ, ਪੰਜਾਬ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਦੇ ਸਹਿਯੋਗ ਨਾਲ ਕਾਲਜ ਦੇ ਵਿਹੜੇ ਵਿੱਚ ਕਾਲਜ ਦੇ ਸੰਗੀਤ ਵਿਭਾਗ ਦੇ ਮੁੱਖੀ ਪ੍ਰੋ ਸ਼ਮਸ਼ਾਦ ਅਲੀ ਦੁਆਰਾ ਲਿਖੀ ਨਵੀਂ ਕਿਤਾਬ 'ਸੰਗੀਤ ਚੇਤਨਾ' ਤੇ ਗੋਸ਼ਟੀ ਅਤੇ ਪ੍ਰੋ ਸਾਹਿਬ ਦੀ ਸੰਜੀਦਾ ਗਾਇਕੀ ਦੀ ਮਹਿਫਿਲ ਸਜਾਈ ਗਈ। ਪ੍ਰਿੰ ਡਾ ਗੁਰਜੰਟ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਤੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਕਿ ਜਿੱਥੇ ਸ਼ਮਸ਼ਾਦ ਜੀ ਦੀ ਗਾਇਕੀ ਕਮਾਲ ਹੈ ਉੱਥੇ ਉਹਨਾਂ ਦੀ ਦੀ ਪੁਸਤਕ ਵੀ ਸਮੇਂ ਦੀ ਲੋੜ ਸੀ।

ਪੁਸਤਕ ਤੇ ਪਰਚਾ ਪੜ੍ਹਦਿਆਂ ਡਾ ਰਾਏ ਬਹਾਦਰ ਸਿੰਘ ਨੇ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਸੰਗੀਤ ਦੀ ਦਸ਼ਾ ਵਿੱਚ ਸੁਧਾਰ ਹੋਵੇ ਤਾਂ ਇਹ ਪੁਸਤਕ ਜ਼ਰੂਰ ਪੜਨੀ ਚਾਹੀਦੀ ਹੈ ਇਸ ਸਮਾਗਮ ਦੀ ਪ੍ਰਧਾਨਗੀ ਪਦਮ ਸ਼੍ਰੀ ਡਾ ਸੁਰਜੀਤ ਪਾਤਰ ਜੀ ਨੇ ਕੀਤੀ ਅਤੇ ਮੁੱਖ ਮਹਿਮਾਨ ਕੁਲਜੀਤ ਸਰਹਾਲ ਹਲਕਾ ਇਨਚਾਰਜ ਬੰਗਾ ਸਨ। ਮਹਿਫਿਲ ਦੇ ਪਹਿਲੇ ਘੰਟੇ ਹੀ ਸਾਰਾ ਹਾਲ ਦਰਸ਼ਕਾਂ ਨਾਲ ਭਰ ਗਿਆ ਅਤੇ ਹਾਲ ਤੋਂ ਬਾਹਰ ਖੜੇ ਹੋਕੇ ਵੀ ਲੋਕਾਂ ਨੇ ਮਹਿਫਿਲ ਦਾ ਆਨੰਦ ਮਾਣਿਆਂ, ਪ੍ਰੋ ਸ਼ਮਸ਼ਾਦ ਅਲੀ ਨੇ ਆਪਣ ੀ ਗਾਇਕੀ ਨਾਲ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਉਹਨਾਂ ਪਾਤਰ ਸਾਹਿਬ ਦੀਆਂ ਗ਼ਜ਼ਲਾਂ ਤੋਂ ਬਾਅਦ ਹਰਚਰਨ ਮਾਂਗਟ, ਸ਼ੌਕਤ ਢੰਡਵਾੜਵੀ ਅਤੇ ਡਾ ਜਗਤਾਰ ਹੋਰਾਂ ਦੀਆਂ ਗ਼ਜ਼ਲਾਂ ਗਾਕੇ ਖ਼ੂਬ ਰੰਗ ਬੰਨ੍ਹਿਆ। ਕੁਲਜੀਤ ਸਰਹਾਲ ਜੀ ਨੇ ਕਿਹਾ ਕਿ ਇਸ ਤਰਾਂ ਦੇ ਸਮਾਗਮ ਜ਼ਰੂਰ ਹੁੰਦੇ ਰਹਿਣੇ ਚਾਹੀਦੇ ਹਨ। ਪ੍ਰਿੰ ਸਰਵਣ ਸਿੰਘ ਜੀ ਨੇ



ਕਿਹਾ ਕਿ ਕਿਤਾਬ ਜਿੱਥੇ ਸੰਗੀਤ ਦੀਆਂ ਬਾਰੀਕੀਆਂ ਨੂੰ ਬਿਆਨ ਕਰਦੀ ਹੈ ਉੱਥੇ ਕਿਤਾਬ ਪੜ੍ਹਨੀ ਸ਼ੁਰੂ ਕਰਦਿਆਂ ਅੰਤ ਤੱਕ ਪੜ੍ਹੀ ਤੋਂ ਬਿਨਾ ਰਹਿ ਹੀ ਨਹੀਂ ਹੁੰਦਾ। ਪ੍ਰਧਾਨਗੀ ਭਾਸ਼ਣ ਵਿੱਚ ਬੋਲ-ਦਿਆਂ ਡਾ ਸੁਰਜੀਤ ਪਾਤਰ ਸਾਹਿਬ ਨੇ ਕਿਹਾ ਕਿ ਕਿਤਾਬ ਦਾ ਇਕ ਇਕ ਅੱਖਰ ਬਹੁਤ ਮਾਇਨੇ ਰੱਖਦਾ ਹੈ ਪਾਤਰ ਸਾਹਿਬ ਨੇ ਅੱਗੇ ਕਿਹਾ ਕਿ ਕਲੱਬ ਦੇ ਮੈਂਬਰਾਂ ਅਤੇ ਸ਼ਾਗਿਰਦਾਂ ਨੇ ਇਹ ਪ੍ਰੋਗਰਾਮ ਕਰਾ ਕੇ ਸਿੱਧ ਕਰ ਦਿੱਤਾ ਹੈ ਕਿ ਉਹ ਆਪਣੇ ਗੁਰੂ ਨੂੰ ਅਤੇ ਉਹਨਾਂ ਦੀ ਗਾਇਕੀ ਨੂੰ ਕਿੰਨਾ ਪਿਆਰ ਅਤੇ ਸਤਿਕਾਰ ਕਰਦੇ ਹਨ। ਇਸ ਕਾਲਜ ਦੀ ਬਾਨੀ ਸਰਦਾਰ ਗੁਰਚਰਨ ਸਿੰਘ ਸ਼ੇਰਗਿੱਲ ਸਾਹਿਬ ਤੋਂ ਬਾਅਦ ਵਿਸ਼ੇਸ਼ ਮਹਿਮਾਨਾਂ ਵਿੱਚ ਪ੍ਰੋ ਸ਼ਮਾਸ਼ਾਦ ਅਲੀ ਖਾਨ ਦੀ ਸ਼ਰੀਕੇ ਹਿਆਤ ਮੈਡਮ ਦਰਸ਼ਣਾ ਕੌਰ, ਅਸ਼ੋਕ ਮਹਿਰਾ, ਹਰਬੰਸ ਹੀਓ , ਇਕਬਾਲ ਕਾਹਮਾ, ਦੀਪ ਕਲੇਰ , ਅਮਨਦੀਪ ਸਿੱਧੂ (ਹਰਮਨ ਰੇਡੀਓ ਅਸਟਰੇਲੀਆ) ਅਤੇ ਪ੍ਰੋ ਜਗਵਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਸ ਦੌਰਾਨ ਕਲੱਬ ਦੇ ਨਾਲ ਨਾਲ ਵੱਖੋ- ਵੱਖ ਸੰਸਥਾਵਾਂ ਨੇ ਪ੍ਰੋ ਸ਼ਮਸ਼ਾਦ ਅਲੀ ਦਾ ਸਨਮਾਨ ਕੀਤਾ ਜ਼ਿਹਨਾਂ ਵਿੱਚ ਹਰਮਨ ਰੇਡੀਓ ਅਸਟਰੇਲੀਆ ਵੱਲੋਂ ਮਾਣ ਪੰਜਾਬ ਦਾ ਸਨਮਾਨ, ਧੀਰਜ ਨਿਊਯਾਰਕ ਅਤੇ ਉਸਤਾਦ ਸ਼ਾਇਰ ਡਾ ਜਗਤਾਰ ਜੀ ਦੇ ਬੇਟੀ ਵੱਲੋਂ ਉਸਤਾਦ ਸ਼ਾਇਰ ਡਾ ਜਗਤਾਰ ਯਾਦਗਾਰੀ ਅਵਾਰਡ, ਕਰਾਈਮ ਇਨਵੈਸਟੀਗੇਸ਼ਨ ਟੀਮ ਨਵਾਂ ਸ਼ਹਿਰ ਵੱਲੋਂ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਪ੍ਰੋਗਰਾਮ ਦਾ ਸੰਚਾਲਨ ਲੋਕ ਗਾਇਕ ਧਰਮਿੰਦਰ ਮਸਾਣੀ ਨੇ ਬਹੁਤ ਦਿਲਕਸ਼ ਅੰਦਾਜ਼ ਵਿੱਚ ਕੀਤਾ, ਅਖੀਰ ਵਿੱਚ ਕਲੱਬ ਦੇ ਸੀਨੀਅਰ ਮੈਂਬਰ ਅਸ਼ੋਕ ਬੰਗਾ ਨੇ ਸਾਰਿਆਂ ਦਾ ਧੰਨਵਾਦ ਕੀਤਾ।


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

### ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust